Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ.ਐੱਸ.ਏ.

Chief Editor: Gurjatinder Singh Randhawa

Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।


RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 918, 06th to 12th Aug., 2026, Ph: 916-320-9444, E-mail: punjabmailusa@yahoo.com, Web: punjabmailusa.com

## ICE ਵੱਲੋਂ ਜੁਲਾਈ 'ਚ ਰਿਕਾਰਡ 51 ਹਜ਼ਾਰ ਗ੍ਰਿਫ਼ਤਾਰੀਆਂ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਚੱਲ ਰਹੀ ਸਖ਼ਤ ਮੁਹਿੰਮ ਤਹਿਤ ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ICE (ਆਈਸ) ਨੇ ਜੁਲਾਈ 2026 ਦੌਰਾਨ ਲਗਭਗ 51 ਹਜ਼ਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਸੰਘੀ ਸੂਤਰਾਂ ਮੁਤਾਬਕ ਇਹ ਆਈਸ ਦੇ ਇਤਿਹਾਸ ਵਿਚ ਕਿਸੇ ਇੱਕ ਮਹੀਨੇ ਦੌਰਾਨ ਹੋਈਆਂ ਸਭ ਤੋਂ ਵੱਧ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਹਨ। ਜੁਲਾਈ ਵਿਚ ਔਸਤਨ ਲਗਭਗ 1,645 ਗ੍ਰਿਫ਼ਤਾਰੀਆਂ ਹਰ ਰੋਜ਼ ਕੀਤੀਆਂ ਗਈਆਂ।



ਇਸ ਤੋਂ ਪਹਿਲਾਂ ਜੂਨ ਵਿਚ ਵੀ ਆਈਸ ਨੇ ਲਗਭਗ 43 ਹਜ਼ਾਰ ਗ੍ਰਿਫ਼ਤਾਰੀਆਂ ਕਰਕੇ ਉਸ ਸਮੇਂ ਦਾ ਰਿਕਾਰਡ ਬਣਾਇਆ ਸੀ। ਇਸ ਤਰ੍ਹਾਂ ਲਗਾਤਾਰ ਦੋ ਮਹੀਨਿਆਂ ਦੌਰਾਨ ਗ੍ਰਿਫ਼ਤਾਰੀਆਂ ਦਾ ਨਵਾਂ ਰਿਕਾਰਡ ਕਾਇਮ ਹੋਇਆ ਹੈ। ਪ੍ਰਸ਼ਾਸਨਿਕ ਸੂਤਰਾਂ ਅਨੁਸਾਰ ਹੋਮਲੈਂਡ ਸਕਿਓਰਿਟੀ ਵਿਭਾਗ ਦੀ ਬੰਦਿਸ਼ ਖ਼ਤਮ ਹੋਣ, ਹਜ਼ਾਰਾਂ ਨਵੇਂ ਆਈਸ ਅਧਿਕਾਰੀਆਂ ਦੀ ਤਾਇਨਾਤੀ ਅਤੇ ਕਾਂਗਰਸ ਵੱਲੋਂ ਦਿੱਤੀ ਗਈ ਵਾਧੂ ਫੰਡਿੰਗ ਕਾਰਨ ਕਾਰਵਾਈਆਂ 'ਚ ਤੇਜ਼ੀ ਆਈ ਹੈ।

ਹੋਮਲੈਂਡ ਸਕਿਓਰਿਟੀ ਵਿਭਾਗ ਦਾ ਕਹਿਣਾ ਹੈ ਕਿ ਆਈਸ ਵੱਲੋਂ ਗੈਂਗ ਮੈਂਬਰਾਂ ਅਤੇ ਗੰਭੀਰ ਅਪਰਾਧਾਂ ਨਾਲ ਜੁੜੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗ੍ਰਿਫ਼ਤਾਰੀ ਅਤੇ ਦੇਸ਼ ਨਿਕਾਲੇ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਟਰੰਪ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਦੇਸ਼ ਵਿਚ ਕਾਨੂੰਨੀ ਦਰਜਾ ਨਾ ਰੱਖਣ ਵਾਲਾ ਕੋਈ ਵੀ ਵਿਅਕਤੀ ਗ੍ਰਿਫ਼ਤਾਰੀ ਅਤੇ ਦੇਸ਼ ਨਿਕਾਲੇ ਦੀ ਕਾਰਵਾਈ ਦੇ ਘੇਰੇ ਵਿਚ ਆ ਸਕਦਾ ਹੈ।

ਹਾਲਾਂਕਿ ਵੱਖ-ਵੱਖ ਰਿਪੋਰਟਾਂ ਵਿਚ ਜੁਲਾਈ ਦੀ ਗਿਣਤੀ ਕੁਝ ਵੱਖਰੀ ਦੱਸੀ ਗਈ ਹੈ। ਸੰਘੀ ਸੂਤਰਾਂ ਨੇ ਲਗਭਗ 51 ਹਜ਼ਾਰ ਗ੍ਰਿਫ਼ਤਾਰੀਆਂ ਦੱਸੀਆਂ ਹਨ, ਜਦਕਿ ਮੁੱਢਲੇ ਸਰਕਾਰੀ ਅੰਕੜਿਆਂ 'ਤੇ ਆਧਾਰਿਤ ਇੱਕ ਹੋਰ ਰਿਪੋਰਟ ਵਿਚ 46 ਹਜ਼ਾਰ ਤੋਂ ਵੱਧ ਲੋਕਾਂ ਦੇ ਆਈਸ ਹਿਰਾਸਤ ਵਿਚ ਦਾਖ਼ਲ ਹੋਣ ਦੀ ਗੱਲ ਕਹੀ ਗਈ ਹੈ। ਇਹ ਅੰਤਰ ਗ੍ਰਿਫ਼ਤਾਰੀ ਅਤੇ ਹਿਰਾਸਤ ਵਿਚ ਦਰਜ ਕੀਤੇ ਜਾਣ ਦੀ ਵੱਖਰੀ ਗਿਣਤੀ-ਪ੍ਰਣਾਲੀ ਕਾਰਨ ਹੋ ਸਕਦਾ ਹੈ।

## ਵਿਦਿਆਰਥੀ ਵੀਜ਼ਾ ਸਮੇਤ ਹੋਰਨਾਂ ਵੀਜ਼ਿਆਂ ਉੱਤੇ ਨਵੇਂ ਨਿਯਮ ਲਾਗੂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ 'ਐੱਫ, ਜੇ ਅਤੇ ਆਈ' ਸ਼੍ਰੇਣੀਆਂ ਅਧੀਨ ਅਮਰੀਕਾ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ, ਐਕਸਚੇਂਜ ਵਿਜ਼ਟਰਾਂ ਅਤੇ ਵਿਦੇਸ਼ੀ ਮੀਡੀਆ ਪ੍ਰਤੀਨਿਧੀਆਂ ਲਈ ਦਹਾਕਿਆਂ ਤੋਂ ਚੱਲ ਰਹੀ "ਡਿਊਰੇਸ਼ਨ ਆਫ਼ ਸਟੇਟਸ" ਪ੍ਰਣਾਲੀ ਨੂੰ ਖ਼ਤਮ ਕਰਕੇ ਉਨ੍ਹਾਂ ਦੇ ਅਮਰੀਕਾ ਵਿਚ ਕਾਨੂੰਨੀ ਠਹਿਰਾਅ ਲਈ ਇੱਕ ਨਿਸ਼ਚਿਤ ਆਖ਼ਰੀ ਤਾਰੀਖ਼ ਤੈਅ ਕਰਨ ਵਾਲਾ ਅੰਤਿਮ ਨਿਯਮ ਜਾਰੀ ਕਰ ਦਿੱਤਾ ਹੈ। ਇਹ ਨਿਯਮ 17 ਜੁਲਾਈ 2026 ਨੂੰ ਫੈਡਰਲ ਰਜਿਸਟਰ 'ਚ ਪ੍ਰਕਾਸ਼ਿਤ ਹੋਇਆ ਅਤੇ ਇਸ ਦੀ ਨਿਰਧਾਰਤ ਲਾਗੂ ਹੋਣ ਦੀ ਤਾਰੀਖ਼ 15 ਸਤੰਬਰ 2026 ਹੈ। ਹਾਲਾਂਕਿ ਇਸ ਨੂੰ ਇੱਕ ਵੱਡਾ ਨਿਯਮ ਮੰਨਦਿਆਂ ਕਾਂਗਰਸੀ ਸਮੀਖਿਆ ਦੇ ਅਧੀਨ ਰੱਖਿਆ




ਗਿਆ ਹੈ ਅਤੇ ਜੇ ਸਮੀਖਿਆ ਤੋਂ ਬਾਅਦ ਲਾਗੂ ਹੋਣ ਦੀ ਤਾਰੀਖ਼ ਬਦਲਦੀ ਜਾਂ ਨਿਯਮ ਰੱਦ ਹੁੰਦਾ ਹੈ, ਤਾਂ ਡੀ.ਐੱਚ.ਐੱਸ. ਵੱਲੋਂ ਫੈਡਰਲ ਰਜਿਸਟਰ ਵਿਚ ਵੱਖਰਾ ਨੋਟਿਸ ਜਾਰੀ ਕੀਤਾ ਜਾਵੇਗਾ।

ਹੁਣ ਤੱਕ ਐੱਫ਼-1 ਵਿਦਿਆਰਥੀਆਂ, ਜੇ-1 ਐਕਸਚੇਂਜ ਵਿਜ਼ਟਰਾਂ ਅਤੇ ਆਈ ਵੀਜ਼ਾ ਧਾਰਕਾਂ ਦੇ ਆਈ-94 ਰਿਕਾਰਡ ਉੱਤੇ ਆਮ ਤੌਰ 'ਤੇ "ਡੀ/ਐੱਸ" ਲਿਖਿਆ ਹੁੰਦਾ ਸੀ, ਜਿਸਦਾ ਅਰਥ ਸੀ ਕਿ ਉਹ ਵਿਅਕਤੀ ਆਪਣੇ ਪੜ੍ਹਾਈ, ਟ੍ਰੇਨਿੰਗ, ਐਕਸਚੇਂਜ ਜਾਂ ਪੱਤਰਕਾਰੀ ਪ੍ਰੋਗਰਾਮ ਦੀਆਂ ਸ਼ਰਤਾਂ ਦੀ ਪਾਲਣਾ ਕਰਦਾ ਰਹੇ, ਤਾਂ ਉਸਦੀ ਰਿਹਾਇਸ਼ ਦੀ ਕੋਈ ਵੱਖਰੀ ਪੱਕੀ ਸਮਾਪਤੀ ਤਾਰੀਖ਼ ਨਹੀਂ ਹੁੰਦੀ ਸੀ। ਨਵੇਂ ਨਿਯਮ ਤਹਿਤ ਉਨ੍ਹਾਂ ਦੇ ਆਈ-94 ਉੱਤੇ ਇੱਕ ਸਪੱਸ਼ਟ "ਐਡਮਿਟ ਅੰਟਿਲ ਡੇਟ" ਦਰਜ ਕੀਤੀ ਜਾਵੇਗੀ ਅਤੇ ਉਸ ਤਾਰੀਖ਼ ਤੋਂ ਅੱਗੇ ਰਹਿਣ ਲਈ ਉਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਕੋਲ ਮਿਆਦ ਵਧਾਉਣ ਦੀ ਅਰਜ਼ੀ ਦਾਇਰ ਕਰਨੀ ਪਵੇਗੀ ਜਾਂ ਅਮਰੀਕਾ ਤੋਂ ਬਾਹਰ ਜਾ ਕੇ ਦੁਬਾਰਾ ਦਾਖ਼ਲਾ ਲੈਣਾ ਪਵੇਗਾ। ਡੀ.ਐੱਚ.ਐੱਸ. ਦਾ ਕਹਿਣਾ ਹੈ ਕਿ ਇਸ ਤਬਦੀਲੀ ਨਾਲ ਸਰਕਾਰ ਨੂੰ ਇਹ ਜਾਂਚਣ ਦਾ ਮੌਕਾ ਮਿਲੇਗਾ ਕਿ ਵੀਜ਼ਾ ਧਾਰਕ ਆਪਣਾ ਕਾਨੂੰਨੀ ਦਰਜਾ ਅਤੇ ਪ੍ਰੋਗਰਾਮ ਦੀਆਂ ਸ਼ਰਤਾਂ ਕਾਇਮ ਰੱਖ ਰਹੇ ਹਨ ਜਾਂ ਨਹੀਂ।

■ ਬਾਕੀ ਖਬਰ ਸਫਾ 26 'ਤੇ

## ਗੁਰਜਤਿੰਦਰ ਸਿੰਘ ਰੰਧਾਵਾ ਇੰਟਰਫੇਥ ਕੌਂਸਲ ਦੇ ਪੰਜਵੀਂ ਵਾਰ ਡਾਇਰੈਕਟਰ ਚੁਣੇ ਗਏ

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਸੈਕਰਾਮੈਂਟੋ ਖੇਤਰ 'ਚ ਧਾਰਮਿਕ ਸਦਭਾਵਨਾ, ਆਪਸੀ ਭਾਈਚਾਰੇ ਅਤੇ ਵੱਖ-ਵੱਖ ਧਰਮਾਂ ਵਿਚਕਾਰ ਸੰਵਾਦ ਨੂੰ ਉਤਸ਼ਾਹਿਤ ਕਰਨ ਵਾਲੀ ਪ੍ਰਸਿੱਧ ਸੰਸਥਾ ਇੰਟਰਫੇਥ ਕੌਂਸਲ ਆਫ਼ ਗ੍ਰੇਟਰ ਸੈਕਰਾਮੈਂਟੋ ਲਈ ਇੱਕ ਵਾਰ ਫਿਰ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਪੰਜਾਬ ਮੇਲ ਯੂ.ਐੱਸ.ਏ. ਦੇ ਮੁੱਖ ਸੰਪਾਦਕ, ਸਮਾਜ ਸੇਵੀ ਅਤੇ ਕਮਿਊਨਿਟੀ ਆਗੂ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਲਗਾਤਾਰ ਪੰਜਵੀਂ ਵਾਰ ਡਾਇਰੈਕਟਰ ਵਜੋਂ ਚੁਣਿਆ ਗਿਆ ਹੈ। ਇਹ ਚੋਣ ਨਾ ਸਿਰਫ਼ ਉਨ੍ਹਾਂ ਦੀ ਸਮਾਜਿਕ ਸੇਵਾ ਅਤੇ ਭਾਈਚਾਰਕ ਯੋਗਦਾਨ ਦੀ ਮਾਨਤਾ ਹੈ, ਸਗੋਂ ਸਮੁੱਚੀ ਸਿੱਖ ਕਮਿਊਨਿਟੀ ਲਈ ਵੀ ਮਾਣ ਦੀ ਗੱਲ ਹੈ।





ਇੰਟਰਫੇਥ ਕੌਂਸਲ ਆਫ਼ ਗ੍ਰੇਟਰ ਸੈਕਰਾਮੈਂਟੋ ਦੀ ਚੋਣ ਦੌਰਾਨ ਲਈ ਗਈ ਇਕ ਯਾਦਗਾਰੀ ਤਸਵੀਰ।

ਇੰਟਰਫੇਥ ਕੌਂਸਲ ਆਫ਼ ਗ੍ਰੇਟਰ ਸੈਕਰਾਮੈਂਟੋ ਉੱਤਰੀ ਕੈਲੀਫੋਰਨੀਆ ਦੀਆਂ ਸਭ ਤੋਂ ਪੁਰਾਣੀਆਂ ਅਤੇ ਮਾਣਯੋਗ ਧਾਰਮਿਕ ਸੰਸਥਾਵਾਂ ਵਿਚੋਂ ਇੱਕ ਹੈ। ਇੱਕ ਸਦੀ ਤੋਂ ਵੀ ਵੱਧ, ਲਗਭਗ 116 ਸਾਲਾਂ ਤੋਂ, ਇਹ ਸੰਸਥਾ ਵੱਖ-ਵੱਖ ਧਰਮਾਂ, ਸੱਭਿਆਚਾਰਾਂ ਅਤੇ ਕੌਮਾਂ ਵਿਚਕਾਰ ਆਪਸੀ ਸਤਿਕਾਰ, ਸ਼ਾਂਤੀ, ਸਹਿਯੋਗ ਅਤੇ ਮਨੁੱਖਤਾ ਦੇ ਸਾਂਝੇ ਮੁੱਲਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।

ਗੁਰਜਤਿੰਦਰ ਸਿੰਘ ਰੰਧਾਵਾ ਇਸ ਕੌਂਸਲ ਵਿਚ ਸਿੱਖ ਕਮਿਊਨਿਟੀ ਵੱਲੋਂ ਇਕੱਲੇ ਨੁਮਾਇੰਦੇ ਵਜੋਂ ਸੇਵਾ ਨਿਭਾ ਰਹੇ ਹਨ। ਉਨ੍ਹਾਂ ਆਪਣੀ ਮੁੜ ਚੋਣ 'ਤੇ ਕੌਂਸਲ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਨਮਾਨ ਸਿਰਫ਼ ਉਨ੍ਹਾਂ ਦਾ ਨਹੀਂ, ਸਗੋਂ ਸਮੁੱਚੀ ਸਿੱਖ ਕਮਿਊਨਿਟੀ ਦਾ ਹੈ। ਉਨ੍ਹਾਂ ਕਿਹਾ ਕਿ ਉਹ ਅੱਗੇ ਵੀ ਵੱਖ-ਵੱਖ ਧਰਮਾਂ ਅਤੇ ਭਾਈਚਾਰਿਆਂ ਵਿਚਕਾਰ ਆਪਸੀ ਸਤਿਕਾਰ, ਏਕਤਾ ਅਤੇ ਸਾਂਝੀ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਦੇ ਰਹਿਣਗੇ।

## 25 ਸਿਟੀਜ਼ਨਸ਼ਿਪ ਪ੍ਰਾਪਤ ਲੋਕਾਂ ਦੀ ਨਾਗਰਿਕਤਾ ਰੱਦ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਜਸਟਿਸ ਡਿਪਾਰਟਮੈਂਟ (ਡੀ.ਓ.ਜੇ.) ਨੇ ਨੈਚਰੁਲਾਈਜ਼ਡ ਅਮਰੀਕੀ ਨਾਗਰਿਕਾਂ ਖ਼ਿਲਾਫ਼ ਆਪਣੀ ਸਭ ਤੋਂ ਸਖ਼ਤ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਇੱਕੋ ਦਿਨ ਵਿਚ 25 ਵਿਅਕਤੀਆਂ ਖ਼ਿਲਾਫ਼ ਡੀਨੈਚੁਰਲਾਈਜ਼ੇਸ਼ਨ ਦੇ ਕੇਸ ਵੱਖ-ਵੱਖ ਫੈਡਰਲ ਅਦਾਲਤਾਂ ਵਿਚ ਦਾਇਰ ਕੀਤੇ ਹਨ। ਇਹ ਸਾਰੇ ਉਹ ਲੋਕ ਹਨ, ਜਿਨ੍ਹਾਂ ਨੇ ਜਨਮ ਤੋਂ ਨਹੀਂ, ਸਗੋਂ ਇਮੀਗ੍ਰੇਸ਼ਨ ਪ੍ਰਕਿਰਿਆ ਪੂਰੀ ਕਰਕੇ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ ਸੀ। ਜਸਟਿਸ ਡਿਪਾਰਟਮੈਂਟ ਦਾ ਦਾਅਵਾ ਹੈ ਕਿ ਇਨ੍ਹਾਂ ਵਿਚੋਂ ਕਈਆਂ ਨੇ ਨਾਗਰਿਕਤਾ ਲੈਂਦੇ ਸਮੇਂ ਮਹੱਤਵਪੂਰਨ ਤੱਥ ਲੁਕਾਏ ਜਾਂ




ਗਲਤ ਜਾਣਕਾਰੀ ਦਿੱਤੀ ਅਤੇ ਬਾਅਦ ਵਿਚ ਜਾਂ ਪਹਿਲਾਂ ਕੀਤੇ ਗੰਭੀਰ ਅਪਰਾਧਾਂ ਬਾਰੇ ਸੱਚ ਨਹੀਂ ਦੱਸਿਆ।

ਜਿਨ੍ਹਾਂ ਲੋਕਾਂ ਖ਼ਿਲਾਫ਼ ਕੇਸ ਦਾਇਰ ਕੀਤੇ ਗਏ ਹਨ, ਉਨ੍ਹਾਂ 'ਤੇ ਪਹਿਲੇ ਦਰਜੇ ਦੇ ਕਤਲ ਦੀ ਕੋਸ਼ਿਸ਼, ਕਤਲ ਦੀ ਨੀਅਤ ਨਾਲ ਘਾਤਕ ਹਥਿਆਰ ਨਾਲ ਹਮਲਾ, ਗੰਭੀਰ ਮਾਰਕੁੱਟ, ਜੀਵਨ ਸਾਥੀ ਨਾਲ ਹਿੰਸਾ ਅਤੇ ਬੱਚਿਆਂ ਨਾਲ ਜਿਨਸੀ ਅਪਰਾਧ ਵਰਗੇ ਸੰਗੀਨ ਦੋਸ਼ ਹਨ।

■ ਬਾਕੀ ਖਬਰ ਸਫਾ 26 'ਤੇ

## ਟਰੰਪ ਦੇ ਨਵੇਂ ਟੈਰਿਫ਼ਾਂ ਖਿਲਾਫ਼ 25 ਰਾਜਾਂ ਵੱਲੋਂ ਮੁਕੱਦਮਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ 25 ਰਾਜਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ 59 ਦੇਸ਼ਾਂ ਅਤੇ ਯੂਰਪੀ ਯੂਨੀਅਨ ਤੋਂ ਆਉਣ ਵਾਲੇ ਸਮਾਨ 'ਤੇ ਲਗਾਏ ਗਏ ਨਵੇਂ ਟੈਰਿਫ਼ਾਂ ਖ਼ਿਲਾਫ਼ ਮੁਕੱਦਮਾ ਦਾਇਰ ਕਰ ਦਿੱਤਾ ਹੈ। ਰਾਜਾਂ ਦਾ ਦੋਸ਼ ਹੈ ਕਿ ਸੁਪਰੀਮ ਕੋਰਟ ਵੱਲੋਂ ਪਹਿਲਾਂ ਵਾਲੇ ਟੈਰਿਫ਼ ਰੱਦ ਕੀਤੇ ਜਾਣ ਤੋਂ ਬਾਅਦ ਪ੍ਰਸ਼ਾਸਨ ਨੇ ਨਵੇਂ ਕਾਨੂੰਨੀ ਆਧਾਰ ਹੇਠ ਉਹੀ ਟੈਕਸ ਮੁੜ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ।



ਨਵੇਂ ਟੈਰਿਫ਼ 10 ਤੋਂ 12.5 ਫ਼ੀਸਦੀ ਤੱਕ ਹਨ ਅਤੇ ਲਗਭਗ ਸਾਰੀਆਂ ਅਮਰੀਕੀ ਦਰਾਮਦਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਰਾਜਾਂ ਦਾ ਕਹਿਣਾ ਹੈ ਕਿ ਇਸ ਨਾਲ ਖਾਣ-ਪੀਣ ਦੀਆਂ ਵਸਤੂਆਂ, ਕੱਪੜੇ, ਇਲੈਕਟ੍ਰਾਨਿਕਸ, ਮਸ਼ੀਨਰੀ ਅਤੇ ਨਿਰਮਾਣ ਸਮੱਗਰੀ ਮਹਿੰਗੀ ਹੋ ਸਕਦੀ ਹੈ। ਟਰੰਪ ਪ੍ਰਸ਼ਾਸਨ ਦਾ ਦਾਅਵਾ ਹੈ ਕਿ ਇਹ ਟੈਰਿਫ਼ ਜ਼ਬਰਦਸਤੀ ਮਜ਼ਦੂਰੀ ਨਾਲ ਬਣੇ ਸਮਾਨ ਨੂੰ ਰੋਕਣ ਅਤੇ ਅਮਰੀਕੀ ਕਾਮਿਆਂ ਦੀ ਰੱਖਿਆ ਲਈ ਕਾਨੂੰਨੀ ਤੌਰ 'ਤੇ ਲਗਾਏ ਗਏ ਹਨ। ਹੁਣ ਅਦਾਲਤ ਫ਼ੈਸਲਾ ਕਰੇਗੀ ਕਿ ਨਵੇਂ ਟੈਰਿਫ਼ ਕਾਨੂੰਨੀ ਹਨ ਜਾਂ ਨਹੀਂ। ਇਸ ਕੇਸ ਦਾ ਅੰਤਿਮ ਫ਼ੈਸਲਾ ਟਰੰਪ ਪ੍ਰਸ਼ਾਸਨ ਦੀ ਪੂਰੀ ਵਪਾਰ ਨੀਤੀ ਲਈ ਦੂਰਗਾਮੀ ਨਤੀਜੇ ਪੈਦਾ ਕਰ ਸਕਦਾ ਹੈ। ਜੇ ਅਦਾਲਤ ਰਾਜਾਂ ਦੇ ਹੱਕ ਵਿਚ ਫ਼ੈਸਲਾ ਕਰਦੀ ਹੈ, ਤਾਂ ਰਾਸ਼ਟਰਪਤੀ ਲਈ ਬਿਨਾਂ ਕਾਂਗਰਸ ਦੀ ਨਵੀਂ ਮਨਜ਼ੂਰੀ ਦੇ ਦੁਨੀਆਂ ਭਰ 'ਤੇ ਵਿਆਪਕ ਟੈਰਿਫ਼ ਲਗਾਉਣਾ ਹੋਰ ਮੁਸ਼ਕਲ ਹੋ ਸਕਦਾ ਹੈ। ਜੇ ਪ੍ਰਸ਼ਾਸਨ ਜਿੱਤਦਾ ਹੈ, ਤਾਂ ਧਾਰਾ 301 ਭਵਿੱਖ ਵਿਚ ਵੱਡੇ ਪੱਧਰ ਦੇ ਟੈਰਿਫ਼ ਅਤੇ ਵਿਦੇਸ਼ੀ ਸਰਕਾਰਾਂ 'ਤੇ ਦਬਾਅ ਬਣਾਉਣ ਲਈ ਇੱਕ ਸ਼ਕਤੀਸ਼ਾਲੀ ਸਾਧਨ ਬਣ ਸਕਦੀ ਹੈ। ਫ਼ਿਲਹਾਲ ਨਵੇਂ ਟੈਰਿਫ਼ ਲਾਗੂ ਹਨ, ਪਰ ਉਨ੍ਹਾਂ ਦਾ ਕਾਨੂੰਨੀ ਭਵਿੱਖ ਹੁਣ ਅੰਤਰਰਾਸ਼ਟਰੀ ਵਪਾਰ ਅਦਾਲਤ ਅਤੇ ਸੰਭਾਵਤ ਤੌਰ 'ਤੇ ਇੱਕ ਵਾਰ ਫਿਰ ਅਮਰੀਕੀ ਸੁਪਰੀਮ ਕੋਰਟ ਦੇ ਹੱਥ ਵਿਚ ਹੈ।

## ਮੁਲਾਜ਼ਮਾਂ ਦੇ ਬਕਾਇਆ ਡੀ.ਏ. 'ਤੇ ਮਾਨ ਸਰਕਾਰ ਨੂੰ ਹਾਈ ਕੋਰਟ ਦਾ ਵੱਡਾ ਝਟਕਾ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੂੰ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਲੰਮੇ ਸਮੇਂ ਤੋਂ ਬਕਾਇਆ ਪਏ ਮਹਿੰਗਾਈ ਭੱਤੇ ਦੇ ਮਾਮਲੇ 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਵੱਡਾ ਕਾਨੂੰਨੀ ਅਤੇ ਸਿਆਸੀ ਝਟਕਾ ਲੱਗਾ ਹੈ। ਹਾਈ ਕੋਰਟ ਨੇ ਸੂਬਾ ਸਰਕਾਰ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਸਾਰੇ ਬਕਾਇਆ ਮਹਿੰਗਾਈ ਭੱਤੇ ਅਤੇ ਮਹਿੰਗਾਈ ਰਾਹਤ ਦੀਆਂ ਕਿਸ਼ਤਾਂ 15 ਦਿਨਾਂ ਦੇ ਅੰਦਰ ਜਾਰੀ ਕਰਨ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਜਦੋਂ ਤੱਕ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਰੇ ਬਕਾਏ ਨਹੀਂ ਚੁਕਾਏ




ਜਾਂਦੇ, ਪੰਜਾਬ ਸਰਕਾਰ ਪ੍ਰਿੰਟ ਮੀਡੀਆ ਜਾਂ ਸੋਸ਼ਲ ਮੀਡੀਆ 'ਚ ਵੱਡੇ ਪੱਧਰ ਦੀਆਂ ਇਸ਼ਤਿਹਾਰੀ ਮੁਹਿੰਮਾਂ ਉੱਤੇ ਸਰਕਾਰੀ ਪੈਸਾ ਖਰਚ ਨਹੀਂ ਕਰ ਸਕੇਗੀ।

ਕਾਰਜਕਾਰੀ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਡਿਵੀਜ਼ਨ ਬੈਂਚ ਨੇ ਪੰਜਾਬ ਸਰਕਾਰ ਅਤੇ ਪਾਵਰਕਾਮ ਵੱਲੋਂ ਦਾਇਰ ਕੀਤੀਆਂ ਅਪੀਲਾਂ ਨੂੰ ਰੱਦ ਕਰਦਿਆਂ ਕਿਹਾ ਕਿ ਵਿੱਤੀ ਤੰਗੀ ਦਾ ਹਵਾਲਾ ਦੇ ਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਕਾਨੂੰਨੀ ਤੌਰ 'ਤੇ ਬਣਦੇ ਹੱਕਾਂ ਨੂੰ ਰੋਕਿਆ ਨਹੀਂ ਜਾ ਸਕਦਾ। ਅਦਾਲਤ ਨੇ ਹੁਕਮ ਦਿੱਤਾ ਕਿ ਪੰਜਾਬ ਵਿਚ ਤਾਇਨਾਤ ਆਈ.ਏ.ਐੱਸ., ਆਈ.ਪੀ.ਐੱਸ. ਅਤੇ ਆਈ.ਐੱਫ.ਐੱਸ. ਅਧਿਕਾਰੀਆਂ ਨੂੰ ਕੇਂਦਰ ਸਰਕਾਰ ਦੇ ਪੈਟਰਨ ਅਨੁਸਾਰ ਜਿਸ ਦਰ ਨਾਲ ਮਹਿੰਗਾਈ ਭੱਤਾ ਦਿੱਤਾ ਗਿਆ ਹੈ, ਉਸੇ ਪੈਟਰਨ ਅਨੁਸਾਰ ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵੀ ਬਕਾਇਆ ਰਕਮ ਦਿੱਤੀ ਜਾਵੇ।

■ ਬਾਕੀ ਖਬਰ ਸਫਾ 26 'ਤੇ

# ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਕੈਲੀਫੋਰਨੀਆ ਦੌਰੇ 'ਤੇ



ਸੈਕਰਾਮੈਂਟੋ, (ਪੰਜਾਬ ਮੇਲ/ਪੰਜਾਬ ਮੇਲ)- ਪੰਜਾਬ ਦੀਆਂ ਰਵਾਇਤੀ ਖੇਡਾਂ ਅਤੇ ਸੱਭਿਆਚਾਰ ਨੂੰ ਦੇਸ਼-ਵਿਦੇਸ਼ ਤੱਕ ਪਹੁੰਚਾਉਣ ਲਈ ਜਾਣੇ ਜਾਂਦੇ ਪ੍ਰਸਿੱਧ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਇਨ੍ਹੀਂ ਦਿਨੀਂ ਅਮਰੀਕਾ ਦੇ ਦੌਰੇ 'ਤੇ ਹਨ। ਇਸ ਦੌਰੇ ਦੌਰਾਨ ਉਹ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਪਹੁੰਚੇ, ਜਿੱਥੇ ਉਨ੍ਹਾਂ ਨੇ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਦੇ ਦਫਤਰ ਦਾ ਦੌਰਾ ਕੀਤਾ।

ਇਸ ਮੌਕੇ ਪੰਜਾਬ ਮੇਲ ਯੂ.ਐੱਸ.ਏ. ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਨੇ ਜਗਰੂਪ ਸਿੰਘ ਜਰਖੜ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਪੰਜਾਬ ਦੀਆਂ ਖੇਡਾਂ ਦੀ ਮੌਜੂਦਾ ਸਥਿਤੀ, ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੀ ਲੋੜ, ਪੰਜਾਬ ਦੇ ਸਮਾਜਿਕ ਅਤੇ ਸੱਭਿਆਚਾਰਕ ਮਾਹੌਲ ਸਮੇਤ ਕਈ ਅਹਿਮ ਵਿਸ਼ਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਦੋਵਾਂ ਨੇ ਪੰਜਾਬੀ ਵਿਰਸੇ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਹੋਰ ਉਪਰਾਲਿਆਂ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਇਸ ਮੌਕੇ ਸਿਆਟਲ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮਨਮੋਹਨ ਗਰੇਵਾਲ (ਮੋਹਣਾ ਜੋਧਾਂ) ਵੀ ਇਸ ਵਿਚਾਰ-ਚਰਚਾ ਦਾ ਹਿੱਸਾ ਬਣੇ। ਉਨ੍ਹਾਂ ਨੇ ਵੀ ਪੰਜਾਬ ਦੀਆਂ ਖੇਡਾਂ, ਸਮਾਜਿਕ ਸਰੋਕਾਰਾਂ ਅਤੇ ਪ੍ਰਵਾਸੀ ਪੰਜਾਬੀਆਂ ਦੀ ਭੂਮਿਕਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ, ਜਿਸ ਨਾਲ ਇਹ ਮੁਲਾਕਾਤ ਹੋਰ ਵੀ ਸਾਰਥਕ ਬਣ ਗਈ।

ਜ਼ਿਕਰਯੋਗ ਹੈ ਕਿ ਜਗਰੂਪ ਸਿੰਘ ਜਰਖੜ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਜਰਖੜ ਨਾਲ ਸੰਬੰਧ ਰੱਖਦੇ ਹਨ ਅਤੇ ਪਿਛਲੇ ਕਈ ਸਾਲਾਂ ਤੋਂ ਉੱਥੇ ਵੱਡੇ ਪੱਧਰ 'ਤੇ ਪੇਂਡੂ ਅਤੇ ਰਵਾਇਤੀ ਖੇਡਾਂ ਦੇ ਆਯੋਜਨ ਲਈ ਨਿਰੰਤਰ ਕੰਮ ਕਰ ਰਹੇ ਹਨ। ਉਨ੍ਹਾਂ ਦੇ ਉਪਰਾਲਿਆਂ ਨੇ ਨਾ ਸਿਰਫ਼ ਪੰਜਾਬ ਦੀਆਂ ਖੇਡਾਂ ਨੂੰ ਨਵੀਂ ਪਛਾਣ ਦਿੱਤੀ ਹੈ, ਸਗੋਂ ਹਜ਼ਾਰਾਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਖੇਡਾਂ ਦੇ ਨਾਲ-ਨਾਲ ਜਗਰੂਪ ਸਿੰਘ ਜਰਖੜ ਨੇ ਜਰਖੜ ਵਿਖੇ ਇੱਕ ਵਿਲੱਖਣ ਮਿਊਜ਼ੀਅਮ ਵੀ ਸਥਾਪਤ ਕੀਤਾ ਹੈ, ਜਿਸ ਵਿਚ ਪੰਜਾਬੀ ਸੱਭਿਆਚਾਰ, ਪੇਂਡੂ ਜੀਵਨ ਅਤੇ ਇਤਿਹਾਸ ਨਾਲ ਜੁੜੀਆਂ ਅਨੇਕਾਂ ਦੁਰਲੱਭ ਅਤੇ ਇਤਿਹਾਸਕ ਵਸਤਾਂ ਨੂੰ ਸੰਭਾਲ ਕੇ ਰੱਖਿਆ ਗਿਆ ਹੈ। ਇਹ ਮਿਊਜ਼ੀਅਮ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸੈਲਾਨੀਆਂ, ਖੋਜਕਰਤਾਵਾਂ ਅਤੇ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣ ਚੁੱਕਾ ਹੈ, ਜਿੱਥੇ ਨਵੀਂ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਅਤੇ ਇਤਿਹਾਸ ਬਾਰੇ ਕੀਮਤੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਸੈਕਰਾਮੈਂਟੋ ਵਿਖੇ ਹੋਈ ਇਹ ਮੁਲਾਕਾਤ ਪੰਜਾਬੀ ਖੇਡਾਂ, ਸੱਭਿਆਚਾਰ ਅਤੇ ਵਿਰਸੇ ਨੂੰ ਵਿਸ਼ਵ ਪੱਧਰ 'ਤੇ ਹੋਰ ਮਜ਼ਬੂਤੀ ਨਾਲ ਪ੍ਰਮੋਟ ਕਰਨ ਦੀ ਦਿਸ਼ਾ ਵਿਚ ਇੱਕ ਮਹੱਤਵਪੂਰਨ ਕਦਮ ਮੰਨੀ ਜਾ ਰਹੀ ਹੈ।

ਰੋਜ਼ਾਨਾ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਸੁਪਰੀਮ ਕੋਰਟ 'ਚ ਟਰੰਪ ਦੀ ਜਨਮ-ਅਧਿਕਾਰ ਨਾਗਰਿਕਤਾ ਅਪੀਲ ਦੀ ਮਿਆਦ ਖਤਮ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਨਮ-ਅਧਿਕਾਰ (ਬਰਥਰਾਈਟ ਸਿਟੀਜ਼ਨਸ਼ਿਪ) ਨੂੰ ਸੀਮਤ ਕਰਨ ਵਾਲੇ ਕਾਰਜਕਾਰੀ ਹੁਕਮ ਸਬੰਧੀ ਇੱਕ ਮਹੱਤਵਪੂਰਨ ਵਿਕਾਸ ਸਾਹਮਣੇ ਆਇਆ ਹੈ। ਸੁਪਰੀਮ ਕੋਰਟ ਵੱਲੋਂ ਮੁੜ ਸੁਣਵਾਈ ਦੀ ਅਰਜ਼ੀ ਦਾਇਰ ਕਰਨ ਲਈ ਦਿੱਤੀ ਗਈ 25 ਦਿਨਾਂ ਦੀ ਮਿਆਦ ਸਮਾਪਤ ਹੋ ਗਈ, ਪਰ ਅਮਰੀਕੀ ਨਿਆਂ ਵਿਭਾਗ (ਡੀ.ਓ.ਜੇ.) ਨੇ ਕੋਈ ਅਰਜ਼ੀ ਦਾਇਰ ਨਹੀਂ ਕੀਤੀ।

ਟਰੰਪ ਨੇ 9 ਜੁਲਾਈ ਨੂੰ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਕਿਹਾ ਸੀ ਕਿ ਉਹ ਸੁਪਰੀਮ ਕੋਰਟ ਤੋਂ ਤੁਰੰਤ ਮੁੜ ਸੁਣਵਾਈ ਦੀ ਮੰਗ ਕਰਨਗੇ ਅਤੇ ਅਦਾਲਤ ਦੇ ਫੈਸਲੇ ਨੂੰ "ਅਮਰੀਕਾ ਲਈ ਨੁਕਸਾਨਦਾਇਕ" ਕਰਾਰ ਦਿੱਤਾ ਸੀ। ਇਸ ਦੇ ਬਾਵਜੂਦ ਨਿਰਧਾਰਤ ਸਮੇਂ ਅੰਦਰ ਕੋਈ ਕਾਨੂੰਨੀ ਕਦਮ ਨਹੀਂ ਚੁੱਕਿਆ ਗਿਆ।

ਅਮਰੀਕੀ ਸੁਪਰੀਮ ਕੋਰਟ ਨੇ 1956 ਤੋਂ ਬਾਅਦ ਕਿਸੇ ਵੀ ਕੇਸ ਦੀ ਮੁੜ ਸੁਣਵਾਈ ਨਹੀਂ ਕੀਤੀ, ਜਿਸ ਕਾਰਨ ਇਸ ਤਰ੍ਹਾਂ ਦੀ ਅਰਜ਼ੀ ਮਨਜ਼ੂਰ ਹੋਣ ਦੀ ਸੰਭਾਵਨਾ ਪਹਿਲਾਂ ਹੀ ਬਹੁਤ ਘੱਟ ਮੰਨੀ ਜਾ ਰਹੀ ਸੀ।

**ਮੁੜ ਸੁਣਵਾਈ ਲਈ ਕੋਈ ਅਰਜ਼ੀ ਨਹੀਂ**

ਹੁਣ ਟਰੰਪ ਦੀ ਨੀਤੀ ਦੇ ਸਮਰਥਕ ਰਿਪਬਲਿਕਨ ਸੰਸਦ ਮੈਂਬਰ ਕਾਨੂੰਨੀ ਰਸਤਾ ਅਪਨਾ ਰਹੇ ਹਨ। ਵਰਜੀਨੀਆ ਤੋਂ ਕਾਂਗਰਸ ਮੈਂਬਰ ਜੌਨ ਮੈਕਗੁਆਇਰ ਨੇ ਇੱਕ ਬਿੱਲ ਪੇਸ਼ ਕੀਤਾ ਹੈ, ਜਿਸ ਰਾਹੀਂ ਇਮੀਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਦੀ ਧਾਰਾ 301(ਏ) ਵਿਚ ਸੋਧ ਕਰਕੇ ਅਮਰੀਕਾ ਵਿਚ ਜਨਮ ਲੈਣ ਵਾਲੇ ਬੱਚਿਆਂ ਨੂੰ ਆਪਣੇ ਆਪ ਨਾਗਰਿਕਤਾ ਮਿਲਣ ਦੇ ਨਿਯਮ ਵਿਚ ਤਬਦੀਲੀ ਕਰਨ ਦਾ ਪ੍ਰਸਤਾਵ ਹੈ। ਇਸ ਬਿੱਲ ਵਿਚ ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਮਾਪਿਆਂ ਦੀ ਇਮੀਗ੍ਰੇਸ਼ਨ ਸਥਿਤੀ ਦੇ ਆਧਾਰ 'ਤੇ ਬੱਚੇ ਦੀ ਨਾਗਰਿਕਤਾ ਦਾ ਫੈਸਲਾ ਕੀਤਾ ਜਾਵੇ। ਇਸੇ ਦੌਰਾਨ ਇੰਡਿਆਨਾ ਤੋਂ ਰਿਪਬਲਿਕਨ ਸੈਨੇਟਰ ਜਿਮ ਬੈਂਕਸ ਨੇ ਵੀ ਟਰੰਪ ਦੇ ਕਾਰਜਕਾਰੀ ਹੁਕਮ ਨੂੰ ਕਾਨੂੰਨੀ ਰੂਪ ਦੇਣ ਲਈ ਵੱਖਰਾ ਬਿੱਲ ਪੇਸ਼ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮੌਜੂਦਾ ਪ੍ਰਣਾਲੀ ਦਾ ਗੈਰਕਾਨੂੰਨੀ ਇਮੀਗ੍ਰੇਸ਼ਨ ਲਈ ਦੁਰਵਰਤੋਂ ਹੋ ਰਹੀ ਹੈ ਅਤੇ ਇਸ ਵਿਚ ਬਦਲਾਅ ਲਿਆਉਣਾ ਜ਼ਰੂਰੀ ਹੈ।

# ਸ਼ਰਨ ਫੀਸ ਨਾ ਭਰਨ 'ਤੇ ਅਸਾਇਲਮ ਹੋ ਸਕਦੀ ਹੈ ਖਤਮ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਬੋਰਡ ਆਫ਼ ਇਮੀਗ੍ਰੇਸ਼ਨ ਅਪੀਲਜ਼ (ਬੀ.ਆਈ.ਏ.) ਨੇ ਇੱਕ ਮਹੱਤਵਪੂਰਨ ਨਜ਼ੀਰ ਕਾਇਮ ਕਰਦੇ ਹੋਏ ਫ਼ੈਸਲਾ ਦਿੱਤਾ ਹੈ ਕਿ ਜੇ ਕੋਈ ਸ਼ਰਨ ਮੰਗਣ ਵਾਲਾ ਲਾਜ਼ਮੀ ਸਾਲਾਨਾ ਅਸਾਇਲਮ ਫੀਸ ਸਮੇਂ ਸਿਰ ਅਦਾ ਨਹੀਂ ਕਰਦਾ, ਤਾਂ ਉਸ ਦਾ ਅਸਾਇਲਮ ਦਾ ਦਾਅਵਾ ਰੱਦ ਹੋ ਸਕਦਾ ਹੈ। ਹਾਲਾਂਕਿ, ਇਸ ਕਾਰਨ ਉਸ ਦਾ ਹਟਾਉਣ ਦੀ ਕਨੂੰਨੀ ਰੋਕ ਜਾਂ ਸੰਯੁਕਤ ਰਾਸ਼ਟਰ ਦੇ ਕਨਵੈਨਸ਼ਨ ਅਗੇਂਸਟ ਟਾਰਚਰ (ਸੀ.ਏ.ਟੀ.) ਅਧੀਨ ਮਿਲਣ ਵਾਲੀ ਸੁਰੱਖਿਆ ਆਪਣੇ ਆਪ ਖ਼ਤਮ ਨਹੀਂ ਹੋਵੇਗੀ।

24 ਜੁਲਾਈ ਨੂੰ ਜਾਰੀ ਇਸ ਫ਼ੈਸਲੇ ਵਿਚ ਬੀ.ਆਈ.ਏ. ਨੇ ਸਪੱਸ਼ਟ ਕੀਤਾ ਕਿ ਕਾਂਗਰਸ ਵੱਲੋਂ ਪਾਸ ਕੀਤੇ ਵਨ ਬਿੱਗ ਬਿਊਟੀਫੁੱਲ ਬਿੱਲ ਐਕਟ ਤਹਿਤ ਅਸਾਇਲਮ ਲਈ ਸ਼ੁਰੂਆਤੀ ਅਤੇ ਸਾਲਾਨਾ ਫੀਸ ਭਰਨਾ ਲਾਜ਼ਮੀ ਹੈ। ਜੇ ਇਹ ਫੀਸ ਨਾ ਭਰੀ ਜਾਵੇ, ਤਾਂ ਅਸਾਇਲਮ ਦੀ ਅਰਜ਼ੀ ਨੂੰ ਛੱਡਿਆ ਹੋਇਆ ਮੰਨਿਆ ਜਾ ਸਕਦਾ ਹੈ।

ਇਹ ਮਾਮਲਾ ਕਿਊਬਾ ਦੀ ਇੱਕ ਮਹਿਲਾ ਨਾਲ ਸੰਬੰਧਿਤ ਸੀ, ਜਿਸ ਨੇ 2025 ਵਿਚ ਫਾਰਮ ਆਈ-589 ਦਾਇਰ ਕਰਕੇ ਅਸਾਇਲਮ ਅਤੇ ਦੇਸ਼ ਨਿਕਾਲੇ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ। ਇਮੀਗ੍ਰੇਸ਼ਨ ਜੱਜ ਨੇ ਉਸ ਨੂੰ ਸਾਲਾਨਾ ਫੀਸ ਜਮ੍ਹਾਂ ਕਰਵਾਉਣ ਦਾ ਹੁਕਮ ਦਿੱਤਾ, ਪਰ ਸਮੇਂ ਸਿਰ ਫੀਸ ਨਾ ਭਰਨ ਕਾਰਨ ਜੱਜ ਨੇ ਉਸ ਦੀ ਪੂਰੀ ਅਰਜ਼ੀ ਰੱਦ ਕਰ ਦਿੱਤੀ।

ਅਪੀਲ ਦੌਰਾਨ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਨੇ ਦਲੀਲ ਦਿੱਤੀ ਕਿ ਕਿਉਂਕਿ ਇੱਕੋ ਫਾਰਮ ਆਈ-589 ਰਾਹੀਂ ਅਸਾਇਲਮ, ਵਿਦਹੋਲਡਿੰਗ ਆਫ ਰਿਮੂਵਲ ਅਤੇ ਸੀ.ਏ.ਟੀ. ਸੁਰੱਖਿਆ ਲਈ ਅਰਜ਼ੀ ਦਿੱਤੀ ਜਾਂਦੀ ਹੈ, ਇਸ ਲਈ ਫੀਸ ਨਾ ਭਰਨ 'ਤੇ ਤਿੰਨਾਂ ਦਾਅਵਿਆਂ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।

ਪਰ ਬੀ.ਆਈ.ਏ. ਦੇ ਤਿੰਨ ਜੱਜਾਂ ਦੇ ਪੈਨਲ ਨੇ ਇਹ ਦਲੀਲ ਖ਼ਾਰਜ ਕਰ ਦਿੱਤੀ। ਬੋਰਡ ਨੇ ਕਿਹਾ ਕਿ ਕਾਂਗਰਸ ਨੇ ਕਾਨੂੰਨ ਵਿਚ ਸਿਰਫ਼ ਅਸਾਇਲਮ ਲਈ ਫੀਸ ਦੀ ਸ਼ਰਤ ਰੱਖੀ ਹੈ, ਵਿਦਹੋਲਡਿੰਗ ਆਫ ਰਿਮੂਵਲ ਅਤੇ ਸੀ.ਏ.ਟੀ. ਸੁਰੱਖਿਆ ਲਈ ਨਹੀਂ। ਇਸ ਲਈ ਕੇਵਲ ਫੀਸ ਨਾ ਭਰਨ ਦੇ ਆਧਾਰ 'ਤੇ ਇਨ੍ਹਾਂ ਦੋ ਸੁਰੱਖਿਆਵਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਬੀ.ਆਈ.ਏ. ਨੇ ਕਿਊਬਾ ਦੀ ਮਹਿਲਾ ਦੀ ਅਪੀਲ ਮਨਜ਼ੂਰ ਕਰਦੇ ਹੋਏ ਕੇਸ ਮੁੜ ਇਮੀਗ੍ਰੇਸ਼ਨ ਕੋਰਟ ਨੂੰ ਭੇਜ ਦਿੱਤਾ ਹੈ, ਤਾਂ ਜੋ ਉਸ ਦੇ ਵਿਦਹੋਲਡਿੰਗ ਆਫ ਰਿਮੂਵਲ ਅਤੇ ਸੀ.ਏ.ਟੀ. ਸੁਰੱਖਿਆ ਵਾਲੇ ਦਾਅਵਿਆਂ 'ਤੇ ਕਾਨੂੰਨ ਅਨੁਸਾਰ ਸੁਣਵਾਈ ਕੀਤੀ ਜਾ ਸਕੇ। ਇਹ ਫ਼ੈਸਲਾ ਉਨ੍ਹਾਂ ਹਜ਼ਾਰਾਂ ਸ਼ਰਨ ਮੰਗਣ ਵਾਲਿਆਂ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਜਿਨ੍ਹਾਂ ਦੀ ਅਸਾਇਲਮ ਅਰਜ਼ੀ ਲੰਬਿਤ ਹੈ। ਇਸ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਅਸਾਇਲਮ ਫੀਸ ਨਾ ਭਰਨ ਨਾਲ ਅਸਾਇਲਮ ਦਾ ਹੱਕ ਪ੍ਰਭਾਵਿਤ ਹੋ ਸਕਦਾ ਹੈ, ਪਰ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨਾਂ ਅਧੀਨ ਮਿਲਣ ਵਾਲੀ ਦੇਸ਼ ਨਿਕਾਲੇ ਤੋਂ ਸੁਰੱਖਿਆ ਆਪਣੇ ਆਪ ਖ਼ਤਮ ਨਹੀਂ ਹੁੰਦੀ।

# ਅਮਰੀਕੀ ਸੈਨੇਟ ਵੱਲੋਂ ਰੂਸ 'ਤੇ ਪਾਬੰਦੀਆਂ ਲਗਾਉਣ ਵਾਲੇ ਬਿੱਲ ਨੂੰ ਅੱਗੇ ਵਧਾਉਣ ਨੂੰ ਮਨਜ਼ੂਰੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸੈਨੇਟ ਨੇ ਰੂਸ 'ਤੇ ਪਾਬੰਦੀਆਂ ਲਗਾਉਣ ਵਾਲੇ ਬਿੱਲ ਨੂੰ ਅੱਗੇ ਵਧਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਬਿੱਲ ਭਾਰਤ ਅਤੇ ਚਾਰ ਹੋਰ ਦੇਸ਼ਾਂ 'ਤੇ 100 ਫੀਸਦੀ ਤੱਕ ਦੇ ਆਯਾਤ ਟੈਰਿਫ ਲਗਾਉਣ ਦੀ ਵਿਵਸਥਾ ਕਰਦਾ ਹੈ। ਇਹ ਵਿਆਪਕ ਪਾਬੰਦੀ ਬਿੱਲ ਮਰਹੂਮ ਸੈਨੇਟਰ ਲਿੰਡਸੇ ਗ੍ਰਾਹਮ ਦੁਆਰਾ ਲਿਖਿਆ ਗਿਆ ਸੀ। ਇਸਨੂੰ ਅੱਗੇ ਵਧਾਇਆ ਗਿਆ, ਉਸੇ ਸਮੇਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਅਮਰੀਕੀ ਕੈਪੀਟਲ ਪਹੁੰਚੇ ਸੀ।

ਇਸ ਬਿੱਲ ਦਾ ਉਦੇਸ਼ ਯੂਕਰੇਨ 'ਤੇ ਹਮਲੇ ਨੂੰ ਲੈ ਕੇ ਰੂਸ 'ਤੇ ਆਰਥਿਕ ਦਬਾਅ ਵਧਾਉਣਾ ਹੈ। ਚੀਨ ਤੋਂ ਬਾਅਦ ਭਾਰਤ ਰੂਸ ਤੋਂ ਕੱਚੇ ਤੇਲ ਦਾ ਦੂਜਾ ਸਭ ਤੋਂ ਵੱਡਾ ਖਰੀਦਦਾਰ ਹੈ। ਇਸ ਬਿੱਲ ਨੂੰ ਅੱਗੇ ਵਧਾਉਣ ਲਈ ਵੋਟਿੰਗ ਵਿਚ, 86 ਸੰਸਦ ਮੈਂਬਰਾਂ ਨੇ ਹੱਕ ਵਿਚ ਅਤੇ 12 ਨੇ ਵਿਰੋਧ ਵਿਚ ਵੋਟ ਪਾਈ। ਇਸ ਬਿੱਲ ਵਿਚ ਰੂਸੀ ਅਧਿਕਾਰੀਆਂ 'ਤੇ ਪਾਬੰਦੀਆਂ ਲਗਾਉਣ ਅਤੇ ਭਾਰਤ, ਚੀਨ, ਸਲੋਵਾਕੀਆ, ਹੰਗਰੀ ਅਤੇ ਅਜ਼ਰਬਾਈਜਾਨ 'ਤੇ ਭਾਰੀ ਟੈਰਿਫ ਲਗਾਉਣ ਦੀ ਵਿਵਸਥਾ ਹੈ। ਇਸਦਾ ਉਦੇਸ਼ ਰੂਸੀ ਊਰਜਾ 'ਤੇ ਇਨ੍ਹਾਂ ਦੇਸ਼ਾਂ ਦੀ ਨਿਰਭਰਤਾ ਨੂੰ ਘਟਾਉਣਾ ਹੈ।

**ਭਾਰਤ 'ਤੇ 100 ਫੀਸਦੀ ਟੈਰਿਫ ਲਾਉਣ ਦੀ ਤਿਆਰੀ!**

ਗ੍ਰਾਹਮ ਨੇ ਇਸ ਸਾਲ ਦੇ ਸ਼ੁਰੂ ਵਿਚ ਐਲਾਨ ਕੀਤਾ ਸੀ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜੋ ਅਪ੍ਰੈਲ 2025 ਵਿਚ ਪੇਸ਼ ਕੀਤਾ ਗਿਆ ਸੀ। ਇਹ ਫੈਸਲਾ ਅਮਰੀਕਾ ਅਤੇ ਭਾਰਤ ਵਿਚਕਾਰ ਵਪਾਰਕ ਤਣਾਅ ਦੇ ਵਿਚਕਾਰ ਆਇਆ ਹੈ। ਰੂਸ 'ਤੇ ਪਾਬੰਦੀਆਂ ਲਗਾਉਣ ਵਾਲਾ ਇਹ ਬਿੱਲ ਅਜਿਹੇ ਸਮੇਂ ਆਇਆ ਹੈ, ਜਦੋਂ ਪੱਛਮੀ ਏਸ਼ੀਆ ਵਿਚ ਜੰਗ ਕਾਰਨ ਭਾਰਤ ਦੀ ਰੂਸ 'ਤੇ ਊਰਜਾ ਨਿਰਭਰਤਾ ਵਧ ਗਈ ਹੈ। ਇਸ ਜੰਗ ਨੇ ਹੋਰਮੁਜ਼ ਸਟ੍ਰੇਟ ਰਾਹੀਂ ਸ਼ਿਪਿੰਗ ਨੂੰ ਪ੍ਰਭਾਵਿਤ ਕੀਤਾ ਹੈ। ਈਰਾਨ-ਅਮਰੀਕਾ ਯੁੱਧ ਨੇ ਖਾੜੀ ਦੇਸ਼ਾਂ ਤੋਂ ਕੱਚੇ ਤੇਲ ਦੀ ਸਪਲਾਈ ਵਿਚ ਵਿਘਨ ਪਾਇਆ ਹੈ। ਪਹਿਲਾਂ ਭਾਰਤ ਦੇ ਕੁੱਲ ਤੇਲ ਆਯਾਤ ਦਾ ਲਗਭਗ 40% ਖਾੜੀ ਦੇਸ਼ਾਂ ਤੋਂ ਆਉਂਦਾ ਸੀ। ਨਤੀਜੇ ਵਜੋਂ, ਤੇਲ ਕੰਪਨੀਆਂ ਨੂੰ ਰੂਸੀ ਕੱਚੇ ਤੇਲ ਨੂੰ ਆਪਣੇ ਮੁੱਖ ਸਰੋਤ ਵਜੋਂ ਅਪਣਾਉਣ ਲਈ ਮਜਬੂਰ ਹੋਣਾ ਪਿਆ ਸੀ।

ਸੈਨੇਟਰ ਰਿਚਰਡ ਬਲੂਮੈਂਥਲ ਨੇ ਪਹਿਲਾਂ ਕਿਹਾ ਸੀ ਕਿ ਇਹ ਬਿੱਲ ਉਨ੍ਹਾਂ ਦੇਸ਼ਾਂ ਨੂੰ ਛੋਟ ਦੇਵੇਗਾ, ਜੋ ਰੂਸ ਤੋਂ ਗੈਸ ਖਰੀਦਦੇ ਹਨ। ਹਾਲਾਂਕਿ, ਉਨ੍ਹਾਂ ਦੀਆਂ ਖਰੀਦਾਂ ਰੂਸ ਦੇ ਕੁੱਲ ਗੈਸ ਆਯਾਤ ਦੇ 15% ਤੋਂ ਘੱਟ ਹਨ। ਅਮਰੀਕਾ ਨੇ ਪਹਿਲੀ ਵਾਰ ਅਗਸਤ 2025 ਵਿਚ ਰੂਸ ਨਾਲ ਭਾਰਤ ਦੇ ਊਰਜਾ ਵਪਾਰ ਬਾਰੇ ਕਾਰਵਾਈ ਕੀਤੀ ਸੀ।

# ਟਰੰਪ ਪ੍ਰਸ਼ਾਸਨ 2027 ਤੋਂ ਮੈਡੀਕੇਅਰ ਦਵਾਈ ਯੋਜਨਾਵਾਂ ਦੀ ਅਸਥਾਈ ਸਹਾਇਤਾ ਕਰੇਗਾ ਬੰਦ

ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਨੇ ਮੈਡੀਕੇਅਰ ਪਾਰਟ ਡੀ ਅਧੀਨ ਦਵਾਈਆਂ ਦੀਆਂ ਵੱਖਰੀਆਂ ਬੀਮਾ ਯੋਜਨਾਵਾਂ ਦੇ ਪ੍ਰੀਮੀਅਮ ਕਾਬੂ 'ਚ ਰੱਖਣ ਲਈ ਚਲਾਇਆ ਜਾ ਰਿਹਾ ਅਸਥਾਈ ਸਰਕਾਰੀ ਸਹਾਇਤਾ ਪ੍ਰੋਗਰਾਮ 2026 ਦੇ ਅੰਤ ਵਿਚ ਬੰਦ ਕਰਨ ਦਾ ਐਲਾਨ ਕੀਤਾ ਹੈ। ਇਹ ਤਬਦੀਲੀ ਪਹਿਲੀ ਜਨਵਰੀ 2027 ਤੋਂ ਲਾਗੂ ਹੋਵੇਗੀ ਅਤੇ ਇਸ ਕਾਰਨ ਕੁਝ ਬਜ਼ੁਰਗ ਅਤੇ ਅਪਾਹਜ ਲਾਭਪਾਤਰੀਆਂ ਨੂੰ ਦਵਾਈ ਬੀਮੇ ਲਈ ਵੱਧ ਮਹੀਨਾਵਾਰ ਪ੍ਰੀਮੀਅਮ ਦੇਣਾ ਪੈ ਸਕਦਾ ਹੈ।

ਸੈਂਟਰਜ਼ ਫਾਰ ਮੈਡੀਕੇਅਰ ਐਂਡ ਮੈਡੀਕੇਡ ਸਰਵਿਸਿਜ਼ ਅਨੁਸਾਰ ਇਹ ਅਸਥਾਈ ਪ੍ਰੋਗਰਾਮ 2025 ਵਿਚ ਸ਼ੁਰੂ ਕੀਤਾ ਗਿਆ ਸੀ, ਤਾਂ ਜੋ ਮੈਡੀਕੇਅਰ ਪਾਰਟ ਡੀ ਦੇ ਨਵੇਂ ਨਿਯਮਾਂ ਕਾਰਨ ਵੱਖਰੀਆਂ ਦਵਾਈ ਬੀਮਾ ਯੋਜਨਾਵਾਂ ਦੇ ਪ੍ਰੀਮੀਅਮਾਂ ਵਿਚ ਅਚਾਨਕ ਵੱਡਾ ਵਾਧਾ ਨਾ ਹੋਵੇ। ਸਰਕਾਰ ਵੱਲੋਂ ਬੀਮਾ ਕੰਪਨੀਆਂ ਨੂੰ ਦਿੱਤੀ ਜਾਣ ਵਾਲੀ ਵਾਧੂ ਸਹਾਇਤਾ ਨਾਲ 2025 ਅਤੇ 2026 ਦੌਰਾਨ ਲਾਭਪਾਤਰੀਆਂ ਦੇ ਮਹੀਨਾਵਾਰ ਪ੍ਰੀਮੀਅਮ ਘੱਟ ਰੱਖਣ ਵਿਚ ਮਦਦ ਮਿਲੀ ਸੀ। ਸਿਹਤ ਨੀਤੀ ਸੰਸਥਾ ਕੇ.ਐੱਫ.ਐੱਫ. ਅਨੁਸਾਰ ਇਸ ਪ੍ਰੋਗਰਾਮ ਉੱਤੇ ਦੋ ਸਾਲਾਂ 'ਚ ਲਗਭਗ 9.8 ਅਰਬ ਡਾਲਰ ਖਰਚ ਕੀਤੇ ਗਏ।

ਮੈਡੀਕੇਅਰ ਅਤੇ ਮੈਡੀਕੇਡ ਪ੍ਰਸ਼ਾਸਕ ਡਾਕਟਰ ਮਹਿਮਤ ਓਜ਼ ਨੇ ਕਿਹਾ ਕਿ ਬੀਮਾ ਕੰਪਨੀਆਂ ਨੂੰ ਹੁਣ ਨਵੇਂ ਪਾਰਟ ਡੀ ਢਾਂਚੇ ਅਧੀਨ ਯੋਜਨਾਵਾਂ ਦੀ ਕੀਮਤ ਨਿਰਧਾਰਤ ਕਰਨ ਦਾ ਕਾਫ਼ੀ ਤਜ਼ਰਬਾ ਹੋ ਚੁੱਕਾ ਹੈ, ਇਸ ਲਈ ਵਾਧੂ ਸਰਕਾਰੀ ਸਹਾਇਤਾ ਦੀ ਲੋੜ ਨਹੀਂ ਰਹੀ। ਉਨ੍ਹਾਂ ਨੇ ਇਸ ਸਹਾਇਤਾ ਨੂੰ ਬੀਮਾ ਕੰਪਨੀਆਂ ਲਈ "ਬੇਲਆਊਟ" ਕਰਾਰ ਦਿੰਦਿਆਂ ਦਾਅਵਾ ਕੀਤਾ ਕਿ ਜ਼ਿਆਦਾਤਰ ਮੈਡੀਕੇਅਰ ਲਾਭਪਾਤਰੀਆਂ ਦੇ ਪ੍ਰੀਮੀਅਮ ਵਿਚ ਵਾਧਾ 10 ਡਾਲਰ ਮਹੀਨਾਵਾਰ ਤੋਂ ਘੱਟ ਰਹੇਗਾ, ਜਦਕਿ ਕੁਝ ਲੋਕਾਂ ਦੇ ਪ੍ਰੀਮੀਅਮ ਘੱਟ ਵੀ ਹੋ ਸਕਦੇ ਹਨ।

**ਕੁਝ ਸੀਨੀਅਰਾਂ ਦੇ ਪ੍ਰੀਮੀਅਮ ਵਧਣ ਦਾ ਖਦਸ਼ਾ**

ਦੂਜੇ ਪਾਸੇ, ਕੇ.ਐੱਫ.ਐੱਫ. ਦਾ ਕਹਿਣਾ ਹੈ ਕਿ ਸਰਕਾਰੀ ਸਹਾਇਤਾ ਖਤਮ ਹੋਣ ਨਾਲ ਕੁਝ ਵੱਖਰੀਆਂ ਪਾਰਟ ਡੀ ਦਵਾਈ ਯੋਜਨਾਵਾਂ ਦੇ ਮੈਂਬਰਾਂ ਨੂੰ ਪਿਛਲੇ ਸਾਲਾਂ ਨਾਲੋਂ ਵੱਧ ਪ੍ਰੀਮੀਅਮ ਵਾਧਾ ਦੇਖਣਾ ਪੈ ਸਕਦਾ ਹੈ। ਸਾਲ 2026 ਦੌਰਾਨ ਵੱਖਰੀ ਪਾਰਟ ਡੀ ਯੋਜਨਾ ਦਾ ਔਸਤ ਮਹੀਨਾਵਾਰ ਪ੍ਰੀਮੀਅਮ ਲਗਭਗ 36 ਡਾਲਰ ਦੱਸਿਆ ਗਿਆ ਹੈ। ਹਾਲਾਂਕਿ ਹਰ ਵਿਅਕਤੀ ਲਈ ਅਸਲ ਵਾਧਾ ਉਸ ਦੀ ਬੀਮਾ ਕੰਪਨੀ, ਯੋਜਨਾ, ਇਲਾਕੇ ਅਤੇ ਦਵਾਈਆਂ ਦੀ ਸੂਚੀ ਉੱਤੇ ਨਿਰਭਰ ਕਰੇਗਾ।

ਸੀ.ਐੱਮ.ਐੱਸ. ਨੇ 2027 ਲਈ ਰਾਸ਼ਟਰੀ ਮੂਲ ਪਾਰਟ ਡੀ ਪ੍ਰੀਮੀਅਮ 41.33 ਡਾਲਰ ਮਹੀਨਾਵਾਰ ਨਿਰਧਾਰਤ ਕੀਤਾ ਹੈ। ਇਹ ਸਿਰਫ਼ ਯੋਜਨਾਵਾਂ ਦੇ ਪ੍ਰੀਮੀਅਮ ਦੀ ਗਿਣਤੀ ਕਰਨ ਲਈ ਸ਼ੁਰੂਆਤੀ ਅੰਕ ਹੈ ਅਤੇ ਹਰ ਲਾਭਪਾਤਰੀ ਵੱਲੋਂ ਦਿੱਤੀ ਜਾਣ ਵਾਲੀ ਅਸਲ ਰਕਮ ਇਸਦੇ ਬਰਾਬਰ ਹੋਣੀ ਜ਼ਰੂਰੀ ਨਹੀਂ। ਵੱਖ-ਵੱਖ ਯੋਜਨਾਵਾਂ ਦੇ ਅੰਤਿਮ 2027 ਪ੍ਰੀਮੀਅਮ ਅਤੇ ਕਵਰੇਜ ਵੇਰਵੇ ਸਤੰਬਰ ਵਿਚ ਜਾਰੀ ਕੀਤੇ ਜਾਣਗੇ।

ਇਸ ਫੈਸਲੇ ਦਾ ਅਰਥ ਇਹ ਨਹੀਂ ਕਿ ਮੈਡੀਕੇਅਰ ਪਾਰਟ ਡੀ ਜਾਂ ਬਜ਼ੁਰਗਾਂ ਦੀ ਦਵਾਈ ਕਵਰੇਜ ਪੂਰੀ ਤਰ੍ਹਾਂ ਬੰਦ ਕੀਤੀ ਜਾ ਰਹੀ ਹੈ। ਸਿਰਫ਼ ਪ੍ਰੀਮੀਅਮਾਂ ਨੂੰ ਸਥਿਰ ਰੱਖਣ ਵਾਲਾ ਅਸਥਾਈ ਪ੍ਰੋਗਰਾਮ ਖਤਮ ਹੋਵੇਗਾ। ਮੈਡੀਕੇਅਰ ਲਾਭਪਾਤਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪਤਝੜ ਵਿਚ ਮਿਲਣ ਵਾਲੀ ਆਪਣੀ ਯੋਜਨਾ ਦੀ ਸਾਲਾਨਾ ਤਬਦੀਲੀ ਸੂਚਨਾ ਧਿਆਨ ਨਾਲ ਪੜ੍ਹਨ ਅਤੇ ਪ੍ਰੀਮੀਅਮ ਦੇ ਨਾਲ-ਨਾਲ ਦਵਾਈਆਂ ਦੀ ਕਵਰੇਜ, ਕਟੌਤੀ ਰਕਮ, ਫਾਰਮੇਸੀ ਨੈੱਟਵਰਕ ਅਤੇ ਆਪਣੀਆਂ ਨਿੱਜੀ ਦਵਾਈਆਂ ਦੀ ਕੀਮਤ ਦੀ ਵੀ ਤੁਲਨਾ ਕਰਨ।

# ਐੱਫ.ਬੀ.ਆਈ. ਵੱਲੋਂ ਇਕ ਹੋਰ ਪੰਜਾਬੀ ਨੌਜਵਾਨ ਮੋਸਟ ਵਾਂਟੇਡ ਲਿਸਟ ’ਚ ਸ਼ਾਮਲ; ਜਨਤਕ ਨੋਟਿਸ ਜਾਰੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸੰਘੀ ਜਾਂਚ ਏਜੰਸੀ (ਐੱਫ.ਬੀ.ਆਈ.) ਨੇ ਇਕ ਹੋਰ ਪੰਜਾਬੀ ਨੌਜਵਾਨ ਅੰਮ੍ਰਿਤਪਾਲ ਸਿੰਘ ਨੂੰ ਮੋਸਟ ਵਾਂਟੇਡ ਐਲਾਨਦਿਆਂ ਉਸ ਖ਼ਿਲਾਫ਼ ਜਨਤਕ ਨੋਟਿਸ ਜਾਰੀ ਕੀਤਾ ਹੈ। ਐੱਫ.ਬੀ.ਆਈ. ਦੇ ਬੁਲਾਰੇ ਨੇ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਕੈਨੇਡਾ ਦੇ ਵੈਨਕੂਵਰ ਆਧਾਰਿਤ ਰਵਿੰਦਰ ਢਾਂਡਾ ਆਰਗੇਨਾਈਜ਼ਡ ਕ੍ਰਾਈਮ ਗਰੁੱਪ ਨਾਲ ਜੁੜਿਆ ਹੋਇਆ ਹੈ, ਜੋ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿਚ ਸਰਗਰਮ ਨਸ਼ਾ ਤਸਕਰੀ ਨੈੱਟਵਰਕ ਲਈ ਵੱਡੀ ਮਾਤਰਾ ਵਿਚ ਕੋਕੀਨ ਅਤੇ ਮੈਥਾਮਫੇਟਾਮਾਈਨ ਦੀ ਤਸਕਰੀ ਕਰਦਾ ਹੈ।

ਐੱਫ.ਬੀ.ਆਈ. ਮੁਤਾਬਕ, ਅੰਮ੍ਰਿਤਪਾਲ ਸਿੰਘ ’ਤੇ ਨਿਯੰਤਰਿਤ ਪਦਾਰਥਾਂ ਦੀ ਵੰਡ ਕਰਨ ਦੀ ਸਾਜ਼ਿਸ਼ ਅਤੇ ਨਸ਼ੀਲੇ ਪਦਾਰਥਾਂ ਦੀ ਨਿਰਯਾਤ ਸਬੰਧੀ ਸਾਜ਼ਿਸ਼ ਵਿਚ ਪੁਲਿਸ ਨੂੰ ਲੋੜੀਂਦਾ ਹੈ। ਜਾਂਚ ਏਜੰਸੀਆਂ ਨੇ ਉਸ ਬਾਰੇ ਕੋਈ ਵੀ ਜਾਣਕਾਰੀ ਰੱਖਣ ਵਾਲੇ ਲੋਕਾਂ ਨੂੰ ਐੱਫ.ਬੀ.ਆਈ. ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਹੈ।

ਇਹ ਕਾਰਵਾਈ ਅਮਰੀਕੀ ਨਿਆਂ ਵਿਭਾਗ ਦੀ ਅੰਤਰਰਾਸ਼ਟਰੀ ਮੁਹਿੰਮ ‘ਓਪਰੇਸ਼ਨ ਹਾਰਡ ਬਾਲ’ ਦਾ ਹਿੱਸਾ ਹੈ, ਜਿਸ ਤਹਿਤ ਅਮਰੀਕਾ, ਕੈਨੇਡਾ ਅਤੇ ਯੂਰਪ ਵਿਚ ਕਈ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਐੱਫ.ਬੀ.ਆਈ. ਨੇ ਮੰਗਲਵਾਰ ਨੂੰ ਅੰਮ੍ਰਿਤਪਾਲ ਸਿੰਘ ਲਈ ਇੱਕ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ - ਜਿਸਨੂੰ ਰਵਿੰਦਰ ਢਾਂਡਾ ਸੰਗਠਿਤ ਅਪਰਾਧ ਸਮੂਹ ਵਜੋਂ ਜਾਣਿਆ ਜਾਂਦਾ ਹੈ - ਵਿਚ ਕਥਿਤ ਸ਼ਮੂਲੀਅਤ ਲਈ ਇੱਕ ਲੋੜੀਂਦਾ ਪੋਸਟਰ ਜਾਰੀ ਕੀਤਾ, ਜੋ ਨਿਯੰਤਰਿਤ ਪਦਾਰਥਾਂ ਨੂੰ ਵੰਡਣ ਅਤੇ ਰੱਖਣ ਦੀ ਸਾਜ਼ਿਸ਼ ਵਿਚ ਸ਼ਾਮਲ ਹੈ, ਅਤੇ ਨਿਯੰਤਰਿਤ ਪਦਾਰਥਾਂ ਨੂੰ ਨਿਰਯਾਤ ਕਰਨ ਦੀ ਸਾਜ਼ਿਸ਼ ਵਿਚ ਸ਼ਾਮਲ ਹੈ।

ਇਹ ਸੰਗਠਨ ਵੈਨਕੂਵਰ, ਕੈਨੇਡਾ ਤੋਂ ਬਾਹਰ ਹੈ ਅਤੇ ਕਥਿਤ ਤੌਰ ’ਤੇ ਸੰਯੁਕਤ ਰਾਜ, ਕੈਨੇਡਾ ਅਤੇ ਮੈਕਸੀਕੋ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸੰਗਠਨਾਂ ਲਈ ਵੱਡੀ ਮਾਤਰਾ ਵਿਚ ਕੋਕੀਨ ਅਤੇ ਮੈਥਾਮਫੇਟਾਮਾਈਨ ਦੀ ਤਸਕਰੀ ਕਰਦਾ ਹੈ। 23 ਜੂਨ ਨੂੰ ਅੰਮ੍ਰਿਤਪਾਲ ਸਿੰਘ ਲਈ ਸੰਯੁਕਤ ਰਾਜ ਦੀ ਜ਼ਿਲ੍ਹਾ ਅਦਾਲਤ, ਸੈਂਟਰਲ ਜ਼ਿਲ੍ਹਾ ਕੈਲੀਫੋਰਨੀਆ ’ਚ ਇੱਕ ਸੰਘੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ, ਜਦੋਂ ਉਸ ’ਤੇ “ਨਿਯੰਤਰਿਤ ਪਦਾਰਥਾਂ ਨੂੰ ਵੰਡਣ ਅਤੇ ਰੱਖਣ ਦੀ ਸਾਜ਼ਿਸ਼” ਅਤੇ “ਨਿਯੰਤਰਿਤ ਪਦਾਰਥਾਂ ਨੂੰ ਵੰਡਣ ਦੇ ਇਰਾਦੇ ਨਾਲ ਰੱਖਣ ਦੀ ਸਾਜ਼ਿਸ਼” ਦਾ ਦੋਸ਼ ਲਗਾਇਆ ਗਿਆ ਸੀ।

ਜ਼ਿਕਰਯੋਗ ਹੈ ਕਿ ਹਰਮਨਵੀਰ ਸਿੰਘ ਲਈ “ਐੱਫ.ਬੀ.ਆਈ. ਦੁਆਰਾ ਲੋੜੀਂਦਾ” ਪੋਸਟਰ ਜਾਰੀ ਕੀਤੇ ਜਾਣ ਤੋਂ ਦੋ ਦਿਨ ਬਾਅਦ, ਉਸਨੂੰ 22 ਜੁਲਾਈ ਨੂੰ ਕੈਲੀਫੋਰਨੀਆ ਹਾਈਵੇਅ ਪੈਟਰੋਲ ਦੇ ਅਧਿਕਾਰੀਆਂ ਦੁਆਰਾ ਸਟਾਕਟਨ, ਕੈਲੀਫੋਰਨੀਆ ਵਿਚ ਗ੍ਰਿਫਤਾਰ ਕੀਤਾ ਗਿਆ। ਦੋਸ਼ਾਂ ਦੇ ਅਨੁਸਾਰ, ਢਾਂਡਾ ਇੱਕ ਡਰੱਗ ਵੰਡ ਨੈੱਟਵਰਕ ਚਲਾਉਂਦਾ ਹੈ, ਜੋ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿਚ ਡਰੱਗ ਤਸਕਰੀ ਸੰਗਠਨਾਂ (ਡੀ.ਟੀ.ਓਜ਼) ਨੂੰ ਵੱਡੀ ਮਾਤਰਾ ਵਿਚ ਕੋਕੀਨ ਅਤੇ ਮੈਥਾਮਫੇਟਾਮਾਈਨ ਲਈ ਅੰਤਰਰਾਸ਼ਟਰੀ ਤਸਕਰੀ ਸੇਵਾਵਾਂ ਪ੍ਰਦਾਨ ਕਰਦਾ ਹੈ। ਉਸਨੇ ਇਨ੍ਹਾਂ ਡੀ.ਟੀ.ਓਜ਼ ਨਾਲ ਆਵਾਜਾਈ ਦਰਾਂ ਅਤੇ ਲੌਜਿਸਟਿਕਸ ’ਤੇ ਗੱਲਬਾਤ ਕੀਤੀ ਅਤੇ ਇਨ੍ਹਾਂ ਨਸ਼ਿਆਂ ਦੇ ਸਟੋਰੇਜ ਅਤੇ ਆਵਾਜਾਈ ਦਾ ਉਪ-ਠੇਕਾ ਦਿੱਤਾ।

## ਐੱਫ.ਬੀ.ਆਈ. ਵੱਲੋਂ ਨਸ਼ਾ ਤਸਕਰੀ ਮਾਮਲੇ ’ਚ ਪੰਜਾਬੀ ਨੌਜਵਾਨ ਵਾਂਟੇਡ ਸੂਚੀ ’ਚ ਸ਼ਾਮਲ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਜਾਂਚ ਏਜੰਸੀ



ਐੱਫ.ਬੀ.ਆਈ. ਨੇ ਗੁਰਪ੍ਰੀਤ ਸਿੰਘ ਨਾਮ ਦੇ ਇੱਕ ਵਿਅਕਤੀ ਨੂੰ ਵਾਂਟੇਡ ਐਲਾਨਿਆ ਹੈ। ਉਸ ’ਤੇ ਇੱਕ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ, ‘ਜੱਗੂ ਭਗਵਾਨਪੁਰੀਆ ਆਰਗੇਨਾਈਜ਼ਡ ਕ੍ਰਾਈਮ ਗਰੁੱਪ’, ਵਿਚ ਕਥਿਤ ਤੌਰ ’ਤੇ ਸ਼ਾਮਲ ਹੋਣ ਦਾ ਦੋਸ਼ ਹੈ।

ਜਾਣਕਾਰੀ ਅਨੁਸਾਰ, ਇਹ ਅਪਰਾਧਿਕ ਸਮੂਹ ਕਥਿਤ ਤੌਰ ’ਤੇ ਨਸ਼ਾ ਤਸਕਰੀ ਦੀਆਂ ਵੱਡੀਆਂ ਗਤੀਵਿਧੀਆਂ ’ਚ ਸ਼ਾਮਲ ਰਿਹਾ ਹੈ। ਜਾਂਚ ਏਜੰਸੀਆਂ ਅਨੁਸਾਰ, ਇਸ ਸੰਗਠਨ ਨੇ ਕੈਲੀਫੋਰਨੀਆ ਦੇ ਸੈਂਟਰਲ ਡਿਸਟ੍ਰਿਕਟ ਅਤੇ ਹੋਰ ਕਈ ਇਲਾਕਿਆਂ ਵਿਚ ਆਪਣਾ ਜਾਲ ਵਿਛਾਇਆ ਹੋਇਆ ਸੀ।

ਗੁਰਪ੍ਰੀਤ ਸਿੰਘ ਵਿਰੁੱਧ ਇਹ ਕਾਰਵਾਈ ਉਸਦੀ ਇੱਕ ਅਜਿਹੇ ਅਪਰਾਧਿਕ ਸੰਗਠਨ ਨਾਲ ਸ਼ਮੂਲੀਅਤ ਕਾਰਨ ਕੀਤੀ ਗਈ ਹੈ, ਜੋ ਨਾ ਸਿਰਫ਼ ਸਥਾਨਕ ਸਗੋਂ ਅੰਤਰਰਾਸ਼ਟਰੀ ਪੱਧਰ ’ਤੇ ਸਰਗਰਮ ਸੀ। ਐੱਫ.ਬੀ.ਆਈ. ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਇਸ ਨਸ਼ਾ ਤਸਕਰੀ ਨੈੱਟਵਰਕ ਨਾਲ ਜੁੜੇ ਹੋਰ ਮੈਂਬਰਾਂ ਤੱਕ ਵੀ ਪਹੁੰਚਿਆ ਜਾ ਸਕੇ। ਜ਼ਿਕਰਯੋਗ ਹੈ ਕਿ ਇਸ ਗਰੁੱਪ ਦੀਆਂ ਗਤੀਵਿਧੀਆਂ ਕਾਰਨ ਅਮਰੀਕਾ ਦੇ ਕਈ ਇਲਾਕਿਆਂ ਵਿਚ ਸੁਰੱਖਿਆ ਏਜੰਸੀਆਂ ਹਾਈ ਅਲਰਟ ’ਤੇ ਹਨ।

## ਟਰੰਪ ਵੱਲੋਂ ‘ਫ੍ਰੀਡਮ ਹੌਲਰਜ਼’ ਨਾਮਕ ਨਵੀਂ ਪਹਿਲਕਦਮੀ ਸ਼ੁਰੂ ਕਰਨ ਦਾ ਐਲਾਨ

**ਸੇਵਾਮੁਕਤ ਫੌਜੀ ਸਾਬਕਾ ਫ਼ੌਜੀਆਂ ਨੂੰ ਰੁਜ਼ਗਾਰ ਪ੍ਰਦਾਨ ਕਰਨਾ ਤੇ ਗੈਰ-ਕਾਨੂੰਨੀ ਟਰੱਕ ਡਰਾਈਵਰਾਂ ਵਿਰੁੱਧ ਕਾਰਵਾਈ ਨੂੰ ਤੇਜ਼ ਕਰਨਾ ਉਦੇਸ਼**

ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਰੱਕਿੰਗ ਸੈਕਟਰ ਵਿਚ ਇੱਕ ਵੱਡੀ ਤਬਦੀਲੀ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ‘ਫ੍ਰੀਡਮ ਹੌਲਰਜ਼’ ਨਾਮਕ ਇੱਕ ਨਵੀਂ ਪਹਿਲਕਦਮੀ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਜਿਸ ਦਾ ਉਦੇਸ਼ ਸੇਵਾਮੁਕਤ ਫੌਜੀ ਸਾਬਕਾ ਫ਼ੌਜੀਆਂ ਨੂੰ ਰੁਜ਼ਗਾਰ ਪ੍ਰਦਾਨ ਕਰਨਾ ਅਤੇ ਦੇਸ਼ ’ਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਟਰੱਕ ਡਰਾਈਵਰਾਂ ਵਿਰੁੱਧ ਕਾਰਵਾਈ ਨੂੰ ਤੇਜ਼ ਕਰਨਾ ਹੈ।

ਟਰੰਪ ਨੇ ਕਿਹਾ ਕਿ ਇਹ ਪਹਿਲਕਦਮੀ ਨਾ ਸਿਰਫ਼ ਰੁਜ਼ਗਾਰ ਵਧਾਏਗੀ, ਬਲਕਿ ਰਾਸ਼ਟਰੀ ਸੁਰੱਖਿਆ ਨੂੰ ਵੀ ਮਜ਼ਬੂਤ ਕਰੇਗੀ ਅਤੇ ਸਾਬਕਾ ਫ਼ੌਜੀਆਂ ਨੂੰ ਤਰਜੀਹ ਦਿੱਤੀ ਜਾਵੇਗੀ। ਨਵੀਂ ਯੋਜਨਾ ਤਹਿਤ ਸੇਵਾਮੁਕਤ ਫੌਜੀ ਕਰਮਚਾਰੀਆਂ ਨੂੰ ਟਰੱਕ ਡਰਾਈਵਰਾਂ ਵਜੋਂ ਭਰਤੀ ਵਿਚ ਪਹਿਲ ਦਿੱਤੀ ਜਾਵੇਗੀ। ਵਪਾਰਕ ਡਰਾਈਵਿੰਗ ਲਾਇਸੈਂਸ (ਸੀ.ਡੀ.ਐੱਲ) ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਵੀ ਸਰਲ ਅਤੇ ਤੇਜ਼ ਕੀਤਾ ਜਾਵੇਗਾ, ਜਿਸ ਨਾਲ ਉਹ ਜਲਦੀ ਤੋਂ ਜਲਦੀ ਟਰੱਕਿੰਗ ਉਦਯੋਗ ’ਚ ਸ਼ਾਮਲ ਹੋ ਸਕਣਗੇ ਅਤੇ ਅਮਰੀਕਾ ’ਚ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਅਤੇ ਕਾਰਜਕਾਰੀ ਲੇਬਰ ਸਕੱਤਰ ਕੀਥ ਸੋਂਡਰਲਿੰਗ ਦੇ ਨਾਲ ਟਰੰਪ ਨੇ ਕਿਹਾ ਕਿ ਪ੍ਰਸ਼ਾਸਨ ਦਾ ਟੀਚਾ ਅਮਰੀਕੀ ਸੜਕਾਂ ਤੋਂ ਗੈਰ-ਕਾਨੂੰਨੀ ਟਰੱਕ ਡਰਾਈਵਰਾਂ ਨੂੰ ਹਟਾਉਣਾ ਹੈ ਅਤੇ ਉਨ੍ਹਾਂ ਦੀ ਥਾਂ ਯੋਗ ਅਮਰੀਕੀ ਸਾਬਕਾ ਸੈਨਿਕਾਂ ਨੂੰ ਨਿਯੁਕਤ ਕਰਨਾ ਹੈ। ਅਮਰੀਕੀ ਆਵਾਜਾਈ ਵਿਭਾਗ ਦੇ ਅਨੁਸਾਰ, ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੀਆਂ ਜ਼ਰੂਰਤਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਤੋਂ ਬਾਅਦ 24,000 ਤੋਂ ਵੱਧ ਵਪਾਰਕ ਡਰਾਈਵਿੰਗ ਲਾਇਸੈਂਸ (ਸੀ.ਡੀ.ਐੱਲ) ਰੱਦ ਕਰ ਦਿੱਤੇ ਗਏ ਹਨ। ਵਿਭਾਗ ਦਾ ਕਹਿਣਾ ਹੈ ਕਿ ਇਹ ਕਾਰਵਾਈ ਮੌਜੂਦਾ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕੀਤੀ ਗਈ ਸੀ ਅਤੇ 28,000 ਤੋਂ ਵੱਧ ਮਾਮਲਿਆਂ ਦੀ ਜਾਂਚ ਦਾ ਖੁਲਾਸਾ ਹੋਇਆ ਹੈ। ਟਰਾਂਸਪੋਰਟ ਵਿਭਾਗ ਦਾ ਦਾਅਵਾ ਹੈ ਕਿ ਇੱਕ ਜਾਂਚ ਦੌਰਾਨ ਗੈਰ-ਕਾਨੂੰਨੀ ਵਪਾਰਕ ਡਰਾਈਵਿੰਗ ਲਾਇਸੈਂਸਾਂ ਦੇ 28,000 ਤੋਂ ਵੱਧ ਮਾਮਲੇ ਕਥਿਤ ਤੌਰ ’ਤੇ ਗੈਰ-ਨਾਗਰਿਕ ਟਰੱਕ ਡਰਾਈਵਰਾਂ ਨੂੰ ਜਾਰੀ ਕੀਤੇ ਗਏ ਸਨ। ਬਾਅਦ ਵਿਚ ਇਨ੍ਹਾਂ ਲਾਇਸੈਂਸਾਂ ਨੂੰ ਰੱਦ ਕਰ ਦਿੱਤਾ ਗਿਆ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਭਵਿੱਖ ਵਿਚ ਟਰੱਕਿੰਗ ਸੈਕਟਰ ਵਿਚ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਦਸਤਾਵੇਜ਼ ਤਸਦੀਕ ਕਰਕੇ ਲਾਗੂ ਕੀਤੀ ਜਾਵੇਗੀ।


Global Allianz

ਕਾਨੂੰਨੀ ਸਲਾਹਾਂ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਪ੍ਰਸ਼ਾਸਨ ਵਿਦੇਸ਼ੀ ਵਿਦਿਆਰਥੀਆਂ ਲਈ ਇੱਕ ਹੋਰ ਵੱਡਾ ਇਮੀਗ੍ਰੇਸ਼ਨ ਬਦਲਾਅ ਲਿਆਉਣ ਦੀ ਤਿਆਰੀ ’ਚ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਵਿਦੇਸ਼ੀ ਵਿਦਿਆਰਥੀਆਂ ਲਈ ਇੱਕ ਹੋਰ ਵੱਡਾ ਇਮੀਗ੍ਰੇਸ਼ਨ ਬਦਲਾਅ ਲਿਆਉਣ ਦੀ ਤਿਆਰੀ ਵਿਚ ਹੈ। ਰਿਪੋਰਟਾਂ ਮੁਤਾਬਕ, ਟਰੰਪ ਪ੍ਰਸ਼ਾਸਨ ਅਤੇ ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਓਪਸ਼ਨਲ ਪ੍ਰੈਕਟੀਕਲ ਟਰੇਨਿੰਗ (ਓ.ਪੀ.ਟੀ.) ਪ੍ਰੋਗਰਾਮ ਲਈ 100,000 ਡਾਲਰ ਦੀ ਫੀਸ ਲਗਾਉਣ ਦੇ ਪ੍ਰਸਤਾਵ ’ਤੇ ਵਿਚਾਰ ਕਰ ਰਹੇ ਹਨ। ਜੇਕਰ ਇਹ ਨੀਤੀ ਲਾਗੂ ਹੁੰਦੀ ਹੈ, ਤਾਂ ਅਮਰੀਕਾ ਵਿਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਨੌਕਰੀ ਕਰਨ ਦੀ ਯੋਜਨਾ ਬਣਾਉਣ ਵਾਲੇ ਲੱਖਾਂ ਵਿਦੇਸ਼ੀ ਵਿਦਿਆਰਥੀਆਂ ’ਤੇ ਇਸ ਦਾ ਸਿੱਧਾ ਅਸਰ ਪਵੇਗਾ।

ਓ.ਪੀ.ਟੀ. ਉਹ ਪ੍ਰੋਗਰਾਮ ਹੈ, ਜਿਸ ਤਹਿਤ ਐੱਫ-1 ਵਿਦਿਆਰਥੀ ਵੀਜ਼ਾ ’ਤੇ ਅਮਰੀਕਾ ਵਿਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਨੂੰ ਆਪਣੀ ਡਿਗਰੀ ਪੂਰੀ ਕਰਨ ਤੋਂ ਬਾਅਦ ਆਪਣੇ ਪੜ੍ਹਾਈ ਦੇ ਖੇਤਰ ਨਾਲ ਸਬੰਧਤ ਨੌਕਰੀ ਕਰਨ ਦੀ ਇਜਾਜ਼ਤ ਮਿਲਦੀ ਹੈ। ਆਮ ਤੌਰ ’ਤੇ ਇਹ ਮਿਆਦ 12 ਮਹੀਨਿਆਂ ਦੀ ਹੁੰਦੀ ਹੈ, ਜਦਕਿ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (ਐੱਸ.ਟੀ.ਈ.ਐੱਮ.) ਨਾਲ ਜੁੜੇ ਵਿਦਿਆਰਥੀਆਂ ਲਈ ਇਹ ਮਿਆਦ 36 ਮਹੀਨਿਆਂ ਤੱਕ ਵਧ ਸਕਦੀ ਹੈ। ਹਰ ਸਾਲ



ਲੱਖਾਂ ਵਿਦਿਆਰਥੀ ਇਸ ਪ੍ਰੋਗਰਾਮ ਰਾਹੀਂ ਅਮਰੀਕਾ ਵਿਚ ਆਪਣਾ ਕਰੀਅਰ ਸ਼ੁਰੂ ਕਰਦੇ ਹਨ।

ਹਾਲਾਂਕਿ ਅਜੇ ਤੱਕ ਟਰੰਪ ਪ੍ਰਸ਼ਾਸਨ ਨੇ ਇਸ ਨੀਤੀ ਦਾ ਕੋਈ ਅਧਿਕਾਰਕ ਐਲਾਨ ਨਹੀਂ ਕੀਤਾ। ਡੀ.ਐੱਚ.ਐੱਸ. ਦੇ ਬੁਲਾਰੇ ਨੇ ਕਿਹਾ ਹੈ ਕਿ ਜਦ ਤੱਕ ਕੋਈ ਨੀਤੀ ਰਸਮੀ ਤੌਰ ’ਤੇ ਜਾਰੀ ਨਹੀਂ ਕੀਤੀ ਜਾਂਦੀ, ਉਸ ਨੂੰ ਅੰਤਿਮ ਨਹੀਂ ਮੰਨਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਵਿਭਾਗ ਲਗਾਤਾਰ ਇਸ ਗੱਲ ’ਤੇ ਵਿਚਾਰ ਕਰਦਾ ਰਹਿੰਦਾ ਹੈ ਕਿ ਕਾਨੂੰਨੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਭਰੋਸੇਯੋਗਤਾ ਅਤੇ ਸਖ਼ਤੀ ਕਿਵੇਂ ਬਣਾਈ ਰੱਖੀ ਜਾਵੇ।

ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਵੀ ਕਿਹਾ ਹੈ ਕਿ ਇਸ ਵੇਲੇ ਓ.ਪੀ.ਟੀ. ਬਾਰੇ ਕੋਈ ਤੁਰੰਤ ਨਵੀਂ ਨੀਤੀ ਲਾਗੂ ਕਰਨ ਦੀ ਯੋਜਨਾ ਨਹੀਂ ਹੈ। ਇਸ ਲਈ ਇਸ ਸਮੇਂ 100,000 ਡਾਲਰ ਫੀਸ ਸਿਰਫ਼ ਇੱਕ ਪ੍ਰਸਤਾਵ ਹੈ, ਕੋਈ ਲਾਗੂ ਹੋ ਚੁੱਕਾ ਨਿਯਮ ਨਹੀਂ।

ਜੇਕਰ ਇਹ ਫੀਸ ਲਾਗੂ ਕੀਤੀ ਜਾਂਦੀ ਹੈ, ਤਾਂ ਇਹ ਟਰੰਪ ਪ੍ਰਸ਼ਾਸਨ ਵੱਲੋਂ ਕਾਨੂੰਨੀ ਇਮੀਗ੍ਰੇਸ਼ਨ ਦੇ ਰਸਤਿਆਂ ਨੂੰ ਮਹਿੰਗਾ ਅਤੇ ਔਖਾ ਬਣਾਉਣ ਦੀ ਇੱਕ ਹੋਰ ਕੋਸ਼ਿਸ਼ ਮੰਨੀ ਜਾਵੇਗੀ। ਇਸ ਤੋਂ ਪਹਿਲਾਂ ਵੀ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਾ ਲਈ 100,000 ਡਾਲਰ ਦੀ ਫੀਸ ਲਗਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਪਿਛਲੇ ਮਹੀਨੇ ਇੱਕ ਫੈਡਰਲ ਜੱਜ ਨੇ ਉਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਸੀ। ਅਦਾਲਤ ਨੇ ਕਿਹਾ ਸੀ ਕਿ ਇੰਨੀ ਵੱਡੀ ਫੀਸ ਅਸਲ ਵਿਚ ਇੱਕ ਟੈਕਸ ਦੇ ਬਰਾਬਰ ਹੈ ਅਤੇ ਅਜਿਹਾ ਟੈਕਸ ਲਗਾਉਣ ਦਾ ਅਧਿਕਾਰ ਸਿਰਫ਼ ਅਮਰੀਕੀ ਕਾਂਗਰਸ ਕੋਲ ਹੈ।

ਟਰੰਪ ਪ੍ਰਸ਼ਾਸਨ ਪਹਿਲਾਂ ਹੀ ਇਮੀਗ੍ਰੇਸ਼ਨ ਨਾਲ ਜੁੜੀਆਂ ਕਈ ਹੋਰ ਵੱਡੀਆਂ ਤਬਦੀਲੀਆਂ ਕਰ ਚੁੱਕਾ ਹੈ। ਇਨ੍ਹਾਂ ਵਿਚ “ਟਰੰਪ ਗੋਲਡ ਕਾਰਡ” ਯੋਜਨਾ ਵੀ ਸ਼ਾਮਲ ਹੈ, ਜਿਸ ਤਹਿਤ ਇੱਕ ਮਿਲੀਅਨ ਡਾਲਰ ਦਾ ਨਿਵੇਸ਼ ਕਰਨ ਅਤੇ 15,000 ਡਾਲਰ ਪ੍ਰੋਸੈਸਿੰਗ ਫੀਸ ਦੇਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਸਥਾਈ ਰਿਹਾਇਸ਼ ਦਾ ਮੌਕਾ ਦਿੱਤਾ ਜਾਂਦਾ ਹੈ।

ਇਮੀਗ੍ਰੇਸ਼ਨ ਮਾਹਿਰਾਂ ਅਤੇ ਸਿੱਖਿਆ ਖੇਤਰ ਨਾਲ ਜੁੜੇ ਵਿਅਕਤੀਆਂ ਦਾ ਕਹਿਣਾ ਹੈ ਕਿ ਜੇਕਰ ਓ.ਪੀ.ਟੀ. ’ਤੇ 100,000 ਡਾਲਰ ਦੀ ਫੀਸ ਲਗਾ ਦਿੱਤੀ ਜਾਂਦੀ ਹੈ, ਤਾਂ ਇਸ ਦੇ ਗੰਭੀਰ ਨਤੀਜੇ ਸਾਹਮਣੇ ਆ ਸਕਦੇ ਹਨ। ਬਹੁਤ ਸਾਰੇ ਵਿਦੇਸ਼ੀ ਵਿਦਿਆਰਥੀ ਅਮਰੀਕਾ ਦੀ ਬਜਾਏ ਕੈਨੇਡਾ, ਬਰਤਾਨੀਆ ਜਾਂ ਆਸਟ੍ਰੇਲੀਆ ਵਰਗੇ ਦੇਸ਼ਾਂ ਦਾ ਰੁਖ ਕਰ ਸਕਦੇ ਹਨ। ਇਸ ਨਾਲ ਅਮਰੀਕੀ ਯੂਨੀਵਰਸਿਟੀਆਂ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਹੋਣ ਵਾਲੀ ਆਮਦਨ ਵਿਚ ਵੱਡੀ ਕਮੀ ਆ ਸਕਦੀ ਹੈ। ਇਸ ਦੇ ਨਾਲ ਹੀ ਟੈਕਨਾਲੋਜੀ ਅਤੇ ਹੋਰ ਉਦਯੋਗਾਂ ਨੂੰ ਨਵੇਂ ਹੁਨਰਮੰਦ ਕਰਮਚਾਰੀ ਮਿਲਣ ਵਿਚ ਵੀ ਮੁਸ਼ਕਲ ਆ ਸਕਦੀ ਹੈ, ਕਿਉਂਕਿ ਬਹੁਤ ਸਾਰੇ ਵਿਦੇਸ਼ੀ ਗ੍ਰੈਜੂਏਟ ਓ.ਪੀ.ਟੀ. ਰਾਹੀਂ ਹੀ ਆਪਣਾ ਕਰੀਅਰ ਸ਼ੁਰੂ ਕਰਦੇ ਹਨ।

ਸਰਕਾਰੀ ਅੰਕੜਿਆਂ ਮੁਤਾਬਕ 2024 ਦੌਰਾਨ ਕਰੀਬ 4 ਲੱਖ 18 ਹਜ਼ਾਰ ਵਿਦੇਸ਼ੀ ਵਿਦਿਆਰਥੀਆਂ ਨੂੰ ਓ.ਪੀ.ਟੀ. ਤਹਿਤ ਅਮਰੀਕਾ ਵਿਚ ਕੰਮ ਕਰਨ ਦੀ ਮਨਜ਼ੂਰੀ ਮਿਲੀ ਸੀ। ਇਹ ਗਿਣਤੀ ਐੱਫ-1 ਅਤੇ ਐੱਮ-1 ਵੀਜ਼ਾ ’ਤੇ ਅਮਰੀਕਾ ਵਿਚ ਮੌਜੂਦ ਕਰੀਬ 15.8 ਲੱਖ ਵਿਦਿਆਰਥੀਆਂ ਦਾ ਲਗਭਗ 26 ਫੀਸਦੀ ਬਣਦੀ ਹੈ।

ਇਸ ਲਈ ਜੇਕਰ ਇਹ ਪ੍ਰਸਤਾਵ ਭਵਿੱਖ ’ਚ ਨੀਤੀ ਦਾ ਰੂਪ ਲੈਂਦਾ ਹੈ, ਤਾਂ ਇਹ ਅਮਰੀਕਾ ਵਿਚ ਉੱਚ ਸਿੱਖਿਆ ਹਾਸਲ ਕਰਨ ਅਤੇ ਪੜ੍ਹਾਈ ਤੋਂ ਬਾਅਦ ਨੌਕਰੀ ਕਰਨ ਦੀ ਯੋਜਨਾ ਬਣਾਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪਿਛਲੇ ਕਈ ਸਾਲਾਂ ਦੀਆਂ ਸਭ ਤੋਂ ਵੱਡੀਆਂ ਅਤੇ ਮਹਿੰਗੀਆਂ ਇਮੀਗ੍ਰੇਸ਼ਨ ਤਬਦੀਲੀਆਂ ਵਿਚੋਂ ਇੱਕ ਹੋਵੇਗੀ।

# ਅਮਰੀਕਾ ਦੇ ਪ੍ਰਵਾਸੀਆਂ ਨੂੰ ਵੱਡੀ ਰਾਹਤ: ਅਪੀਲੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੀ ਲਾਜ਼ਮੀ ਹਿਰਾਸਤ ਨੀਤੀ ’ਤੇ ਲਾਈ ਰੋਕ

**ਸਾਨ ਫਰਾਂਸਿਸਕੋ, (ਪੰਜਾਬ ਮੇਲ)**- ਅਮਰੀਕਾ ਦੀ ਨੌਵੀਂ ਸਰਕਟ ਅਪੀਲੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਕਾਨੂੰਨੀ ਝਟਕਾ ਦਿੰਦਿਆਂ ਫ਼ੈਸਲਾ ਸੁਣਾਇਆ ਹੈ ਕਿ ਅਮਰੀਕਾ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਪ੍ਰਵਾਸੀਆਂ ਨੂੰ ਜ਼ਮਾਨਤ (ਬਾਂਡ ਸੁਣਵਾਈ) ਦਾ ਮੌਕਾ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ 2-1 ਦੇ ਬਹੁਮਤ ਨਾਲ ਕਿਹਾ ਕਿ ਸਰਕਾਰ ਦੀ ਇਹ ਨੀਤੀ ਕਾਨੂੰਨ ਦੀ ਸਹੀ ਵਿਆਖਿਆ ਨਾਲ ਮੇਲ ਨਹੀਂ ਖਾਂਦੀ।

ਇਹ ਫ਼ੈਸਲਾ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਬਹੁਮਤ ਵਿਚ ਸ਼ਾਮਲ ਜੱਜ ਡੈਨੀਅਲ ਬ੍ਰੈਸ, ਜਿਨ੍ਹਾਂ ਦੀ ਨਿਯੁਕਤੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੀਤੀ ਸੀ, ਨੇ ਵੀ ਟਰੰਪ ਪ੍ਰਸ਼ਾਸਨ ਦੇ ਤਰਕ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਦੇ ਨਾਲ ਜੱਜ ਐੱਮ. ਮਾਰਗਰੈਟ ਮੈਕਕੀਓਨ ਨੇ ਵੀ ਇਹੀ ਰਾਇ ਦਿੱਤੀ। ਹਾਲਾਂਕਿ ਜੱਜ ਕਾਰਲੋਸ ਬੀਆ ਨੇ ਅਸਹਿਮਤੀ ਜਤਾਉਂਦੇ ਹੋਏ ਕਿਹਾ ਕਿ 1996 ਦੇ ਇਮੀਗ੍ਰੇਸ਼ਨ ਕਾਨੂੰਨ ਵਿਚ ਕੀਤੀ ਗਈ ਸੋਧ ਸਰਕਾਰ ਦੀ ਵਿਆਖਿਆ ਦਾ ਸਮਰਥਨ ਕਰਦੀ ਹੈ।

ਟਰੰਪ ਪ੍ਰਸ਼ਾਸਨ ਨੇ ਪਿਛਲੇ ਸਾਲ ਨਵੀਂ ਹਦਾਇਤ ਜਾਰੀ ਕਰਕੇ ਕਿਹਾ ਸੀ ਕਿ ਅਮਰੀਕਾ ਦੇ ਅੰਦਰ ਗ੍ਰਿਫ਼ਤਾਰ ਕੀਤੇ ਜਾਣ ਵਾਲੇ ਕਈ ਪ੍ਰਵਾਸੀਆਂ ਨੂੰ ਵੀ ਲਾਜ਼ਮੀ ਹਿਰਾਸਤ ਵਿਚ ਰੱਖਿਆ ਜਾਵੇ ਅਤੇ ਉਨ੍ਹਾਂ ਨੂੰ ਜ਼ਮਾਨਤ ਲਈ ਇਮੀਗ੍ਰੇਸ਼ਨ ਜੱਜ ਕੋਲ ਜਾਣ ਦਾ ਹੱਕ ਨਾ ਮਿਲੇ। ਇਸ ਤੋਂ ਪਹਿਲਾਂ, ਜਿਨ੍ਹਾਂ ਪ੍ਰਵਾਸੀਆਂ ਦਾ ਕੋਈ ਗੰਭੀਰ ਅਪਰਾਧਿਕ ਰਿਕਾਰਡ ਨਹੀਂ ਹੁੰਦਾ ਸੀ, ਉਹ ਆਪਣੇ ਕੇਸ ਦੀ ਸੁਣਵਾਈ ਦੌਰਾਨ ਬਾਂਡ ਹੇਅਰਿੰਗ ਲਈ ਅਰਜ਼ੀ ਦੇ ਸਕਦੇ ਸਨ। ਲਾਜ਼ਮੀ ਹਿਰਾਸਤ ਆਮ ਤੌਰ ’ਤੇ ਸਿਰਫ਼ ਸਰਹੱਦ ’ਤੇ ਫੜੇ ਗਏ ਲੋਕਾਂ ਲਈ ਵਰਤੀ ਜਾਂਦੀ ਸੀ।

ਨਵੀਂ ਨੀਤੀ ਦੇ ਲਾਗੂ ਹੋਣ ਤੋਂ ਬਾਅਦ ਦੇਸ਼ ਭਰ ’ਚ ਕਈ ਪ੍ਰਵਾਸੀਆਂ ਨੇ ਫੈਡਰਲ ਅਦਾਲਤਾਂ ਦਾ ਦਰਵਾਜ਼ਾ ਖੜਕਾਇਆ। ਕਈ ਜੱਜਾਂ ਨੇ ਸਰਕਾਰ ਨੂੰ ਬਾਂਡ ਹੇਅਰਿੰਗ ਕਰਵਾਉਣ ਦੇ ਹੁਕਮ ਵੀ ਦਿੱਤੇ ਅਤੇ ਕੁਝ ਨੇ ਇਹ ਵੀ ਕਿਹਾ ਕਿ ਪ੍ਰਸ਼ਾਸਨ ਵਾਰ-ਵਾਰ ਅਦਾਲਤੀ ਹੁਕਮਾਂ ਦੀ ਉਲੰਘਣਾ ਕਰ ਰਿਹਾ ਹੈ।

ਟਰੰਪ ਪ੍ਰਸ਼ਾਸਨ ਦਾ ਦਲੀਲ ਸੀ ਕਿ 1996 ਦੇ ਇਮੀਗ੍ਰੇਸ਼ਨ ਕਾਨੂੰਨ ਨੇ ਸਰਹੱਦ ਤੋਂ ਬਾਹਰ ਵੀ ਲਾਜ਼ਮੀ ਹਿਰਾਸਤ ਦੀ ਇਜਾਜ਼ਤ ਦਿੱਤੀ ਸੀ, ਪਰ ਪਿਛਲੀਆਂ ਸਰਕਾਰਾਂ ਨੇ ਇਸ ਪ੍ਰਾਵਧਾਨ ਨੂੰ ਸਖ਼ਤੀ ਨਾਲ ਲਾਗੂ ਨਹੀਂ ਕੀਤਾ। ਅਦਾਲਤ ਨੇ ਇਸ ਦਲੀਲ ਨੂੰ ਰੱਦ ਕਰਦਿਆਂ ਕਿਹਾ ਕਿ ਕਾਨੂੰਨ ਦੀ ਇਤਿਹਾਸਕ ਵਿਆਖਿਆ ਅਤੇ ਲੰਬੇ ਸਮੇਂ ਤੋਂ ਚੱਲ ਰਹੀ ਪ੍ਰਥਾ ਸਰਕਾਰ ਦੇ ਪੱਖ ਵਿਚ ਨਹੀਂ ਜਾਂਦੀ।

# ਅਮਰੀਕਾ ’ਚ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਵੀਜ਼ਾ ਮਿਆਦ ਪੂਰੀ ਕਰ ਚੁੱਕੇ ਵਿਦੇਸ਼ੀ ਨਾਗਰਿਕਾਂ ਲਈ ਹਾਲਾਤ ਹੋਏ ਸਖਤ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ’ਚ ਘਰੇਲੂ ਹਵਾਈ ਯਾਤਰਾ ਕਰਨ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਵੀਜ਼ਾ ਮਿਆਦ ਪੂਰੀ ਕਰ ਚੁੱਕੇ ਵਿਦੇਸ਼ੀ ਨਾਗਰਿਕਾਂ ਲਈ ਹਾਲਾਤ ਹੋਰ ਸਖ਼ਤ ਹੁੰਦੇ ਨਜ਼ਰ ਆ ਰਹੇ ਹਨ। ਇੱਕ ਨਵੀਂ ਰਿਪੋਰਟ ਮੁਤਾਬਕ ਟਰਾਂਸਪੋਰਟੇਸ਼ਨ ਸਕਿਓਰਿਟੀ ਐਡਮਿਨਿਸਟ੍ਰੇਸ਼ਨ (ਟੀ.ਐੱਸ.ਏ.) ਹੁਣ ਸ਼ੱਕੀ ਯਾਤਰੀਆਂ ਬਾਰੇ ਜਾਣਕਾਰੀ ਪਹਿਲਾਂ ਨਾਲੋਂ ਵੱਧ ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ICE) ਨਾਲ ਸਾਂਝੀ ਕਰ ਰਹੀ ਹੈ। ਇਸ ਕਾਰਨ ਅਮਰੀਕਾ ਦੇ ਕਈ ਹਵਾਈ ਅੱਡਿਆਂ ’ਤੇ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ’ਚ ਵਾਧਾ ਦੇਖਿਆ ਗਿਆ ਹੈ।

ਰਿਪੋਰਟ ਅਨੁਸਾਰ, ਟੀ.ਐੱਸ.ਏ. ਦੇ ਸੁਰੱਖਿਆ ਕਰਮਚਾਰੀ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਬਾਰੇ ਆਈਸ (ICE) ਨੂੰ ਸੂਚਿਤ ਕਰ ਰਹੇ ਹਨ, ਜਿਨ੍ਹਾਂ ’ਤੇ ਸ਼ੱਕ ਹੁੰਦਾ ਹੈ ਕਿ ਉਹ ਕਾਨੂੰਨੀ ਇਮੀਗ੍ਰੇਸ਼ਨ ਦਰਜੇ ਤੋਂ ਬਿਨਾਂ ਅਮਰੀਕਾ ਦੇ ਅੰਦਰ ਹਵਾਈ ਯਾਤਰਾ ਕਰ ਰਹੇ ਹਨ। ਇੱਕ ਆਈਸ ਅਧਿਕਾਰੀ ਨੇ ਦਾਅਵਾ ਕੀਤਾ ਕਿ ਹਵਾਈ ਅੱਡਿਆਂ ’ਤੇ ਯਾਤਰੀਆਂ ਨੂੰ ਗ੍ਰਿਫ਼ਤਾਰ ਕਰਨਾ ਏਜੰਸੀ ਲਈ “ਆਸਾਨ ਨਿਸ਼ਾਨਾ” ਹੈ ਅਤੇ ਇਸ ਨਾਲ ਵ੍ਹਾਈਟ ਹਾਊਸ ਵੱਲੋਂ ਨਿਰਧਾਰਤ ਰੋਜ਼ਾਨਾ ਗ੍ਰਿਫ਼ਤਾਰੀਆਂ ਦੇ ਟੀਚੇ ਨੂੰ ਪੂਰਾ ਕਰਨ ਵਿਚ ਮਦਦ




ਮਿਲਦੀ ਹੈ।

ਇਹ ਨਵੀਂ ਕਾਰਵਾਈ ਪਿਛਲੀ ਨੀਤੀ ਤੋਂ ਵੱਖਰੀ ਮੰਨੀ ਜਾ ਰਹੀ ਹੈ। ਪਹਿਲਾਂ, ਜੇ ਕਿਸੇ ਵਿਅਕਤੀ ਦਾ ਕੋਈ ਗੰਭੀਰ ਅਪਰਾਧਿਕ ਰਿਕਾਰਡ ਨਹੀਂ ਸੀ ਜਾਂ ਉਹ ਸੁਰੱਖਿਆ ਲਈ ਖ਼ਤਰਾ ਨਹੀਂ ਮੰਨਿਆ ਜਾਂਦਾ ਸੀ, ਤਾਂ ਸਿਰਫ਼ ਇਮੀਗ੍ਰੇਸ਼ਨ ਸਥਿਤੀ ਦੇ ਆਧਾਰ ’ਤੇ ਉਸ ਦੀ ਘਰੇਲੂ ਹਵਾਈ ਯਾਤਰਾ ਆਮ ਤੌਰ ’ਤੇ ਨਹੀਂ ਰੋਕੀ ਜਾਂਦੀ ਸੀ। ਹੁਣ ਅਜਿਹਾ ਰਵੱਈਆ ਬਦਲਦਾ ਦਿਖਾਈ ਦੇ ਰਿਹਾ ਹੈ।

ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਦੇ ਬੁਲਾਰੇ ਨੇ ਵੀ ਇਸ ਸਹਿਯੋਗ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਦੇਸ਼ ਅਤੇ ਹਵਾਈ ਯਾਤਰਾ ਦੀ ਸੁਰੱਖਿਆ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਕੌਣ ਯਾਤਰਾ ਕਰ ਰਿਹਾ ਹੈ। ਵਿਭਾਗ ਨੇ ਇਹ ਵੀ ਕਿਹਾ ਕਿ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਜੋ ਲੋਕ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਹਨ, ਉਹ ਸਿਰਫ਼ ਦੇਸ਼ ਛੱਡਣ ਲਈ ਹੀ ਹਵਾਈ ਯਾਤਰਾ ਕਰ ਸਕਣ।

ਹਾਲ ਹੀ ਵਿਚ ਡੈਨਵਰ ਅਤੇ ਲਾਸ ਵੇਗਾਸ ਹਵਾਈ ਅੱਡਿਆਂ ’ਤੇ ਹੋਈਆਂ ਗ੍ਰਿਫ਼ਤਾਰੀਆਂ ਦੀਆਂ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋਈਆਂ ਹਨ। ਡੈਨਵਰ ਵਿਚ ਇਕਵਾਡੋਰ ਦੀ ਨਾਗਰਿਕ ਚੈਂਟਲ ਮੋਰਾਲੇਸ ਰੋਹਾਸ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਰਕਾਰ ਦਾ ਕਹਿਣਾ ਹੈ ਕਿ ਉਸ ਦਾ ਵੀਜ਼ਾ 2025 ਵਿਚ ਖ਼ਤਮ ਹੋ ਗਿਆ ਸੀ, ਜਦਕਿ ਉਸ ਦੇ ਵਕੀਲਾਂ ਦਾ ਦਾਅਵਾ ਹੈ ਕਿ ਉਸ ਕੋਲ ਕੰਮ ਕਰਨ ਦੀ ਮਨਜ਼ੂਰੀ ਸੀ ਅਤੇ ਉਸ ਦੀ ਇਮੀਗ੍ਰੇਸ਼ਨ ਅਰਜ਼ੀ ਲੰਬਿਤ ਸੀ। ਇੱਕ ਇਮੀਗ੍ਰੇਸ਼ਨ ਜੱਜ ਨੇ ਬਾਅਦ ਵਿਚ ਉਸ ਨੂੰ ਬਾਂਡ ’ਤੇ ਰਿਹਾਅ ਕਰਨ ਦਾ ਹੁਕਮ ਦਿੱਤਾ।

ਇਸੇ ਤਰ੍ਹਾਂ ਲਾਸ ਵੇਗਾਸ ਹਵਾਈ ਅੱਡੇ ’ਤੇ ਆਸਟ੍ਰੇਲੀਆਈ ਨਾਗਰਿਕ ਫੂ ਨਗੁਯੇਨ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਦੌਰਾਨ ਯਾਤਰੀਆਂ ਨੇ ਵਿਰੋਧ ਕੀਤਾ, ਜਿਸ ਕਾਰਨ ਉਹ ਉੱਥੋਂ ਜਹਾਜ਼ ਵਿਚ ਸਵਾਰ ਹੋ ਗਿਆ। ਹਾਲਾਂਕਿ ਲਾਸ ਏਂਜਲਸ ਪਹੁੰਚਣ ’ਤੇ ਆਈਸ ਨੇ ਉਸ ਨੂੰ ਮੁੜ ਹਿਰਾਸਤ ਵਿਚ ਲੈ ਲਿਆ। ਅਧਿਕਾਰੀਆਂ ਦਾ ਦੋਸ਼ ਹੈ ਕਿ ਉਸ ਦਾ ਵੀਜ਼ਾ ਕਈ ਸਾਲ ਪਹਿਲਾਂ ਹੀ ਸਮਾਪਤ ਹੋ ਚੁੱਕਾ ਸੀ।

# 7 ਸਾਲ ਅਮਰੀਕਾ ’ਚ ਰਹਿਣ ਵਾਲਿਆਂ ਲਈ ਗ੍ਰੀਨ ਕਾਰਡ ਦਾ ਖੁੱਲ੍ਹੇਗਾ ਰਾਹ!

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਲੰਬੇ ਸਮੇਂ ਤੋਂ ਰਹਿ ਰਹੇ ਲੱਖਾਂ ਪ੍ਰਵਾਸੀਆਂ ਲਈ ਗ੍ਰੀਨ ਕਾਰਡ ਦਾ ਰਾਹ ਖੋਲ੍ਹਣ ਦੀ ਕੋਸ਼ਿਸ਼ ਇੱਕ ਵਾਰ ਫਿਰ ਸ਼ੁਰੂ ਹੋ ਗਈ ਹੈ। ਕੈਲੀਫੋਰਨੀਆ ਤੋਂ ਡੈਮੋਕ੍ਰੇਟਿਕ ਸੈਨੇਟਰ ਐਲੈਕਸ ਪਡੀਲਾ ਨੇ ‘ਰੀਨਿਊਇੰਗ ਇਮੀਗ੍ਰੇਸ਼ਨ ਪ੍ਰੋਵੀਜ਼ਨਜ਼ ਆਫ ਦ ਇਮੀਗ੍ਰੇਸ਼ਨ ਐਕਟ ਆਫ 1929’ ਨਾਮਕ ਬਿੱਲ ਦੁਬਾਰਾ ਸੈਨੇਟ ਵਿਚ ਪੇਸ਼ ਕੀਤਾ ਹੈ। ਜੇਕਰ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ, ਤਾਂ 7 ਸਾਲ ਤੋਂ ਲਗਾਤਾਰ ਅਮਰੀਕਾ ਵਿਚ ਰਹਿ ਰਹੇ ਅਤੇ ਹੋਰ ਯੋਗਤਾ ਸ਼ਰਤਾਂ ਪੂਰੀਆਂ ਕਰਨ ਵਾਲੇ ਲੱਖਾਂ ਲੋਕਾਂ ਨੂੰ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਦਾ ਮੌਕਾ ਮਿਲ ਸਕਦਾ ਹੈ।

ਮੌਜੂਦਾ ਕਾਨੂੰਨ ਅਨੁਸਾਰ ਰਜਿਸਟਰੀ ਪ੍ਰਾਵਧਾਨ ਹੇਠ ਕੇਵਲ ਉਹੀ ਲੋਕ ਗ੍ਰੀਨ ਕਾਰਡ ਲਈ ਯੋਗ ਹਨ, ਜੋ 1 ਜਨਵਰੀ 1972 ਤੋਂ ਪਹਿਲਾਂ ਅਮਰੀਕਾ ਵਿਚ ਰਹਿ ਰਹੇ ਸਨ। ਇਹ ਤਾਰੀਖ 1986 ਤੋਂ ਅੱਜ ਤੱਕ ਨਹੀਂ ਬਦਲੀ, ਜਿਸ ਕਾਰਨ ਇਹ ਕਾਨੂੰਨੀ ਰਸਤਾ ਲਗਭਗ ਬੇਅਸਰ ਹੋ ਗਿਆ ਹੈ ਅਤੇ ਬਹੁਤ ਘੱਟ ਲੋਕ ਹੀ ਇਸ ਦਾ ਲਾਭ ਲੈ ਸਕਦੇ ਹਨ।

ਸੈਨੇਟਰ ਪਡੀਲਾ ਦਾ ਬਿੱਲ ਇਸ ਪੁਰਾਣੀ ਤਾਰੀਖ ਨੂੰ ਹਟਾ ਕੇ ਰੋਲਿੰਗ 7 ਸਾਲ ਦੀ ਯੋਗਤਾ ਲਾਗੂ ਕਰਨ ਦਾ ਪ੍ਰਸਤਾਵ ਰੱਖਦਾ ਹੈ। ਇਸ ਤਹਿਤ ਜੋ ਵਿਅਕਤੀ ਅਰਜ਼ੀ ਦੇਣ ਤੋਂ ਪਹਿਲਾਂ ਘੱਟੋ-ਘੱਟ 7 ਸਾਲ ਲਗਾਤਾਰ ਅਮਰੀਕਾ ਵਿਚ ਰਹਿ ਚੁੱਕਾ ਹੋਵੇ, ਜਿਸ ਦਾ ਕੋਈ ਗੰਭੀਰ ਅਪਰਾਧਿਕ ਰਿਕਾਰਡ ਨਾ ਹੋਵੇ ਅਤੇ ਜੋ ਹੋਰ ਇਮੀਗ੍ਰੇਸ਼ਨ ਸ਼ਰਤਾਂ ਪੂਰੀਆਂ ਕਰਦਾ ਹੋਵੇ, ਉਹ ਰਜਿਸਟਰੀ ਰਾਹੀਂ ਗ੍ਰੀਨ ਕਾਰਡ ਲਈ ਅਰਜ਼ੀ ਦੇ ਸਕੇਗਾ।

ਇਸ ਬਿੱਲ ਨਾਲ ਡ੍ਰੀਮਰਜ਼ (DACA), ਟੈਂਪਰੇਰੀ ਪ੍ਰੋਟੈਕਟਿਡ ਸਟੇਟਸ (ਟੀ.ਪੀ.ਐੱਸ.) ਧਾਰਕ, ਲੰਬੇ ਸਮੇਂ ਤੋਂ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਕੁਝ

## ਕਾਂਗਰਸ ’ਚ ਨਵਾਂ ਬਿੱਲ ਮੁੜ ਪੇਸ਼




ਐੱਚ-1ਬੀ ਵੀਜ਼ਾ ਧਾਰਕ, ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਬੈਕਲਾਗ ਵਿਚ ਫਸੇ ਹਜ਼ਾਰਾਂ ਭਾਰਤੀ ਪੇਸ਼ੇਵਰ ਅਤੇ ਹੋਰ ਲੰਬੇ ਸਮੇਂ ਤੋਂ ਅਮਰੀਕਾ ’ਚ ਰਹਿ ਰਹੇ ਪ੍ਰਵਾਸੀ ਲਾਭ ਪ੍ਰਾਪਤ ਕਰ ਸਕਦੇ ਹਨ, ਜੇਕਰ ਉਹ ਕਾਨੂੰਨੀ ਯੋਗਤਾ ਪੂਰੀ ਕਰਦੇ ਹੋਣ।

ਸੈਨੇਟਰ ਪਡੀਲਾ ਨੇ ਕਿਹਾ ਕਿ ਕਾਂਗਰਸ ਹੁਣ ਉਨ੍ਹਾਂ ਲੱਖਾਂ ਲੋਕਾਂ ਨੂੰ ਹੋਰ ਨਜ਼ਰਅੰਦਾਜ਼ ਨਹੀਂ ਕਰ ਸਕਦੀ, ਜਿਨ੍ਹਾਂ ਨੇ ਸਾਲਾਂ ਤੋਂ ਅਮਰੀਕਾ ਵਿਚ ਰਹਿ ਕੇ ਕੰਮ ਕੀਤਾ, ਟੈਕਸ ਅਦਾ ਕੀਤਾ ਅਤੇ ਦੇਸ਼ ਦੀ ਆਰਥਿਕਤਾ ਵਿਚ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਅਨੁਸਾਰ, ਇਮੀਗ੍ਰੇਸ਼ਨ ਕਾਨੂੰਨ ਨੂੰ ਆਧੁਨਿਕ ਬਣਾਉਣ ਅਤੇ ਲੰਬੇ ਸਮੇਂ ਤੋਂ ਰਹਿ ਰਹੇ ਲੋਕਾਂ ਲਈ ਕਾਨੂੰਨੀ ਸਥਾਈ ਨਿਵਾਸ ਦਾ ਨਿਆਂਪੂਰਨ ਰਸਤਾ ਦੇਣ ਦੀ ਲੋੜ ਹੈ।

ਦੂਜੇ ਪਾਸੇ, ਰਿਪਬਲਿਕਨ ਅਤੇ ਕੜੇ ਇਮੀਗ੍ਰੇਸ਼ਨ ਕਾਨੂੰਨਾਂ ਦੇ ਸਮਰਥਕ ਇਸ ਤਰ੍ਹਾਂ ਦੇ ਪ੍ਰਸਤਾਵਾਂ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰਹੱਦੀ ਸੁਰੱਖਿਆ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ’ਤੇ ਸਖ਼ਤ ਕਾਰਵਾਈ ਤੋਂ ਬਿਨਾਂ ਵੱਡੇ ਪੱਧਰ ’ਤੇ ਗ੍ਰੀਨ ਕਾਰਡ ਦਾ ਰਾਹ ਖੋਲ੍ਹਣਾ ਠੀਕ ਨਹੀਂ ਹੋਵੇਗਾ।

ਹਾਲਾਂਕਿ ਇਹ ਗੱਲ ਧਿਆਨ ਵਿਚ ਰੱਖਣੀ ਜ਼ਰੂਰੀ ਹੈ ਕਿ ਇਹ ਅਜੇ ਸਿਰਫ਼ ਇੱਕ ਬਿੱਲ ਹੈ, ਕਾਨੂੰਨ ਨਹੀਂ।

# ਟਰੰਪ ਦੀ ਤਸਵੀਰ ਵਾਲੇ ਵਿਸ਼ੇਸ਼ ਅਮਰੀਕੀ ਪਾਸਪੋਰਟ ਹੁਣ ਦੇਸ਼ ਭਰ ’ਚ ਹੋਣਗੇ ਉਪਲਬਧ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਮੌਕੇ ਜਾਰੀ ਕੀਤੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਸਵੀਰ ਵਾਲੇ ਵਿਸ਼ੇਸ਼ ਯਾਦਗਾਰੀ ਪਾਸਪੋਰਟ ਹੁਣ ਵਾਸ਼ਿੰਗਟਨ ਡੀ.ਸੀ. ਤੋਂ ਬਾਹਰ ਵੀ ਦੇਸ਼ ਭਰ ਦੇ ਚੁਣੇ ਹੋਏ ਪਾਸਪੋਰਟ ਕੇਂਦਰਾਂ ’ਤੇ ਉਪਲਬਧ ਕਰਵਾਏ ਜਾਣਗੇ। ਅਮਰੀਕੀ ਵਿਦੇਸ਼ ਵਿਭਾਗ ਨੇ ਇਸ ਵਿਸ਼ੇਸ਼ ਪਾਸਪੋਰਟ ਨੂੰ “ਪੈਟਰੀਅਟ ਪਾਸਪੋਰਟ” ਦਾ ਨਾਮ ਦਿੱਤਾ ਹੈ। ਵਿਦੇਸ਼ ਵਿਭਾਗ ਅਨੁਸਾਰ ਲੋਕਾਂ ਵੱਲੋਂ ਮਿਲੀ ਭਾਰੀ ਮੰਗ ਤੋਂ ਬਾਅਦ ਇਸ ਵਿਸ਼ੇਸ਼ ਡਿਜ਼ਾਈਨ ਵਾਲੇ ਹੋਰ 2 ਲੱਖ 50 ਹਜ਼ਾਰ ਪਾਸਪੋਰਟ ਜਾਰੀ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਪਹਿਲਾਂ ਇਹ ਪਾਸਪੋਰਟ ਸਿਰਫ਼ ਵਾਸ਼ਿੰਗਟਨ ਡੀ.ਸੀ. ਸਥਿਤ ਪਾਸਪੋਰਟ ਏਜੰਸੀ ਵਿਚ ਵਿਅਕਤੀਗਤ ਤੌਰ ’ਤੇ ਅਰਜ਼ੀ ਦੇਣ ਵਾਲਿਆਂ ਨੂੰ ਦਿੱਤੇ ਜਾ ਰਹੇ ਸਨ। ਹੁਣ ਅਗਸਤ ਮਹੀਨੇ ਦੌਰਾਨ ਅਮਰੀਕਾ ਦੀਆਂ ਵੱਖ-ਵੱਖ ਪਾਸਪੋਰਟ ਏਜੰਸੀਆਂ ਅਤੇ ਕੇਂਦਰਾਂ ’ਤੇ ਵਿਸ਼ੇਸ਼ ਅਰਜ਼ੀ ਸਮਾਗਮ ਕਰਵਾਏ ਜਾਣਗੇ।

ਪਹਿਲੇ ਪੜਾਅ ’ਚ 8 ਅਗਸਤ ਤੋਂ ਸ਼ਿਕਾਗੋ, ਡੈਲਸ, ਡੈਟਰਾਇਟ, ਨਿਊ ਔਰਲੀਨਜ਼, ਨਿਊਯਾਰਕ, ਸਟੈਨਫੋਰਡ ਅਤੇ ਸੈਂਟੇਨੀਅਲ ਸਮੇਤ ਕਈ ਸ਼ਹਿਰਾਂ ਵਿਚ ਇੱਕ ਦਿਨ ਦੇ ਵਿਸ਼ੇਸ਼ ਸਮਾਗਮ ਕੀਤੇ ਜਾਣਗੇ। ਇਸ ਤੋਂ ਬਾਅਦ ਹੋਰ ਸ਼ਹਿਰਾਂ ਅਤੇ ਪਾਸਪੋਰਟ ਦਫ਼ਤਰਾਂ ਨੂੰ ਵੀ ਇਸ ਮੁਹਿੰਮ ਵਿਚ ਸ਼ਾਮਲ ਕੀਤਾ ਜਾਵੇਗਾ। ਇਹ ਪਾਸਪੋਰਟ ਪ੍ਰਾਪਤ ਕਰਨ ਲਈ ਬਿਨੈਕਾਰ ਨੂੰ ਨਿਰਧਾਰਤ ਦਿਨ ਵਿਅਕਤੀਗਤ ਤੌਰ ’ਤੇ ਪਾਸਪੋਰਟ ਏਜੰਸੀ ਜਾਣਾ ਪਵੇਗਾ ਅਤੇ ਪਹਿਲਾਂ ਤੋਂ ਮੁਲਾਕਾਤ ਦਾ ਸਮਾਂ ਲੈਣਾ ਲਾਜ਼ਮੀ ਹੋਵੇਗਾ। ਮੁਲਾਕਾਤ ਲਈ ਨੈਸ਼ਨਲ ਪਾਸਪੋਰਟ ਇਨਫਰਮੇਸ਼ਨ ਸੈਂਟਰ ਦੇ ਨੰਬਰ 1-877-487-2778 ’ਤੇ ਸੰਪਰਕ ਕਰਕੇ ਮੇਨੂ ਵਿਕਲਪ 9 ਚੁਣਿਆ ਜਾ ਸਕਦਾ ਹੈ। ਇਹ ਮੁਲਾਕਾਤ ਆਨਲਾਈਨ ਨਹੀਂ ਲਈ ਜਾ ਸਕਦੀ।

ਵਿਦੇਸ਼ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਜਿਹੜੇ ਲੋਕ ਆਨਲਾਈਨ, ਡਾਕ ਰਾਹੀਂ, ਆਮ ਪਾਸਪੋਰਟ ਸਵੀਕ੍ਰਿਤੀ ਕੇਂਦਰ ਜਾਂ ਵਿਦੇਸ਼ ਸਥਿਤ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਰਾਹੀਂ ਅਰਜ਼ੀ ਦੇਣਗੇ, ਉਨ੍ਹਾਂ ਨੂੰ ਇਹ ਵਿਸ਼ੇਸ਼ “ਪੈਟਰੀਅਟ ਪਾਸਪੋਰਟ” ਨਹੀਂ ਮਿਲੇਗਾ। ਇਸ ਲਈ ਨਿਰਧਾਰਤ ਵਿਸ਼ੇਸ਼ ਸਮਾਗਮ ਜਾਂ ਵਾਸ਼ਿੰਗਟਨ ਪਾਸਪੋਰਟ ਏਜੰਸੀ ਵਿਚ ਵਿਅਕਤੀਗਤ ਅਰਜ਼ੀ ਦੇਣੀ ਜ਼ਰੂਰੀ ਹੋਵੇਗੀ।

# ਇੱਕ ਸਾਲ ਤੋਂ ਬਾਅਦ ਵੀ ਅਸਾਇਲਮ ਅਰਜ਼ੀ ਹੋ ਸਕਦੀ ਹੈ ਮਨਜ਼ੂਰ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੇ ਅਸਾਇਲਮ ਲਈ ਇੱਕ ਸਾਲ ਦੀ ਕਾਨੂੰਨੀ ਮਿਆਦ ਤੋਂ ਬਾਅਦ ਦਾਇਰ ਕੀਤੀਆਂ ਜਾਣ ਵਾਲੀਆਂ ਅਰਜ਼ੀਆਂ ਸਬੰਧੀ ਮਹੱਤਵਪੂਰਨ ਸਪੱਸ਼ਟਤਾ ਜਾਰੀ ਕੀਤੀ ਹੈ। ਹਾਲਾਂਕਿ ਕਾਨੂੰਨ 'ਚ ਇਹ ਛੋਟਾਂ ਪਹਿਲਾਂ ਤੋਂ ਹੀ ਮੌਜੂਦ ਸਨ, ਪਰ ਹੁਣ ਯੂ.ਐੱਸ.ਸੀ.ਆਈ.ਐੱਸ. ਨੇ ਨਵੇਂ ਫਾਰਮ ਆਈ-589 ਦੀਆਂ ਹਦਾਇਤਾਂ ਵਿਚ ਸਾਫ਼-ਸਾਫ਼ ਲਿਖ ਦਿੱਤਾ ਹੈ ਕਿ ਕਿਹੜੀਆਂ ਸਥਿਤੀਆਂ ਵਿਚ ਦੇਰੀ ਨਾਲ ਦਾਇਰ ਕੀਤੀ ਗਈ ਅਸਾਇਲਮ ਅਰਜ਼ੀ ਵੀ ਸਵੀਕਾਰ ਕੀਤੀ ਜਾ ਸਕਦੀ ਹੈ। ਇਹ ਸਪੱਸ਼ਟੀਕਰਨ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਮਹੱਤਵਪੂਰਨ ਹੈ, ਜੋ ਇੱਕ ਸਾਲ ਦੀ ਮਿਆਦ ਲੰਘ ਜਾਣ ਕਾਰਨ ਸਮਝਦੇ ਹਨ ਕਿ ਹੁਣ ਉਨ੍ਹਾਂ ਕੋਲ ਅਸਾਇਲਮ ਦਾ ਕੋਈ ਰਾਹ ਨਹੀਂ ਬਚਿਆ।

ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਮੁਤਾਬਕ, ਹਰ ਵਿਅਕਤੀ ਨੂੰ ਆਪਣੇ ਅਮਰੀਕਾ ਵਿਚ ਆਖਰੀ ਦਾਖਲੇ ਤੋਂ ਇੱਕ ਸਾਲ ਦੇ ਅੰਦਰ ਅਸਾਇਲਮ ਲਈ ਅਰਜ਼ੀ ਦੇਣੀ ਹੁੰਦੀ ਹੈ। ਜੇ ਇਹ ਮਿਆਦ ਲੰਘ ਜਾਵੇ ਤਾਂ ਆਮ ਤੌਰ 'ਤੇ ਅਸਾਇਲਮ ਦੀ ਅਰਜ਼ੀ ਰੱਦ ਹੋ ਸਕਦੀ ਹੈ। ਪਰ ਕਾਨੂੰਨ ਵਿਚ ਦੋ ਅਜਿਹੀਆਂ ਛੋਟਾਂ ਹਨ, ਜਿਨ੍ਹਾਂ ਦੇ ਆਧਾਰ 'ਤੇ ਦੇਰੀ ਨਾਲ ਕੀਤੀ

**■ ਯੂ.ਐੱਸ.ਸੀ.ਆਈ.ਐੱਸ. ਵੱਲੋਂ ਦੇਰੀ ਨਾਲ ਫਾਈਲ ਕਰਨ ਦੇ ਨਿਯਮ ਸਪੱਸ਼ਟ**

ਅਰਜ਼ੀ ਵੀ ਕਬੂਲ ਹੋ ਸਕਦੀ ਹੈ।

ਯੂ.ਐੱਸ.ਸੀ.ਆਈ.ਐੱਸ. ਅਨੁਸਾਰ ਪਹਿਲੀ ਛੋਟ ਉਸ ਵੇਲੇ ਲਾਗੂ ਹੋ ਸਕਦੀ ਹੈ, ਜਦੋਂ ਅਰਜ਼ੀਦਾਰ ਦੇ ਆਪਣੇ ਦੇਸ਼ ਵਿਚ ਉਸ ਦੇ ਅਮਰੀਕਾ ਆਉਣ ਤੋਂ ਬਾਅਦ ਹਾਲਾਤ ਗੰਭੀਰ ਤੌਰ 'ਤੇ ਬਦਲ ਗਏ ਹੋਣ। ਜੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਧ ਗਈ ਹੋਵੇ, ਰਾਜਨੀਤਿਕ ਜਾਂ ਧਾਰਮਿਕ ਜ਼ੁਲਮ ਦਾ ਖਤਰਾ ਪੈਦਾ ਹੋ ਗਿਆ ਹੋਵੇ ਜਾਂ ਸੁਰੱਖਿਆ ਸਥਿਤੀ ਬਹੁਤ ਖਰਾਬ ਹੋ ਗਈ ਹੋਵੇ, ਤਾਂ ਇਹ ਦੇਰੀ ਦਾ ਜਾਇਜ਼ ਕਾਰਨ ਬਣ ਸਕਦਾ ਹੈ।

ਦੂਜੀ ਛੋਟ ਉਸ ਸਥਿਤੀ ਵਿਚ ਮਿਲ ਸਕਦੀ ਹੈ, ਜਦੋਂ ਕੋਈ ਅਸਾਧਾਰਣ ਹਾਲਾਤ ਅਰਜ਼ੀ ਸਮੇਂ ਸਿਰ ਦਾਇਰ ਕਰਨ ਵਿਚ ਰੁਕਾਵਟ ਬਣੇ ਹੋਣ। ਉਦਾਹਰਨ ਵਜੋਂ, ਗੰਭੀਰ ਬਿਮਾਰੀ, ਮਾਨਸਿਕ ਜਾਂ ਸਰੀਰਕ ਅਸਮਰੱਥਾ, ਜਾਂ ਕੋਈ ਹੋਰ ਵੱਡੀ ਰੁਕਾਵਟ ਜਿਸ ਕਾਰਨ ਅਰਜ਼ੀਦਾਰ ਸਮੇਂ ਸਿਰ ਅਰਜ਼ੀ ਨਾ ਦੇ ਸਕਿਆ ਹੋਵੇ। ਇਸੇ ਤਰ੍ਹਾਂ ਜੇ ਪਹਿਲਾਂ ਭੇਜੀ ਗਈ ਅਰਜ਼ੀ ਕਿਸੇ ਤਕਨੀਕੀ ਕਮੀ ਕਾਰਨ ਵਾਪਸ ਆ ਗਈ ਸੀ ਅਤੇ ਉਸ ਨੂੰ ਵਾਜਬ ਸਮੇਂ ਵਿਚ ਦੁਬਾਰਾ ਠੀਕ ਕਰਕੇ ਦਾਇਰ ਕੀਤਾ ਗਿਆ, ਤਾਂ ਇਹ ਵੀ ਦੇਰੀ ਲਈ ਸਵੀਕਾਰਯੋਗ ਕਾਰਨ ਹੋ ਸਕਦਾ ਹੈ।




ਯੂ.ਐੱਸ.ਸੀ.ਆਈ.ਐੱਸ. ਨੇ ਇਹ ਵੀ ਕਿਹਾ ਹੈ ਕਿ ਅਰਜ਼ੀਦਾਰ ਨੂੰ ਆਪਣੀ ਦੇਰੀ ਦਾ ਕਾਰਨ ਫਾਰਮ ਆਈ-589 ਵਿਚ ਸਪੱਸ਼ਟ ਅਤੇ ਵਿਸਥਾਰ ਨਾਲ ਲਿਖਣਾ ਚਾਹੀਦਾ ਹੈ, ਕਿਉਂਕਿ ਕਈ ਮਾਮਲਿਆਂ ਵਿਚ ਇਹੀ ਉਸਦਾ ਸਭ ਤੋਂ ਮਹੱਤਵਪੂਰਨ ਮੌਕਾ ਹੁੰਦਾ ਹੈ। ਜੇ ਕੇਸ ਦਾ ਇੰਟਰਵਿਊ ਜਾਂ ਇਮੀਗ੍ਰੇਸ਼ਨ ਕੋਰਟ ਵਿਚ ਸੁਣਵਾਈ ਹੁੰਦੀ ਹੈ, ਤਾਂ ਅਰਜ਼ੀਦਾਰ ਨੂੰ ਇਹ ਕਾਰਨ ਸਬੂਤਾਂ ਸਮੇਤ ਮੌਖਿਕ ਤੌਰ 'ਤੇ ਵੀ ਸਮਝਾਉਣਾ ਪਵੇਗਾ।

ਇਹ ਸਪੱਸ਼ਟੀਕਰਨ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਅਹਿਮ ਹੈ, ਜਿਨ੍ਹਾਂ ਦਾ ਟੈਂਪਰੇਰੀ ਪ੍ਰੋਟੈਕਟਿਡ ਸਟੇਟਸ (ਟੀ.ਪੀ.ਐੱਸ.) ਖਤਮ ਹੋ ਗਿਆ ਹੈ। ਯੂ.ਐੱਸ.ਸੀ.ਆਈ.ਐੱਸ. ਨੇ ਸਾਫ਼ ਕੀਤਾ ਹੈ ਕਿ ਟੀ.ਪੀ.ਐੱਸ. ਮਿਲਣਾ ਜਾਂ ਉਸ ਦੀ ਮਿਆਦ ਵਧਣਾ ਇੱਕ ਸਾਲ ਦੀ ਅਸਾਇਲਮ ਮਿਆਦ ਨੂੰ ਆਪਣੇ ਆਪ ਨਹੀਂ ਰੋਕਦਾ। ਇੱਕ ਸਾਲ ਦੀ ਗਿਣਤੀ ਹਮੇਸ਼ਾਂ ਅਮਰੀਕਾ ਵਿਚ ਆਖਰੀ ਦਾਖਲੇ ਦੀ ਤਾਰੀਖ ਤੋਂ ਹੀ ਹੁੰਦੀ ਹੈ। ਇਸ ਲਈ ਜੇ ਕਿਸੇ ਵਿਅਕਤੀ ਨੇ ਕਈ ਸਾਲ ਟੀ.ਪੀ.ਐੱਸ. ਦੇ ਆਧਾਰ 'ਤੇ ਅਮਰੀਕਾ ਵਿਚ ਰਹਿ ਕੇ ਹੁਣ ਅਸਾਇਲਮ ਲਈ ਅਰਜ਼ੀ ਦੇਣੀ ਹੈ, ਤਾਂ ਉਸ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਸ ਦੇ ਕੇਸ ਵਿਚ ਕਾਨੂੰਨੀ ਛੋਟ ਲਾਗੂ ਹੁੰਦੀ ਹੈ।

ਯੂ.ਐੱਸ.ਸੀ.ਆਈ.ਐੱਸ. ਨੇ ਇਹ ਵੀ ਯਾਦ ਦਿਵਾਇਆ ਹੈ ਕਿ ਜੇ ਕਿਸੇ ਵਿਅਕਤੀ ਦੀ ਦੇਰੀ ਨਾਲ ਦਾਇਰ ਕੀਤੀ ਅਸਾਇਲਮ ਅਰਜ਼ੀ ਰੱਦ ਵੀ ਹੋ ਜਾਵੇ, ਤਾਂ ਵੀ ਉਸ ਲਈ ਸਾਰੇ ਰਸਤੇ ਬੰਦ ਨਹੀਂ ਹੁੰਦੇ। ਉਹ ਵਿਦਹੋਲਡਿੰਗ ਆਫ ਰਿਮੂਵਲ ਜਾਂ ਕਨਵੈਨਸ਼ਨ ਅਗੇਂਸਟ ਟਾਰਚਰ (ਸੀ.ਏ.ਟੀ.) ਤਹਿਤ ਸੁਰੱਖਿਆ ਦੀ ਮੰਗ ਕਰ ਸਕਦਾ ਹੈ। ਇਨ੍ਹਾਂ ਦੋਹਾਂ ਲਈ ਇੱਕ ਸਾਲ ਦੀ ਕੋਈ ਸਮਾਂ ਸੀਮਾ ਨਹੀਂ ਹੈ, ਹਾਲਾਂਕਿ ਇਨ੍ਹਾਂ ਵਿਚ ਸਬੂਤਾਂ ਦਾ ਮਾਪਦੰਡ ਕਾਫ਼ੀ ਸਖ਼ਤ ਹੁੰਦਾ ਹੈ ਅਤੇ ਇਨ੍ਹਾਂ ਰਾਹੀਂ ਗ੍ਰੀਨ ਕਾਰਡ ਦਾ ਸਿੱਧਾ ਰਸਤਾ ਨਹੀਂ ਮਿਲਦਾ। ਇਸ ਦੇ ਨਾਲ ਯੂ.ਐੱਸ.ਸੀ.ਆਈ.ਐੱਸ. ਨੇ ਨਵੇਂ ਫਾਰਮ ਅਤੇ ਫੀਸਾਂ ਬਾਰੇ ਵੀ ਜਾਣਕਾਰੀ ਦਿੱਤੀ ਹੈ। 28 ਅਗਸਤ 2026 ਤੋਂ ਕੇਵਲ 28 ਜੁਲਾਈ 2026 ਐਡੀਸ਼ਨ ਵਾਲਾ ਨਵਾਂ ਫਾਰਮ ਆਈ-589 ਹੀ ਸਵੀਕਾਰ ਕੀਤਾ ਜਾਵੇਗਾ। ਨਵੇਂ ਕਾਨੂੰਨਾਂ ਅਧੀਨ ਅਸਾਇਲਮ ਅਰਜ਼ੀ ਲਈ ਫਾਈਲਿੰਗ ਫੀਸ ਅਤੇ ਲੰਬਿਤ ਕੇਸਾਂ ਲਈ ਸਾਲਾਨਾ ਅਸਾਇਲਮ ਫੀਸ ਵੀ ਲਾਗੂ ਹੈ। ਜੇ ਸਾਲਾਨਾ ਫੀਸ ਸਮੇਂ ਸਿਰ ਜਮ੍ਹਾਂ ਨਾ ਕਰਵਾਈ ਗਈ ਤਾਂ ਯੂ.ਐੱਸ.ਸੀ.ਆਈ.ਐੱਸ. ਅਰਜ਼ੀ ਰੱਦ ਕਰ ਸਕਦੀ ਹੈ, ਹਾਲਾਂਕਿ ਇਸ ਨੀਤੀ ਨੂੰ ਇਸ ਵੇਲੇ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਰਹੀ ਹੈ।

# ਆਈਸ ਵੱਲੋਂ ਭਾਰਤੀ ਮੂਲ ਦੇ ਇਮੀਗ੍ਰੇਸ਼ਨ ਵਕੀਲ ਖਿਲਾਫ 4.7 ਲੱਖ ਡਾਲਰ ਤੋਂ ਵੱਧ ਜੁਰਮਾਨੇ ਦਾ ਨੋਟਿਸ ਜਾਰੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸ) ਨੇ ਨਿਊਯਾਰਕ ਦੇ ਇਮੀਗ੍ਰੇਸ਼ਨ ਵਕੀਲ ਸੁਰਾਜ ਰਾਜ ਸਿੰਘ ਖ਼ਿਲਾਫ਼ 470,584 ਡਾਲਰ ਦੇ ਸਿਵਲ ਜੁਰਮਾਨੇ ਦੀ ਨੋਟਿਸ ਜਾਰੀ ਕੀਤੀ ਹੈ। ਦੋਸ਼ ਹੈ ਕਿ ਵਕੀਲ ਨੇ ਵੱਖ-ਵੱਖ ਮੁਅੱਕਲਾਂ ਦੇ ਅਸਾਇਲਮ ਕੇਸਾਂ ਵਿਚ ਇੱਕੋ ਜਿਹੀ ਕਹਾਣੀ ਅਤੇ ਲਗਭਗ ਇੱਕੋ ਭਾਸ਼ਾ ਵਾਲੇ ਦਸਤਾਵੇਜ਼ ਵਾਰ-ਵਾਰ ਵਰਤੇ।

ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਦੇ ਅਨੁਸਾਰ, ਵਕੀਲ ਨੇ 54 ਵੱਖ-ਵੱਖ ਅਸਾਇਲਮ ਕੇਸਾਂ ਵਿਚ ਕੁੱਲ 118 ਦਸਤਾਵੇਜ਼ ਦਾਖ਼ਲ ਕੀਤੇ, ਜਿਨ੍ਹਾਂ ਵਿਚ ਪੀੜਨਾ (ਅੱਤਿਆਚਾਰ) ਦੀਆਂ ਕਹਾਣੀਆਂ ਬਹੁਤ ਹੱਦ ਤੱਕ ਇੱਕੋ ਜਿਹੀਆਂ ਸਨ। ਆਮ ਤੌਰ 'ਤੇ ਹਰ ਅਸਾਇਲਮ ਅਰਜ਼ੀ ਵਿਅਕਤੀਗਤ ਹਾਲਾਤਾਂ ਅਤੇ ਅਲੱਗ-ਅਲੱਗ ਤੱਥਾਂ 'ਤੇ ਆਧਾਰਿਤ ਹੁੰਦੀ ਹੈ।

ਡੀ.ਐੱਚ.ਐੱਸ. ਦੇ ਜਨਰਲ ਕੌਂਸਲ ਜੇਮਜ਼ ਪਰਸਿਵਲ ਨੇ ਕਿਹਾ ਕਿ ਜੇਕਰ ਅਸਾਇਲਮ ਅਰਜ਼ੀਆਂ ਵਿਚ ਝੂਠੇ ਜਾਂ ਕਾਪੀ ਕੀਤੇ ਹੋਏ ਦਸਤਾਵੇਜ਼ ਵਰਤੇ ਜਾਂਦੇ ਹਨ, ਤਾਂ ਇਹ ਪੂਰੇ ਅਮਰੀਕੀ ਇਮੀਗ੍ਰੇਸ਼ਨ ਸਿਸਟਮ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਜਿਹੇ ਮਾਮਲਿਆਂ ਵਿਚ ਵਕੀਲਾਂ ਨੂੰ ਵੀ ਜਵਾਬਦੇਹ ਬਣਾਏਗੀ।

ਇਹ ਕਾਰਵਾਈ 8 ਯੂ.ਐੱਸ.ਸੀ. - 1324ਸੀ(ਡੀ) ਦੇ ਤਹਿਤ ਕੀਤੀ ਜਾ ਰਹੀ ਹੈ, ਜੋ ਇਮੀਗ੍ਰੇਸ਼ਨ ਨਾਲ ਸੰਬੰਧਿਤ ਦਸਤਾਵੇਜ਼ੀ ਧੋਖਾਧੜੀ ਲਈ ਸਿਵਲ ਜੁਰਮਾਨੇ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ,

**■ ਇੱਕੋ ਅਸਾਇਲਮ ਕਹਾਣੀ 118 ਕੇਸਾਂ 'ਚ ਵਰਤਣ ਦੇ ਦੋਸ਼**




ਇਹ ਅਜੇ ਕੇਵਲ ਪ੍ਰਸਤਾਵਿਤ ਜੁਰਮਾਨਾ ਹੈ। ਵਕੀਲ ਸੁਰਾਜ ਰਾਜ ਸਿੰਘ ਨੂੰ ਆਪਣਾ ਪੱਖ ਰੱਖਣ ਅਤੇ ਦੋਸ਼ਾਂ ਦਾ ਜਵਾਬ ਦੇਣ ਦਾ ਪੂਰਾ ਮੌਕਾ ਦਿੱਤਾ ਗਿਆ ਹੈ। ਅਜੇ ਤੱਕ ਉਨ੍ਹਾਂ ਵੱਲੋਂ ਕੋਈ ਜਨਤਕ ਬਿਆਨ ਜਾਰੀ ਨਹੀਂ ਕੀਤਾ ਗਿਆ।

ਇਹ ਇਸ ਕਿਸਮ ਦਾ ਦੂਜਾ ਵੱਡਾ ਮਾਮਲਾ ਹੈ। ਪਿਛਲੇ ਮਹੀਨੇ ਵੀ ਆਈਸ ਨੇ ਇੱਕ ਹੋਰ ਇਮੀਗ੍ਰੇਸ਼ਨ ਵਕੀਲ ਵਿਨੋਦ ਡੋਡਾਮਾਨੀ ਖ਼ਿਲਾਫ਼ ਇਸੇ ਕਾਨੂੰਨ ਤਹਿਤ ਲਗਭਗ 255,232 ਡਾਲਰ ਦੇ ਜੁਰਮਾਨੇ ਦੀ ਕਾਰਵਾਈ ਸ਼ੁਰੂ ਕੀਤੀ ਸੀ।

ਇਹ ਕਾਰਵਾਈ ਡੀ.ਐੱਚ.ਐੱਸ. ਦੀ ਮਈ 2026 ਦੀ ਨਵੀਂ ਨੀਤੀ ਤੋਂ ਬਾਅਦ ਹੋ ਰਹੀ ਹੈ, ਜਿਸ ਅਧੀਨ ਆਈਸ ਨੂੰ ਸ਼ੱਕੀ ਜਾਂ ਜਾਅਲੀ ਅਸਾਇਲਮ ਦਸਤਾਵੇਜ਼ਾਂ ਦੀ ਜਾਂਚ ਅਤੇ ਕਾਰਵਾਈ ਲਈ ਵਧੇਰੇ ਅਧਿਕਾਰ ਦਿੱਤੇ ਗਏ ਹਨ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕੁਝ ਮਾਮਲਿਆਂ 'ਚ ਅਸਾਇਲਮ ਪ੍ਰਕਿਰਿਆ ਦਾ ਦੁਰਵਰਤੋਂ ਕੀਤਾ ਗਿਆ ਹੈ ਅਤੇ ਅਜਿਹੇ ਕੇਸਾਂ 'ਤੇ ਸਖ਼ਤੀ ਨਾਲ ਨਜ਼ਰ ਰੱਖੀ ਜਾ ਰਹੀ ਹੈ। ਇਸ ਵੇਲੇ ਇਹ ਦੋਸ਼ ਹਨ, ਸਾਬਤ ਤੱਥ ਨਹੀਂ। ਜਦ ਤੱਕ ਪ੍ਰਸ਼ਾਸਨਿਕ ਕਾਰਵਾਈ ਪੂਰੀ ਨਹੀਂ ਹੁੰਦੀ, ਵਕੀਲ 'ਤੇ ਕੋਈ ਅੰਤਿਮ ਜੁਰਮਾਨਾ ਲਾਗੂ ਨਹੀਂ ਹੋਇਆ ਹੈ।

# ਹਵਾਈ ਅੱਡਿਆਂ 'ਤੇ ICE (ਆਈਸ) ਦੀ ਕਾਰਵਾਈ ਹੋਵੇਗੀ ਹੋਰ ਸਖਤ

ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਅਮਰੀਕਾ ਦੇ ਹਵਾਈ ਅੱਡਿਆਂ 'ਤੇ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸ) ਦੀ ਕਾਰਵਾਈ ਹੋਰ ਤੇਜ਼ ਕਰਨ ਦੀ ਤਿਆਰੀ ਕਰ ਰਿਹਾ ਹੈ। ਤਾਜ਼ਾ ਰਿਪੋਰਟਾਂ ਮੁਤਾਬਕ ਹੁਣ ਉਹ ਵਿਦੇਸ਼ੀ ਨਾਗਰਿਕ ਵੀ ਵਧੇਰੇ ਨਿਸ਼ਾਨੇ 'ਤੇ ਹਨ, ਜੋ ਕਾਨੂੰਨੀ ਵੀਜ਼ੇ 'ਤੇ ਅਮਰੀਕਾ ਆਏ ਸਨ ਪਰ ਵੀਜ਼ਾ ਮਿਆਦ ਖਤਮ ਹੋਣ ਤੋਂ ਬਾਅਦ ਵੀ ਦੇਸ਼ ਵਿਚ ਰਹਿ ਰਹੇ ਹਨ। ਪਿਛਲੇ ਕੁਝ ਹਫ਼ਤਿਆਂ ਦੌਰਾਨ ਘੱਟੋ-ਘੱਟ 15 ਅਮਰੀਕੀ ਹਵਾਈ ਅੱਡਿਆਂ 'ਤੇ ਆਈਸ ਦੀ ਕਾਰਵਾਈ ਵਿਚ ਵਾਧਾ ਦੇਖਿਆ ਗਿਆ ਹੈ ਅਤੇ ਕਈ ਗ੍ਰਿਫ਼ਤਾਰੀਆਂ ਦੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ।

ਰਿਪੋਰਟਾਂ ਅਨੁਸਾਰ, ਟਰਾਂਸਪੋਰਟੇਸ਼ਨ ਸਕਿਓਰਿਟੀ ਐਡਮਿਨਿਸਟ੍ਰੇਸ਼ਨ (ਟੀ.ਐੱਸ.ਏ.) ਅਤੇ ਆਈਸ ਵਿਚਕਾਰ ਜਾਣਕਾਰੀ ਸਾਂਝੀ ਕਰਨ ਦੇ ਦਾਇਰੇ ਵਿਚ ਵਾਧਾ ਹੋਇਆ ਹੈ, ਜਿਸ ਨਾਲ ਯਾਤਰਾ ਦੌਰਾਨ ਵੀਜ਼ਾ ਓਵਰਸਟੇਅ ਕਰਨ ਵਾਲੇ

**■ ਹੁਣ ਵੀਜ਼ਾ ਓਵਰਸਟੇਅ ਕਰਨ ਵਾਲੇ ਮੁੱਖ ਨਿਸ਼ਾਨੇ 'ਤੇ**

ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ। ਕੁਝ ਮਾਮਲਿਆਂ ਵਿਚ ਉਹ ਲੋਕ ਵੀ ਸ਼ਾਮਲ ਹਨ, ਜਿਨ੍ਹਾਂ ਦੀਆਂ ਇਮੀਗ੍ਰੇਸ਼ਨ ਅਰਜ਼ੀਆਂ ਜਾਂ ਹੋਰ ਕਾਨੂੰਨੀ ਕਾਰਵਾਈਆਂ ਲੰਬਿਤ ਹਨ।

ਇਮੀਗ੍ਰੇਸ਼ਨ ਪਾਬੰਦੀਆਂ ਦੀ ਹਮਾਇਤ ਕਰਨ ਵਾਲੀ ਸੰਸਥਾ ਐੱਫ.ਏ.ਆਈ.ਆਰ. ਦੇ ਬੁਲਾਰੇ ਇਰਾ ਮੇਲਮੈਨ ਦਾ ਕਹਿਣਾ ਹੈ ਕਿ ਜਦੋਂ ਕਿਸੇ ਵਿਅਕਤੀ ਦਾ ਵੀਜ਼ਾ ਖਤਮ ਹੋ ਜਾਂਦਾ ਹੈ ਅਤੇ ਉਹ ਅਮਰੀਕਾ ਨਹੀਂ ਛੱਡਦਾ, ਤਾਂ ਉਹ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਕਰਦਾ ਹੈ। ਉਨ੍ਹਾਂ ਅਨੁਸਾਰ ਟਰੰਪ ਪ੍ਰਸ਼ਾਸਨ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਵੀਜ਼ਾ ਓਵਰਸਟੇਅ ਕਰਨ ਵਾਲਿਆਂ ਖ਼ਿਲਾਫ਼ ਵੀ ਉਨ੍ਹਾਂ ਹੀ ਸਖ਼ਤੀ ਨਾਲ ਕਾਰਵਾਈ ਹੋਵੇਗੀ, ਜਿਵੇਂ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਵਾਲਿਆਂ ਖ਼ਿਲਾਫ਼ ਹੁੰਦੀ ਹੈ।

ਹਾਲਾਂਕਿ, ਇਮੀਗ੍ਰੇਸ਼ਨ ਵਕੀਲਾਂ ਅਤੇ ਨਾਗਰਿਕ ਅਧਿਕਾਰਾਂ ਨਾਲ ਜੁੜੀਆਂ ਸੰਸਥਾਵਾਂ ਨੇ ਇਸ ਨੀਤੀ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਵਾਈ ਅੱਡਿਆਂ 'ਤੇ ਇਸ ਤਰ੍ਹਾਂ ਦੀਆਂ ਗ੍ਰਿਫ਼ਤਾਰੀਆਂ ਕਾਰਨ ਕਾਨੂੰਨੀ ਪ੍ਰਕਿਰਿਆ ਅਧੀਨ ਆਪਣੇ ਕੇਸ ਲੜ ਰਹੇ ਲੋਕਾਂ ਵਿਚ ਵੀ ਡਰ ਦਾ ਮਾਹੌਲ ਬਣ ਰਿਹਾ ਹੈ। ਕੁਝ ਵਕੀਲਾਂ ਨੇ ਅਣਸੁਲਝੇ ਇਮੀਗ੍ਰੇਸ਼ਨ ਮਾਮਲਿਆਂ ਵਾਲੇ ਲੋਕਾਂ ਨੂੰ ਘਰੇਲੂ ਹਵਾਈ ਯਾਤਰਾ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲੈਣ ਦੀ ਸਿਫ਼ਾਰਸ਼ ਕੀਤੀ ਹੈ।

ਇਸ ਵੇਲੇ ਅਮਰੀਕੀ ਸਰਕਾਰ ਵੱਲੋਂ ਇਸ ਵਿਸਥਾਰਿਤ ਮੁਹਿੰਮ ਬਾਰੇ ਕੋਈ ਵਿਸਤ੍ਰਿਤ ਅਧਿਕਾਰਕ ਐਲਾਨ ਨਹੀਂ ਕੀਤਾ ਗਿਆ, ਪਰ ਵੱਖ-ਵੱਖ ਮੀਡੀਆ ਰਿਪੋਰਟਾਂ ਤੋਂ ਇਹ ਸੰਕੇਤ ਮਿਲ ਰਹੇ ਹਨ ਕਿ ਹਵਾਈ ਅੱਡੇ ਹੁਣ ਇਮੀਗ੍ਰੇਸ਼ਨ ਲਾਗੂ ਕਰਨ ਦੀ ਰਣਨੀਤੀ ਦਾ ਮਹੱਤਵਪੂਰਨ ਕੇਂਦਰ ਬਣਦੇ ਜਾ ਰਹੇ ਹਨ।

# ਅਮਰੀਕਾ ਵੱਲੋਂ 43 ਹੋਰ ਚੀਨੀ ਕੰਪਨੀਆਂ ਤੋਂ ਦਰਾਮਦ 'ਤੇ ਪਾਬੰਦੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ ਉਈਗਰ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਤਹਿਤ 43 ਚੀਨੀ ਕੰਪਨੀਆਂ ਤੋਂ ਦਰਾਮਦ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਸੂਚੀ 'ਚ ਚੀਨ ਦੀਆਂ ਸਭ ਤੋਂ ਵੱਡੀਆਂ ਕੈਪੇਸੀਟਰ ਨਿਰਮਾਤਾ ਕੰਪਨੀਆਂ 'ਚੋਂ ਇੱਕ ਹੁਨਾਨ ਆਈਹੁਆ ਗਰੁੱਪ (603989.ਐੱਸ.ਐੱਸ.) ਵੀ ਸ਼ਾਮਲ ਹੈ। ਇਹ ਜਾਣਕਾਰੀ ਸਰਕਾਰੀ ਨੋਟੀਫਿਕੇਸ਼ਨ 'ਚ ਦਿੱਤੀ ਗਈ ਹੈ। ਇਨ੍ਹਾਂ ਕੰਪਨੀਆਂ ਨੂੰ "ਉਈਗਰ ਫੋਰਸਡ ਲੇਬਰ ਪ੍ਰੀਵੈਂਸ਼ਨ ਐਕਟ ਐਂਟੀਟੀ ਲਿਸਟ" 'ਚ ਸ਼ਾਮਲ ਕੀਤਾ ਗਿਆ ਹੈ। ਇਸ ਕਾਨੂੰਨ ਤਹਿਤ ਉਨ੍ਹਾਂ ਵਸਤੂਆਂ ਦੀ ਅਮਰੀਕਾ 'ਚ ਦਰਾਮਦ 'ਤੇ ਪਾਬੰਦੀ ਹੈ, ਜਿਨ੍ਹਾਂ ਦਾ ਸਬੰਧ ਅਮਰੀਕਾ ਵੱਲੋਂ ਨਿਰਧਾਰਤ ਚੀਨ ਦੇ ਸ਼ਿਨਜਿਆਂਗ ਖੇਤਰ 'ਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਉਲੰਘਣਾ ਅਤੇ ਚੱਲ ਰਹੇ ਨਸਲਕੁਸ਼ੀ ਨਾਲ ਜੁੜਿਆ ਹੋਇਆ ਹੈ।

ਹਾਲ ਹੀ 'ਚ ਸ਼ਾਮਲ ਕੀਤੀਆਂ ਗਈਆਂ ਕੰਪਨੀਆਂ ਵਿਚ ਫਾਰਮਾਸਿਊਟੀਕਲ, ਧਾਤ, ਕਪਾਹ, ਭੋਜਨ ਅਤੇ ਲਿਥੀਅਮ ਉਤਪਾਦਨ ਖੇਤਰਾਂ ਨਾਲ ਸਬੰਧਤ ਕੰਪਨੀਆਂ ਸ਼ਾਮਲ ਹਨ। ਇਹ ਨੋਟੀਫਿਕੇਸ਼ਨ ਟਰੰਪ ਪ੍ਰਸ਼ਾਸਨ ਅਧੀਨ ਪਹਿਲੀ ਵਾਰ ਹੈ,

**■ ਸੂਚੀ 'ਚ 187 ਹੋਈਆਂ ਸੰਸਥਾਵਾਂ**

ਜਦੋਂ ਕਿਸੇ ਕੰਪਨੀ ਨੂੰ ਇਸ ਸੂਚੀ 'ਚ ਸ਼ਾਮਲ ਕੀਤਾ ਗਿਆ ਹੈ। ਇਸ ਨਾਲ ਸੂਚੀ 'ਚ ਸ਼ਾਮਲ ਸੰਸਥਾਵਾਂ ਦੀ ਗਿਣਤੀ 144 ਤੋਂ ਵਧ ਕੇ 187 ਹੋ ਗਈ ਹੈ। ਦਸੰਬਰ 2021 'ਚ ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ ਇਹ ਇਕ ਵਾਰ 'ਚ ਸਭ ਤੋਂ ਵੱਧ ਸੰਸਥਾਵਾਂ ਨੂੰ ਸ਼ਾਮਲ ਕਰਨ ਦਾ ਮਾਮਲਾ ਹੈ। ਸੂਚੀ 'ਚ ਸ਼ਾਮਲ ਕੰਪਨੀਆਂ ਸ਼ਿਨਜਿਆਂਗ ਖੇਤਰ ਤੋਂ ਕੱਚਾ ਮਾਲ ਲੈਂਦੀਆਂ ਹਨ ਜਾਂ ਉੱਥੋਂ ਦੀ ਸਰਕਾਰ ਨਾਲ ਮਿਲ ਕੇ ਉਈਗਰਾਂ ਅਤੇ ਹੋਰ ਸਮੂਹਾਂ ਦੀ ਭਰਤੀ ਅਤੇ ਇਲਾਕੇ ਤੋਂ ਬਾਹਰ ਆਵਾਜਾਈ ਕਰਵਾਉਣ ਦਾ ਕੰਮ ਕਰਦੀਆਂ ਹਨ।

ਅਮਰੀਕੀ ਹਾਊਸ ਆਫ ਰਿਪ੍ਰੈਜੈਂਟੇਟਿਵਜ਼ ਦੀ ਚੀਨ ਸਬੰਧੀ ਸਿਲੈਕਟ ਕਮੇਟੀ ਦੇ ਚੇਅਰਮੈਨ ਕਾਂਗਰਸਮੈਨ ਜੌਨ ਮੂਲੇਨਾਰ ਨੇ ਇੱਕ ਬਿਆਨ 'ਚ ਕਿਹਾ ਕਿ "ਟਰੰਪ ਪ੍ਰਸ਼ਾਸਨ ਵੱਲੋਂ ਲਿਆ ਗਿਆ ਇਹ ਕਦਮ ਗੁਲਾਮੀ ਵਾਲੇ ਮਜ਼ਦੂਰਾਂ ਤੋਂ ਬਣੇ ਉਤਪਾਦਾਂ ਖਿਲਾਫ ਅਮਰੀਕਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ ਅਤੇ ਚੀਨੀ ਕਮਿਊਨਿਸਟ ਪਾਰਟੀ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਅਸੀਂ ਉਨ੍ਹਾਂ ਦੇ ਨਸਲਕੁਸ਼ੀ ਅਤੇ ਮਨੁੱਖੀ ਅਧਿਕਾਰਾਂ ਦੇ ਉਲੰਘਣਾ ਨੂੰ ਨਜ਼ਰਅੰਦਾਜ਼ ਨਹੀਂ ਕਰਾਂਗੇ।"

# ਅਮਰੀਕਾ ਨੇ ਈਰਾਨ ਦੀ ਮਦਦ ਦੇ ਦੋਸ਼ ਹੇਠ ਭਾਰਤ ਸਮੇਤ ਕਈ ਦੇਸ਼ਾਂ ਦੀਆਂ ਸੰਸਥਾਵਾਂ 'ਤੇ ਲਗਾਈਆਂ ਪਾਬੰਦੀਆਂ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ ਈਰਾਨ ਦੇ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕੋਰ (ਆਈ.ਆਰ.ਜੀ.ਸੀ.) ਦੀ ਮਦਦ ਕਰਨ ਦੇ ਦੋਸ਼ ਵਿਚ ਚੀਨ, ਭਾਰਤ, ਰੂਸ ਅਤੇ ਈਰਾਨ ਦੀਆਂ 6 ਸੰਸਥਾਵਾਂ ਅਤੇ ਵਿਅਕਤੀਆਂ 'ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਹਨ। ਇੱਕ ਅਧਿਕਾਰਤ ਪ੍ਰੈੱਸ ਬਿਆਨ ਅਨੁਸਾਰ, ਇਹ ਪਾਬੰਦੀਆਂ ਈਰਾਨੀ ਸ਼ਾਸਨ ਦੀ ਫੌਜੀ ਸ਼ਕਤੀ ਨੂੰ ਮਜ਼ਬੂਤ ਕਰਨ ਵਾਲੇ ਨੈੱਟਵਰਕ ਨੂੰ ਤੋੜਨ ਲਈ ਲਗਾਈਆਂ ਗਈਆਂ ਹਨ।

ਪਾਬੰਦੀਆਂ ਦੇ ਘੇਰੇ ਵਿਚ ਉਹ ਸੰਸਥਾਵਾਂ ਸ਼ਾਮਲ ਹਨ, ਜੋ 'ਮਹਾਨ ਏਅਰ' ਦੀ ਸਹਾਇਤਾ ਕਰ ਰਹੀਆਂ ਹਨ। ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਆਈ.ਆਰ.ਜੀ.ਸੀ. ਇਸ ਏਅਰਲਾਈਨ ਦੀ ਵਰਤੋਂ ਹਥਿਆਰਾਂ, ਫੌਜੀ ਕਰਮਚਾਰੀਆਂ ਅਤੇ ਹੋਰ ਸਾਜ਼ੋ-ਸਾਮਾਨ ਨੂੰ ਇੱਧਰ-ਉੱਧਰ ਲਿਜਾਣ ਲਈ ਕਰਦਾ ਹੈ।

ਇਸ ਕਾਰਵਾਈ ਵਿਚ 'ਦਾਦੇਨੇਗਰ ਸਟਾਰਟਅਪ ਸਟੂਡੀਓ' ਨਾਮਕ ਇੱਕ ਕੰਪਨੀ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਦੋਸ਼ ਹੈ ਕਿ ਇਹ ਆਈ.ਆਰ.ਜੀ.ਸੀ. ਨਾਲ ਜੁੜੀ ਇੱਕ ਫਰੰਟ ਕੰਪਨੀ ਹੈ, ਜੋ ਮੱਧ ਪੂਰਬ ਵਿਚ ਅਮਰੀਕੀ ਅਤੇ ਇਜ਼ਰਾਈਲੀ ਫੌਜੀ ਉਪਕਰਣਾਂ ਦੀਆਂ ਲੋਕੇਸ਼ਨਾਂ ਬਾਰੇ ਜਾਣਕਾਰੀ ਇਕੱਠੀ ਕਰਕੇ ਈਰਾਨੀ ਫੌਜ ਦੀ ਮਦਦ ਕਰ ਰਹੀ ਸੀ। ਅਮਰੀਕਾ ਨੇ ਅੰਤਰਰਾਸ਼ਟਰੀ ਭਾਈਚਾਰੇ ਅਤੇ ਖਾਸ ਤੌਰ 'ਤੇ ਉਨ੍ਹਾਂ ਕੰਪਨੀਆਂ ਨੂੰ ਚੇਤਾਵਨੀ ਦਿੱਤੀ ਹੈ, ਜੋ ਮਹਾਨ ਏਅਰ ਜਾਂ ਕਿਸੇ ਹੋਰ ਪਾਬੰਦੀਸ਼ੁਦਾ ਈਰਾਨੀ ਕੈਰੀਅਰ ਨਾਲ ਵਪਾਰ ਕਰ ਰਹੀਆਂ ਹਨ। ਅਮਰੀਕਾ ਨੇ ਕਿਹਾ ਹੈ ਕਿ ਉਹ ਅਜਿਹੀਆਂ ਸੰਸਥਾਵਾਂ ਦਾ ਪਰਦਾਫਾਸ਼ ਕਰਨਾ ਜਾਰੀ ਰੱਖੇਗਾ, ਜੋ ਆਈ.ਆਰ.ਜੀ.ਸੀ. ਨੂੰ ਅਜਿਹੇ ਸਾਧਨ ਅਤੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ, ਜਿਨ੍ਹਾਂ ਦੀ ਵਰਤੋਂ ਅਮਰੀਕੀ ਕਰਮਚਾਰੀਆਂ ਅਤੇ ਖੇਤਰੀ ਸਥਿਰਤਾ ਨੂੰ ਖਤਰਾ ਪਹੁੰਚਾਉਣ ਲਈ ਕੀਤੀ ਜਾਂਦੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਅਮਰੀਕੀ ਅਦਾਲਤ ਦਾ ਟਰੰਪ ਪ੍ਰਸ਼ਾਸਨ ਨੂੰ ਝਟਕਾ: ਯੂ.ਐੱਸ. ਮਾਰਸ਼ਲ ਸਿਵਲ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਨਹੀਂ ਕਰ ਸਕਦੇ

**ਵਾਸ਼ਿੰਗਟਨ, (ਪੰਜਾਬ ਮੇਲ)-** ਵਾਸ਼ਿੰਗਟਨ ਡੀ.ਸੀ. ਦੀ ਇੱਕ ਫੈਡਰਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਲਾਗੂ ਕਰਨ ਦੀ ਨੀਤੀ ਨੂੰ ਵੱਡਾ ਕਾਨੂੰਨੀ ਝਟਕਾ ਦਿੰਦਿਆਂ ਫੈਸਲਾ ਦਿੱਤਾ ਹੈ ਕਿ ਯੂ.ਐੱਸ. ਮਾਰਸ਼ਲ ਸਰਵਿਸ (ਯੂ.ਐੱਸ. ਮਾਰਸ਼ਲਜ਼ ਸਰਵਿਸ) ਕੋਲ ਸਿਵਲ ਇਮੀਗ੍ਰੇਸ਼ਨ ਉਲੰਘਣਾਂ ਦੇ ਆਧਾਰ 'ਤੇ ਲੋਕਾਂ ਨੂੰ ਗ੍ਰਿਫ਼ਤਾਰ ਜਾਂ ਹਿਰਾਸਤ ਵਿਚ ਰੱਖਣ ਦਾ ਕਾਨੂੰਨੀ ਅਧਿਕਾਰ ਨਹੀਂ ਹੈ।

ਅਮਰੀਕੀ ਜ਼ਿਲ੍ਹਾ ਜੱਜ ਰੋਇਸ ਲੈਂਬਰਥ ਨੇ ਆਪਣੇ 21 ਸਫ਼ਿਆਂ ਦੇ ਫ਼ੈਸਲੇ ਵਿਚ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਲੋਂ 2025 ਵਿਚ ਜਾਰੀ ਕੀਤਾ ਗਿਆ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਦਾ ਅੰਦਰੂਨੀ ਹੁਕਮ ਕਾਨੂੰਨੀ ਤੌਰ 'ਤੇ ਯੂ.ਐੱਸ. ਮਾਰਸ਼ਲਾਂ ਨੂੰ ਇਹ ਅਧਿਕਾਰ ਨਹੀਂ ਦੇ ਸਕਦਾ। ਅਦਾਲਤ ਨੇ ਸਪੱਸ਼ਟ ਕੀਤਾ ਕਿ ਕਿਸੇ ਅੰਦਰੂਨੀ ਮੈਮੋਰੈਂਡਮ ਰਾਹੀਂ ਮੌਜੂਦਾ ਫੈਡਰਲ ਨਿਯਮਾਂ ਵਿਚ ਤਬਦੀਲੀ ਨਹੀਂ ਕੀਤੀ ਜਾ ਸਕਦੀ। ਇਸ ਲਈ ਕਾਨੂੰਨ ਅਨੁਸਾਰ ਲਾਜ਼ਮੀ ਨੋਟਿਸ ਐਂਡ ਕਮੈਂਟ ਪ੍ਰਕਿਰਿਆ ਦੀ ਪਾਲਣਾ ਕਰਨੀ ਪੈਂਦੀ ਹੈ।



ਇਹ ਮਾਮਲਾ 2020 ਦੀ ਇੱਕ ਘਟਨਾ ਨਾਲ ਜੁੜਿਆ ਹੈ, ਜਦੋਂ ਡੀ.ਸੀ. ਦੀ ਅਦਾਲਤ ਨੇ ਇੱਕ ਵਿਅਕਤੀ ਨੂੰ ਫੌਜਦਾਰੀ ਕੇਸ ਵਿਚ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ, ਪਰ ਯੂ.ਐੱਸ. ਮਾਰਸ਼ਲਾਂ ਨੇ ਉਸ ਨੂੰ ਆਈਸ ਦੇ ਡਿਟੇਨਰ ਦੇ ਆਧਾਰ 'ਤੇ ਰੋਕਿਆ ਰੱਖਿਆ, ਜਦ ਤੱਕ ਆਈਸ ਅਧਿਕਾਰੀ ਉਸ ਨੂੰ ਆਪਣੀ ਹਿਰਾਸਤ ਵਿਚ ਨਹੀਂ ਲੈ ਗਏ। ਇਸ ਘਟਨਾ ਤੋਂ ਬਾਅਦ ਕਲਾਸ ਐਕਸ਼ਨ ਮੁਕੱਦਮਾ ਦਾਇਰ ਕੀਤਾ ਗਿਆ।

ਟਰੰਪ ਪ੍ਰਸ਼ਾਸਨ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਮਾਰਸ਼ਲਾਂ ਨੂੰ ਇਮੀਗ੍ਰੇਸ਼ਨ ਨਾਲ ਸੰਬੰਧਿਤ ਸਿਖਲਾਈ ਦਿੱਤੀ ਗਈ ਹੈ ਅਤੇ ਡੀ.ਐੱਚ.ਐੱਸ. ਦੇ 2025 ਦੇ ਹੁਕਮ ਤਹਿਤ ਉਹ ਇਹ ਕੰਮ ਕਰ ਸਕਦੇ ਹਨ। ਪਰ ਜੱਜ ਲੈਂਬਰਥ ਨੇ ਇਹ ਦਲੀਲ ਵੀ ਰੱਦ ਕਰ ਦਿੱਤੀ। ਉਨ੍ਹਾਂ ਕਿਹਾ ਕਿ ਸਰਕਾਰ ਇਹ ਸਾਬਤ ਨਹੀਂ ਕਰ ਸਕੀ ਕਿ ਮਾਰਸ਼ਲਾਂ ਨੂੰ ਉਹ ਸਿਖਲਾਈ ਮਿਲੀ ਹੈ, ਜੋ ਫੈਡਰਲ ਇਮੀਗ੍ਰੇਸ਼ਨ ਨਿਯਮਾਂ ਅਨੁਸਾਰ ਲਾਜ਼ਮੀ ਹੈ। ਸਿਰਫ਼ ਆਨਲਾਈਨ ਜਾਂ ਵਰਚੁਅਲ ਕਲਾਸਾਂ ਨੂੰ ਕਾਫ਼ੀ ਨਹੀਂ ਮੰਨਿਆ ਜਾ ਸਕਦਾ।

ਅਦਾਲਤ ਨੇ ਐਲਾਨ ਕੀਤਾ ਕਿ ਵਾਸ਼ਿੰਗਟਨ ਡੀ.ਸੀ. ਦੀਆਂ ਅਦਾਲਤਾਂ ਵਿਚ ਯੂ.ਐੱਸ. ਮਾਰਸ਼ਲ ਨਾ ਤਾਂ ਸਿਵਲ ਇਮੀਗ੍ਰੇਸ਼ਨ ਮਾਮਲਿਆਂ ਵਿਚ ਕਿਸੇ ਨੂੰ ਗ੍ਰਿਫ਼ਤਾਰ ਕਰ ਸਕਦੇ ਹਨ ਅਤੇ ਨਾ ਹੀ ਸਿਰਫ਼ ਆਈਸ ਡਿਟੇਨਰ ਦੇ ਆਧਾਰ 'ਤੇ ਹਿਰਾਸਤ ਵਿਚ ਰੱਖ ਸਕਦੇ ਹਨ।

ਇਹ ਫ਼ੈਸਲਾ ਉਸ ਵੇਲੇ ਆਇਆ ਹੈ, ਜਦੋਂ ਟਰੰਪ ਪ੍ਰਸ਼ਾਸਨ ਦੇਸ਼ ਭਰ ਵਿਚ ਆਈਸ ਦੀਆਂ ਕਾਰਵਾਈਆਂ ਵਿਚ ਐੱਫ.ਬੀ.ਆਈ., ਡੀ.ਈ.ਏ. ਅਤੇ ਯੂ.ਐੱਸ. ਮਾਰਸ਼ਲਜ਼ ਸਰਵਿਸ ਵਰਗੀਆਂ ਹੋਰ ਫੈਡਰਲ ਏਜੰਸੀਆਂ ਦੀ ਮਦਦ ਲੈ ਰਿਹਾ ਹੈ। ਹਾਲੀਆ ਮਹੀਨਿਆਂ ਵਿਚ ਆਈਸ ਦੀਆਂ ਗ੍ਰਿਫ਼ਤਾਰੀਆਂ ਅਤੇ ਹਿਰਾਸਤ ਵਿਚ ਰੱਖੇ ਗਏ ਲੋਕਾਂ ਦੀ ਗਿਣਤੀ ਵਿਚ ਵੀ ਕਾਫ਼ੀ ਵਾਧਾ ਹੋਇਆ ਹੈ।

ਇਸ ਦੇ ਨਾਲ ਹੀ, ਇਮੀਗ੍ਰੇਸ਼ਨ ਕਾਰਵਾਈਆਂ ਦੌਰਾਨ ਏਜੰਟਾਂ ਦੀ ਟ੍ਰੇਨਿੰਗ ਅਤੇ ਬਲ ਦੀ ਵਰਤੋਂ ਨੂੰ ਲੈ ਕੇ ਵੀ ਸਵਾਲ ਉੱਠ ਰਹੇ ਹਨ। ਕੁਝ ਹਾਲੀਆ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਬਾਅਦ ਆਈਸਨੇ ਆਪਣੇ ਅੰਦਰੂਨੀ ਭਰਤੀ ਅਤੇ ਜਾਂਚ ਪ੍ਰਕਿਰਿਆ ਦੀ ਵੀ ਸਮੀਖਿਆ ਸ਼ੁਰੂ ਕੀਤੀ ਹੈ।

ਇਹ ਫੈਸਲਾ ਸਿਰਫ਼ ਯੂ.ਐੱਸ. ਮਾਰਸ਼ਲਾਂ ਦੀ ਸਿਵਲ ਇਮੀਗ੍ਰੇਸ਼ਨ ਕਾਰਵਾਈ ਵਿਚ ਭੂਮਿਕਾ ਬਾਰੇ ਹੈ। ਇਸ ਨਾਲ ਆਈਸ ਦੇ ਕਾਨੂੰਨੀ ਅਧਿਕਾਰ ਜਾਂ ਇਮੀਗ੍ਰੇਸ਼ਨ ਕਾਨੂੰਨਾਂ ਦੀ ਲਾਗੂ ਕਰਨ ਦੀ ਸਮੁੱਚੀ ਸ਼ਕਤੀ ਖਤਮ ਨਹੀਂ ਹੁੰਦੀ। ਸਰਕਾਰ ਇਸ ਫ਼ੈਸਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਵੀ ਦੇ ਸਕਦੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਟਰੰਪ ਦੀ ਸਖਤੀ ਕਾਰਨ ਲੱਖਾਂ ਗੈਰ-ਕਾਨੂੰਨੀ ਪ੍ਰਵਾਸੀਆਂ ਛੱਡ ਚੁੱਕੇ ਨੇ ਅਮਰੀਕਾ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਜਦੋਂ ਤੋਂ ਟਰੰਪ ਨੇ ਦੁਬਾਰਾ ਸੱਤਾ ਸੰਭਾਲੀ ਹੈ, ਉਦੋਂ ਤੋਂ ਹੁਣ ਤੱਕ ਲਗਭਗ 30 ਲੱਖ ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਛੱਡ ਚੁੱਕੇ ਹਨ। ਇਨ੍ਹਾਂ ਵਿਚੋਂ 22 ਲੱਖ ਲੋਕਾਂ ਨੇ ਆਪਣੀ ਮਰਜ਼ੀ ਨਾਲ ਦੇਸ਼ ਛੱਡਿਆ ਹੈ, ਜਦਕਿ 9,85,000 ਤੋਂ ਵੱਧ ਲੋਕਾਂ ਨੂੰ ਜ਼ਬਰਦਸਤੀ ਦੇਸ਼ ਨਿਕਾਲਾ ਦਿੱਤਾ ਗਿਆ ਹੈ।

ਰੋਜ਼ਾਨਾ 2 ਹਜ਼ਾਰ ਗੈਰਕਾਨੂੰਨੀ ਪ੍ਰਵਾਸੀ ਕਾਬੂ ਕਰਨ ਦੇ ਟੀਚੇ ਵੱਲ ਵਧ ਰਹੇ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਏਜੰਟਾਂ ਨੇ ਜੁਲਾਈ ਮਹੀਨੇ ਦੌਰਾਨ 46 ਹਜ਼ਾਰ ਪ੍ਰਵਾਸੀਆਂ ਨੂੰ ਇਮੀਗ੍ਰੇਸ਼ਨ ਹਿਰਾਸਤੀ ਕੇਂਦਰਾਂ 'ਚ ਡੱਕਿਆ ਅਤੇ ਜੂਨ ਵਿਚ ਗ੍ਰਿਫ਼ਤਾਰ ਕੀਤੇ 43 ਹਜ਼ਾਰ ਪ੍ਰਵਾਸੀਆਂ ਦਾ ਅੰਕੜਾ ਵੀ ਪਾਰ ਕਰ ਲਿਆ। ਪੂਰੇ ਦੇਸ਼ ਵਿਚ ਲਗਭਗ 68,000 ਲੋਕ ਆਈ.ਸੀ.ਈ. ਦੀਆਂ ਹਿਰਾਸਤੀ ਸਹੂਲਤਾਂ ਵਿਚ ਬੰਦ ਹਨ। ਡੋਨਾਲਡ ਟਰੰਪ ਦੀਆਂ ਸਖ਼ਤ ਹਦਾਇਤਾਂ ਦੀ ਪਾਲਣਾ ਕਰਦਿਆਂ ਅਮਰੀਕਾ ਦਾ ਕੋਈ ਸ਼ਹਿਰ, ਕਸਬਾ ਅਤੇ ਪਿੰਡ ਨਹੀਂ ਛੱਡਿਆ ਜਾ ਰਿਹਾ, ਜਿਥੇ ਇਮੀਗ੍ਰੇਸ਼ਨ ਛਾਪੇ ਨਾ ਵੱਜੇ ਹੋਣ।

ਬਰਾਕ ਓਬਾਮਾ ਅਤੇ ਜਾਰਜ ਬੁਸ਼ ਦੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਮਹਿਕਮੇ 'ਚ ਉੱਚ ਅਹੁਦੇ 'ਤੇ ਰਹਿ ਚੁੱਕੀ ਥੈਰੇਸਾ ਕਾਰਡੀਨਲ ਬ੍ਰਾਊਨ ਦਾ ਕਹਿਣਾ ਸੀ ਕਿ ਮਾਰਕਵੇਲ ਮੂਲੀਨ ਦੇ ਮੰਤਰੀ ਬਣਨ ਮਗਰੋਂ ਗੈਰਕਾਨੂੰਨੀ ਪ੍ਰਵਾਸੀਆਂ ਦੀ ਫੜੋ-ਫੜੀ ਤੇਜ਼ ਹੋਈ ਹੈ। ਕ੍ਰਿਸਟੀ ਨੋਇਮ ਵੇਲੇ ਇਸ਼ਤਿਹਾਰਬਾਜ਼ੀ ਜ਼ਿਆਦਾ ਹੁੰਦੀ ਸੀ ਅਤੇ ਕੰਮ ਘੱਟ ਪਰ ਮੂਲੀਨ ਦੇ ਆਉਣ ਮਗਰੋਂ ਹਾਲਾਤ ਬਦਲ ਗਏ। ਬਿਲਕੁਲ ਉਹੀ ਟੀਮ ਹੁਣ ਕੰਮ ਕਰ ਰਹੀ ਹੈ, ਜੋ ਕ੍ਰਿਸਟੀ ਨੋਇਮ ਦੀ ਅਗਵਾਈ ਹੇਠ ਛਾਪੇ ਮਾਰ ਰਹੀ ਸੀ ਪਰ ਇਮੀਗ੍ਰੇਸ਼ਨ ਹਿਰਾਸਤੀਆਂ ਦੀ ਗਿਣਤੀ ਵਧ ਚੁੱਕੀ ਹੈ। ਹੁਣ ਟਰੰਪ ਸਰਕਾਰ ਦੀ ਅੱਖ 3 ਲੱਖ ਤੋਂ ਵੱਧ ਹੈਤੀ ਨਾਗਰਿਕਾਂ 'ਤੇ ਹੈ, ਜਿਨ੍ਹਾਂ ਦਾ ਟੈਂਪਰੇਰੀ ਪ੍ਰੋਟੈਕਟਡ ਸਟੇਟਸ ਖ਼ਤਮ ਕਰਦਿਆਂ ਸੈਲਫ਼ ਡਿਪੋਰਟੇਸ਼ਨ ਦਾ ਸੱਦਾ ਦਿੱਤਾ ਜਾ ਰਿਹਾ ਹੈ। ਓਹਾਇਓ ਨਾਲ ਸਬੰਧਤ ਵੱਡੀ ਗਿਣਤੀ 'ਚ ਪ੍ਰਵਾਸੀਆਂ ਨੋਟਿਸ ਭੇਜ ਕੇ ਆਈ.ਸੀ.ਈ. ਦਫ਼ਤਰਾਂ ਵਿਚ ਤਲਬ ਕੀਤਾ ਗਿਆ ਹੈ, ਜਿਸ ਮਗਰੋਂ ਸਪ੍ਰਿੰਗਫ਼ੀਲਡ ਇਲਾਕੇ ਦੀਆਂ ਕਮਿਊਨਿਟੀਜ਼ ਵਿਚ ਡਰ ਪੈਦਾ ਹੋ ਗਿਆ ਹੈ।

ਹੁਣ ਆਈ.ਸੀ.ਈ. ਵਾਲੇ ਵਰਦੀ 'ਚ ਛਾਪੇ ਮਾਰਨ ਦੀ ਬਜਾਏ ਸਾਦੇ ਕੱਪੜਿਆਂ ਵਿਚ ਜਾਂਦੇ ਹਨ ਅਤੇ ਹਵਾਈ ਅੱਡਿਆਂ 'ਤੇ ਵੀ ਫੜੋ-ਫੜੀ ਤੇਜ਼ ਕੀਤੀ ਗਈ ਹੈ।




# ਮੀਰੀ-ਪੀਰੀ ਖਾਲਸਾ ਮਾਰਚ ਰਾਹੀਂ ਪੰਥਕ ਏਕਤਾ ਦਾ ਸੰਦੇਸ਼





## ਸੁਖਬੀਰ ਬਾਦਲ ਵੱਲੋਂ ਸਿੱਖ ਸੰਸਥਾਵਾਂ ਦੀ ਰਾਖੀ ਲਈ ਇਕਜੁੱਟ ਹੋਣ ਦੀ ਅਪੀਲ

**ਬਠਿੰਡਾ, (ਪੰਜਾਬ ਮੇਲ)-** ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਕੱਢਿਆ ਜਾ ਰਿਹਾ ਮੀਰੀ-ਪੀਰੀ ਖਾਲਸਾ ਮਾਰਚ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਬਾਦਲ ਪਹੁੰਚਿਆ, ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਵੱਡੀ ਗਿਣਤੀ ਵਿਚ ਸੰਗਤ ਨੇ ਮਾਰਚ ਦਾ ਸਵਾਗਤ ਕੀਤਾ। ਸੁਖਬੀਰ ਬਾਦਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਰੁਮਾਲਾ ਸਾਹਿਬ ਭੇਟ ਕੀਤਾ ਅਤੇ ਲੰਗਰ ਦੀ ਸੇਵਾ ਵਿਚ ਵੀ ਹਿੱਸਾ ਲਿਆ। ਮਾਰਚ ਦਾ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਸੰਗਤ ਵੱਲੋਂ ਧਾਰਮਿਕ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ।

ਸੰਗਤ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੌਜੂਦਾ ਸਮੇਂ ਵਿਚ ਖਾਲਸਾ ਪੰਥ ਦੀ ਏਕਤਾ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਤਾਕਤਾਂ ਸਿੱਖ ਕੌਮ ਨੂੰ ਵੱਖ-ਵੱਖ ਧੜਿਆਂ ਵਿਚ ਵੰਡਣ, ਪੰਥਕ ਲੀਡਰਸ਼ਿਪ ਨੂੰ ਕਮਜ਼ੋਰ ਕਰਨ ਅਤੇ ਸਿੱਖ ਸੰਸਥਾਵਾਂ ਦੇ ਪ੍ਰਭਾਵ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਸੰਗਤ ਨੂੰ ਅਜਿਹੀਆਂ ਤਾਕਤਾਂ ਦੀ ਪਛਾਣ ਕਰਨ ਅਤੇ ਆਪਸੀ ਮਤਭੇਦਾਂ ਤੋਂ ਉੱਪਰ ਉੱਠ ਕੇ ਇੱਕ ਮੰਚ ਉੱਤੇ ਇਕੱਠੇ ਹੋਣ ਦੀ ਅਪੀਲ ਕੀਤੀ। ਸੁਖਬੀਰ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪੰਥਕ ਏਕਤਾ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਪੱਸ਼ਟ ਕੀਤਾ ਕਿ ਮੀਰੀ-ਪੀਰੀ ਖਾਲਸਾ ਮਾਰਚ ਨੂੰ ਕਿਸੇ ਸਿਆਸੀ ਰੋਡ ਸ਼ੋਅ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਹ ਮਾਰਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਬਖ਼ਸ਼ੇ ਮੀਰੀ-ਪੀਰੀ ਦੇ ਸਿਧਾਂਤ, ਸਿੱਖ ਪ੍ਰੰਪਰਾਵਾਂ ਅਤੇ ਪੰਥਕ ਜਾਗਰੂਕਤਾ ਦਾ ਪ੍ਰਤੀਕ ਹੈ। ਮਾਰਚ ਰਾਹੀਂ ਨਸ਼ਿਆਂ, ਨੌਜਵਾਨਾਂ ਦੇ ਵਿਰਸੇ ਤੋਂ ਦੂਰ ਹੋਣ ਅਤੇ ਸਿੱਖ ਸੰਸਥਾਵਾਂ ਉੱਤੇ ਉੱਠ ਰਹੇ ਸਵਾਲਾਂ ਬਾਰੇ ਕੌਮ ਨੂੰ ਜਾਗਰੂਕ ਕਰਨ ਦਾ ਸੰਦੇਸ਼ ਦਿੱਤਾ ਜਾ ਰਿਹਾ ਹੈ।

ਹਾਲਾਂਕਿ ਮਾਰਚ ਨੂੰ ਧਾਰਮਿਕ ਅਤੇ ਪੰਥਕ ਉਪਰਾਲਾ ਦੱਸਿਆ ਜਾ ਰਿਹਾ ਹੈ, ਪਰ ਇਸ ਦਾ ਪੰਜਾਬ ਦੀ ਸਿਆਸਤ ਉੱਤੇ ਪ੍ਰਭਾਵ ਪੈਣਾ ਸੁਭਾਵਿਕ ਮੰਨਿਆ ਜਾ ਰਿਹਾ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਪੰਥਕ ਵੋਟ ਬੈਂਕ ਨਾਲ ਆਪਣਾ ਰਵਾਇਤੀ ਰਿਸ਼ਤਾ ਮੁੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਦਾ ਦਿਖਾਈ ਦੇ ਰਿਹਾ ਹੈ। ਦੂਜੇ ਪਾਸੇ ਵੱਖ-ਵੱਖ ਅਕਾਲੀ ਧੜਿਆਂ ਦੀ ਮੌਜੂਦਗੀ ਅਤੇ ਸਿੱਖ ਸਿਆਸਤ ਵਿਚ ਵਧੀ ਵੰਡ ਪੰਥਕ ਏਕਤਾ ਦੇ ਰਾਹ ਵਿਚ ਵੱਡੀ ਚੁਣੌਤੀ ਬਣੀ ਹੋਈ ਹੈ। ਇਸ ਲਈ ਆਉਣ ਵਾਲੇ ਸਮੇਂ ਵਿਚ ਸਿੱਖ ਸੰਸਥਾਵਾਂ ਦੀ ਖੁਦਮੁਖਤਿਆਰੀ, ਪੰਥਕ ਏਕਤਾ ਅਤੇ ਅਕਾਲੀ ਰਾਜਨੀਤੀ ਦਾ ਭਵਿੱਖ ਪੰਜਾਬ ਦੇ ਪ੍ਰਮੁੱਖ ਚੋਣ ਮੁੱਦਿਆਂ ਵਿਚ ਸ਼ਾਮਲ ਹੋ ਸਕਦਾ ਹੈ। ਇਹ ਸਿਆਸੀ ਅਸਰ ਮਾਰਚ ਅਤੇ ਮੌਜੂਦਾ ਧੜੇਬੰਦੀ ਦੇ ਆਧਾਰ ਉੱਤੇ ਇੱਕ ਵਿਸ਼ਲੇਸ਼ਣ ਹੈ।

# ਅਕਾਲੀ ਦਲ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ਾਂ ਤਹਿਤ 2 ਆਗੂਆਂ ਦੀ ਮੁੱਢਲੀ ਮੈਂਬਰਸ਼ਿਪ ਕੀਤੀ ਖ਼ਤਮ

**ਕਪੂਰਥਲਾ, (ਪੰਜਾਬ ਮੇਲ)-**ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਅਨੁਸ਼ਾਸਨ ਨੂੰ ਮਜ਼ਬੂਤ ਬਣਾਈ ਰੱਖਣ ਦੇ ਮੱਦੇਨਜ਼ਰ ਕਪੂਰਥਲਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹਰਜੀਤ ਸਿੰਘ ਵਾਲੀਆ ਅਤੇ ਸੁਖਦੇਵ ਸਿੰਘ ਉਰਫ਼ ਸੁੱਖਾ ਕਾਦੂਪੁਰ ਨੂੰ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਦੀਆਂ ਗਤੀਵਿਧੀਆਂ ਤੋਂ ਗੈਰ-ਹਾਜ਼ਰ ਰਹਿਣ ਅਤੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ਾਂ ਤਹਿਤ ਸਖ਼ਤ ਕਾਰਵਾਈ ਕਰਦੇ ਉਨ੍ਹਾਂ ਦੀ ਮੁੱਢਲੀ ਮੈਂਬਰਸ਼ਿਪ ਖ਼ਤਮ ਕਰ ਦਿੱਤੀ ਹੈ। ਇਹ ਫ਼ੈਸਲਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸੀਨੀਅਰ ਆਗੂਆਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਲਿਆ ਗਿਆ ਹੈ। ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਦਲਵਿੰਦਰ ਸਿੰਘ ਸਿੱਧੂ ਨੇ ਲਿਖਤੀ ਪ੍ਰੈੱਸ ਬਿਆਨ ਜਾਰੀ ਕਰਦੇ ਦੱਸਿਆ ਕਿ ਇਹ ਫ਼ੈਸਲਾ ਪਾਰਟੀ ਹਾਈਕਮਾਂਡ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਲਿਆ ਗਿਆ ਹੈ ਅਤੇ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ।

ਸਿੱਧੂ ਨੇ ਦੋਸ਼ ਲਗਾਇਆ ਕਿ ਹਰਜੀਤ ਸਿੰਘ ਵਾਲੀਆ ਅਤੇ ਸੁਖਦੇਵ ਸਿੰਘ ਉਰਫ਼ ਸੁੱਖਾ ਕਾਦੂਪੁਰ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਪ੍ਰੋਗਰਾਮਾਂ ਤੋਂ ਦੂਰੀ ਬਣਾਈ ਗਈ ਹੈ ਅਤੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਤਹਿਤ ਕੰਮ ਕੀਤਾ ਜਾ ਰਿਹਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਜਾਵੇਗਾ, ਇਸ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਵਿਚਾਰ ਵਟਾਂਦਰਾ ਕਰਨ ਦੇ ਬਾਅਦ ਇਨ੍ਹਾਂ ਦੋਵਾਂ ਆਗੂਆਂ ਨੂੰ ਪਾਰਟੀ 'ਚੋਂ ਕੱਢਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਪਾਰਟੀ ਦੇ ਮਿਹਨਤੀ ਅਤੇ ਸਮਰਪਿਤ ਵਰਕਰ ਪਹਿਲਾਂ ਹੀ ਵਿਧਾਨ ਸਭਾ ਦੀ ਦੀਆਂ ਤਿਆਰੀਆਂ ਨੂੰ ਲੈ ਕੇ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਆਪਣਾ ਕੰਮ ਸੁਚੱਜੇ ਢੰਗ ਨਾਲ ਕਰ ਰਹੇ ਹਨ। ਅਜਿਹੇ ਵਿਚ ਇਨ੍ਹਾਂ ਆਗੂਆਂ ਵੱਲੋਂ ਪਾਰਟੀ ਲਾਈਨ ਤੋਂ ਬਾਹਰ ਹੋ ਕੇ ਕੰਮ ਕਰਨ ਨੂੰ ਪਾਰਟੀ ਅਨੁਸ਼ਾਸਨ ਅਤੇ ਪੰਥਕ ਏਕਤਾ ਦੇ ਯਤਨਾਂ ਲਈ ਨੁਕਸਾਨਦਾਇਕ ਮੰਨਿਆ ਗਿਆ। ਦਲਵਿੰਦਰ ਸਿੱਧੂ ਨੇ ਕਿਹਾ ਕਿ ਪਾਰਟੀ ਵਿਚ ਹਰ ਆਗੂ ਜਾਂ ਵਰਕਰ ਲਈ ਪਾਰਟੀ ਦੀ ਨੀਤੀ ਅਤੇ ਫ਼ੈਸਲਿਆਂ ਦੀ ਪਾਲਣਾ ਕਰਨਾ ਲਾਜ਼ਮੀ ਹੈ। ਉਨ੍ਹਾਂ ਸਮੂਹ ਅਹੁਦੇਦਾਰਾਂ ਤੇ ਵਰਕਰਾਂ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ-2027 ਦੌਰਾਨ ਹਲਕਾ ਕਪੂਰਥਲਾ ਤੋਂ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਵਿਚ ਪਾਉਣ ਲਈ ਇਕਜੁੱਟ ਹੋ ਕੇ ਕੰਮ ਕਰਨ ਲਈ ਪ੍ਰੇਰਿਆ।




# ਕੈਨੇਡਾ ’ਚ 333 ਕਿੱਲੋ ਕੋਕੀਨ ਮਾਮਲੇ ’ਚ ਪੰਜਾਬੀ ਟਰੱਕ ਡਰਾਈਵਰ ਬਰੀ

**ਵਿਨੀਪੈਗ, (ਪੰਜਾਬ ਮੇਲ)-** ਕੈਨੇਡਾ ਦੇ ਬਲਿਊ ਵਾਟਰ ਬ੍ਰਿਜ ਰਾਹੀਂ 333 ਕਿਲੋਗ੍ਰਾਮ ਕੋਕੀਨ ਦੀ ਤਸਕਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਬਰੈਂਪਟਨ ਦੇ ਟਰੱਕ ਡਰਾਈਵਰ ਰਾਵਿੰਦਰ ਬੀਰ ਸਿੰਘ ਨੂੰ ਓਨਟਾਰੀਓ ਸੁਪੀਰੀਅਰ ਕੋਰਟ ਨੇ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਜਸਟਿਸ ਮਾਰਕ ਪੋਲੈਂਡ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਸਰਕਾਰੀ ਪੱਖ ਇਹ ਸਾਬਤ ਨਹੀਂ ਕਰ ਸਕਿਆ ਕਿ ਮੁਲਜ਼ਮ ਨੂੰ ਟਰੱਕ ਵਿਚ ਲੁਕਾਈ ਗਈ ਕੋਕੀਨ ਬਾਰੇ ਜਾਣਕਾਰੀ ਸੀ।

ਫ਼ੈਸਲਾ ਸੁਣਦੇ ਹੀ ਰਾਵਿੰਦਰ ਬੀਰ ਸਿੰਘ ਨੇ ਆਪਣੇ ਵਕੀਲਾਂ ਨਾਲ ਖ਼ੁਸ਼ੀ ਸਾਂਝੀ ਕੀਤੀ ਪਰ ਅਦਾਲਤ ਤੋਂ ਬਾਹਰ ਨਿਕਲਦਿਆਂ ਉਹ ਭਾਵੁਕ ਹੋ ਗਿਆ। ਉਸ ਨੇ ਕਿਹਾ, “ਮੈਂ ਬਹੁਤ ਖ਼ੁਸ਼ ਹਾਂ ਕਿ ਸੱਚ ਸਾਹਮਣੇ ਆਇਆ ਹੈ।” ਬਚਾਅ ਪੱਖ ਦੇ ਵਕੀਲ ਗੁਰੂਵੀਰ ਸੰਘਾ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਭਰੋਸਾ ਸੀ ਕਿ ਉਨ੍ਹਾਂ ਦਾ ਮੁਵੱਕਿਲ ਬੇਕਸੂਰ ਹੈ। ਦੂਜੇ ਪਾਸੇ ਸਰਕਾਰੀ ਵਕੀਲ ਸਟੇਫਾਨ ਮੈਰੀਨੀਅਰ ਨੇ ਕਿਹਾ ਕਿ ਫ਼ੈਸਲੇ ਦਾ ਅਧਿਐਨ ਕਰਨ ਮਗਰੋਂ 30 ਦਿਨਾਂ ਅੰਦਰ ਅਪੀਲ ਕਰਨ ਬਾਰੇ ਫ਼ੈਸਲਾ ਕੀਤਾ ਜਾਵੇਗਾ।

ਮਾਮਲੇ ਅਨੁਸਾਰ ਰਾਵਿੰਦਰ ਬੀਰ ਸਿੰਘ 2022 ਵਿਚ ਵਿਦਿਆਰਥੀ ਵੀਜ਼ੇ ’ਤੇ ਭਾਰਤ ਤੋਂ ਕੈਨੇਡਾ ਆਇਆ ਸੀ ਅਤੇ ਡਿਵਾਈਨ ਫਰੇਟਲਾਈਨਜ਼ ਇੰਕ. ਲਈ ਟਰੱਕ ਚਲਾਉਂਦਾ ਸੀ। 5 ਮਾਰਚ 2025 ਨੂੰ ਉਸ ਨੇ ਓਹਾਇਓ ਦੇ ਕੋਲੰਬਸ ਸਥਿਤ ਰੈੱਡਹਾਕ ਲਾਜਿਸਟਿਕਸ ਤੋਂ ਪਲਾਸਟਿਕ



■ **ਸਰਕਾਰੀ ਪੱਖ ਇਹ ਸਾਬਤ ਨਹੀਂ ਕਰ ਸਕਿਆ ਕਿ ਮੁਲਜ਼ਮ ਨੂੰ ਲੁਕਾਈ ਗਈ ਕੋਕੀਨ ਬਾਰੇ ਜਾਣਕਾਰੀ ਸੀ**

ਰੇਜ਼ਿਨ ਨਾਲ ਲੱਦਿਆ ਟਰਾਲਾ ਚੁੱਕਿਆ। ਉਸੇ ਰਾਤ ਬਲਿਊ ਵਾਟਰ ਬਰਿੱਜ ਪਹੁੰਚਣ ’ਤੇ ਸੀ.ਬੀ.ਐੱਸ.ਏ. ਅਧਿਕਾਰੀਆਂ ਨੇ ਟਰੱਕ ਦੀ ਜਾਂਚ ਕੀਤੀ।

ਤਲਾਸ਼ੀ ਦੌਰਾਨ 24 ਪੈਲੇਟਾਂ ਵਿਚੋਂ ਸੱਤ ਬੋਰੀਆਂ ਅੰਦਰ ਲੁਕਾਏ 281 ਇੱਕ-ਇੱਕ ਕਿੱਲੋਗਰਾਮ ਦੇ ਕੋਕੀਨ ਦੇ ਪੈਕੇਟ ਬਰਾਮਦ ਹੋਏ। ਪੈਕਿੰਗ ਸਮੇਤ ਕੁੱਲ ਵਜ਼ਨ 333 ਕਿਲੋਗ੍ਰਾਮ ਸੀ ਅਤੇ ਇਸ ਦੀ ਕੀਮਤ 50 ਲੱਖ ਤੋਂ 3.4 ਕਰੋੜ ਡਾਲਰ ਦਰਮਿਆਨ ਦੱਸੀ ਗਈ। ਇਸ ਮਗਰੋਂ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਦੋ ਹਫ਼ਤਿਆਂ ਬਾਅਦ ਦੋ ਲੱਖ ਡਾਲਰ ਦੀ ਜ਼ਮਾਨਤ ’ਤੇ ਰਿਹਾਅ ਹੋ ਗਿਆ ਸੀ। ਇਸ ਮਾਮਲੇ ਵਿਚ ਬਾਅਦ ਵਿਚ ਬਰੈਂਪਟਨ ਦੀ ਇੱਕ ਟਰੱਕਿੰਗ ਕੰਪਨੀ ਨਾਲ ਜੁੜੇ ਦੋ ਵਿਅਕਤੀਆਂ ਖ਼ਿਲਾਫ਼ ਸਾਜ਼ਿਸ਼ ਦੇ ਦੋਸ਼ ਵੀ ਲਾਏ ਗਏ। ਸਰਕਾਰੀ ਪੱਖ ਨੇ ਦਲੀਲ ਦਿੱਤੀ ਕਿ ਇੰਨੀ ਵੱਡੀ ਖੇਪ ਕਿਸੇ ਅਣਜਾਣ ਡਰਾਈਵਰ ਨੂੰ ਨਹੀਂ ਸੌਂਪੀ ਜਾ ਸਕਦੀ ਅਤੇ ਸਿੰਘ ਨੇ ਟਰਾਲੇ ਦੇ ਐਕਸਲ ਖਿਸਕਾ ਕੇ ਅਤੇ ਸਰਹੱਦੀ ਅਧਿਕਾਰੀਆਂ ਨੂੰ ਗੁਮਰਾਹ ਕਰਕੇ ਆਪਣੀ ਸ਼ਮੂਲੀਅਤ ਛੁਪਾਉਣ ਦੀ ਕੋਸ਼ਿਸ਼ ਕੀਤੀ।

ਬਚਾਅ ਪੱਖ ਨੇ ਇਸ ਦੇ ਉਲਟ ਦਲੀਲ ਦਿੱਤੀ ਕਿ ਟਰਾਲਾ ਲੋਡ ਹੋਣ ਤੋਂ ਬਾਅਦ ਕਰੀਬ ਸੱਤ ਘੰਟੇ ਕਿਸੇ ਹੋਰ ਦੇ ਕਬਜ਼ੇ ਵਿਚ ਰਿਹਾ, ਜਦਕਿ ਸਿੰਘ ਉਸ ਵੇਲੇ ਉੱਥੇ ਮੌਜੂਦ ਨਹੀਂ ਸੀ। ਕੋਲੰਬਸ ਪਹੁੰਚਣ ਤੋਂ ਬਾਅਦ ਉਹ ਸਿਰਫ਼ 37 ਮਿੰਟ ਉੱਥੇ ਰਿਹਾ। ਨਾ ਉਸ ਦੇ ਫਿੰਗਰ ਪ੍ਰਿੰਟ ਨਸ਼ੀਲੇ ਪਦਾਰਥਾਂ ’ਤੇ ਮਿਲੇ ਅਤੇ ਨਾ ਹੀ ਉਸ ਦੇ ਮੋਬਾਈਲ ਫ਼ੋਨ ਵਿਚ ਕੋਈ ਸ਼ੱਕੀ ਸੁਨੇਹੇ ਜਾਂ ਸਬੂਤ ਮਿਲੇ। ਅਦਾਲਤ ਵਿਚ ਪੰਜਾਬੀ ਦੁਭਾਸ਼ੀਏ ਰਾਹੀਂ ਗਵਾਹੀ ਦਿੰਦਿਆਂ ਸਿੰਘ ਨੇ ਕਿਹਾ ਕਿ ਉਸ ਨੂੰ ਟਰੱਕ ਵਿਚ ਲੁਕਾਈ ਗਈ ਕੋਕੀਨ ਬਾਰੇ ਕੋਈ ਜਾਣਕਾਰੀ ਨਹੀਂ ਸੀ।

ਜਸਟਿਸ ਪੋਲੈਂਡ ਨੇ ਫ਼ੈਸਲੇ ਵਿਚ ਕਿਹਾ ਕਿ ਸਿਰਫ਼ ਨਸ਼ੇ ਦੀ ਵੱਡੀ ਕੀਮਤ ਦੇ ਆਧਾਰ ’ਤੇ ਇਹ ਨਹੀਂ ਮੰਨਿਆ ਜਾ ਸਕਦਾ ਕਿ ਡਰਾਈਵਰ ਨੂੰ ਇਸ ਦੀ ਜਾਣਕਾਰੀ ਹੋਵੇਗੀ। ਉਨ੍ਹਾਂ ਕਿਹਾ ਕਿ ਤਸਕਰ ਕਈ ਵਾਰ “ਬਲਾਇੰਡ ਕੋਰੀਅਰ” ਦੀ ਵਰਤੋਂ ਕਰਦੇ ਹਨ, ਜਿਸ ਨੂੰ ਮਾਲ ਦੀ ਜਾਣਕਾਰੀ ਨਹੀਂ ਹੁੰਦੀ। ਅਦਾਲਤ ਨੇ ਇਹ ਵੀ ਮੰਨਿਆ ਕਿ ਸਿਰਫ਼ 37 ਮਿੰਟਾਂ ਵਿਚ 281 ਪੈਕਟਾਂ ਨੂੰ ਇਸ ਤਰ੍ਹਾਂ ਲੁਕਾਉਣਾ ਵਿਵਹਾਰਿਕ ਤੌਰ ’ਤੇ ਸੰਭਵ ਨਹੀਂ ਜਾਪਦਾ। ਇਨ੍ਹਾਂ ਹਾਲਾਤ ਵਿਚ ਸਰਕਾਰੀ ਪੱਖ ਦੋਸ਼ ਸ਼ੱਕ ਤੋਂ ਪਰੇ ਸਾਬਤ ਕਰਨ ਵਿਚ ਅਸਫਲ ਰਿਹਾ ਅਤੇ ਅਦਾਲਤ ਨੇ ਰਾਵਿੰਦਰ ਬੀਰ ਸਿੰਘ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ।

# ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਜਨਮ ਨਾਲ ਮਿਲਣ ਵਾਲੀ ਅਮਰੀਕੀ ਨਾਗਰਿਕਤਾ ’ਤੇ ਟਰੰਪ ਅੱਗੇ ਕੀ ਹਨ ਤਿੰਨ ਰਾਹ?

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਜਨਮ ਨਾਲ ਮਿਲਣ ਵਾਲੀ ਨਾਗਰਿਕਤਾ (ਬਰਥਰਾਈਟ ਸਿਟੀਜ਼ਨਸ਼ਿਪ) ਨੂੰ ਸੀਮਿਤ ਕਰਨ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਕੋਸ਼ਿਸ਼ ਨੂੰ ਸੁਪਰੀਮ ਕੋਰਟ ਦੇ ਤਾਜ਼ਾ ਫ਼ੈਸਲੇ ਤੋਂ ਬਾਅਦ ਵੱਡਾ ਝਟਕਾ ਲੱਗਿਆ ਹੈ। ਟਰੰਪ ਪ੍ਰਸ਼ਾਸਨ ਨੇ ਸੁਪਰੀਮ ਕੋਰਟ ਦੇ ਫ਼ੈਸਲੇ ’ਤੇ ਦੁਬਾਰਾ ਸੁਣਵਾਈ ਦੀ ਅਰਜ਼ੀ ਦੇਣ ਦੀ ਗੱਲ ਕੀਤੀ ਸੀ, ਪਰ ਨਿਰਧਾਰਤ ਸਮਾਂ ਲੰਘ ਜਾਣ ਦੇ ਬਾਵਜੂਦ ਅਜਿਹੀ ਕੋਈ ਅਰਜ਼ੀ ਦਾਇਰ ਨਹੀਂ ਕੀਤੀ ਗਈ। ਇਸ ਨਾਲ ਅਦਾਲਤੀ ਰਸਤਾ ਲਗਭਗ ਬੰਦ ਹੋ ਗਿਆ ਹੈ ਅਤੇ ਹੁਣ ਧਿਆਨ ਇਸ ਗੱਲ ਵੱਲ ਹੈ ਕਿ ਟਰੰਪ ਅਤੇ ਰਿਪਬਲਿਕਨ ਪਾਰਟੀ ਅੱਗੇ ਕੀ ਕਦਮ ਚੁੱਕ ਸਕਦੇ ਹਨ।



30 ਜੂਨ ਨੂੰ ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਕਿਹਾ ਸੀ ਕਿ ਅਮਰੀਕਾ ਵਿਚ ਜਨਮੇ ਬੱਚੇ, ਭਾਵੇਂ ਉਨ੍ਹਾਂ ਦੇ ਮਾਪੇ ਗੈਰ-ਕਾਨੂੰਨੀ ਤੌਰ ’ਤੇ ਜਾਂ ਅਸਥਾਈ ਵੀਜ਼ੇ ’ਤੇ ਹੀ ਕਿਉਂ ਨਾ ਰਹਿ ਰਹੇ ਹੋਣ, ਸੰਵਿਧਾਨ ਦੇ 14ਵੇਂ ਸੋਧ ਅਧੀਨ ਜਨਮ ਤੋਂ ਹੀ ਅਮਰੀਕੀ ਨਾਗਰਿਕ ਮੰਨੇ ਜਾਣਗੇ। ਇਸ ਫ਼ੈਸਲੇ ਨਾਲ ਟਰੰਪ ਦਾ ਉਹ ਕਾਰਜਕਾਰੀ ਹੁਕਮ ਰੱਦ ਹੋ ਗਿਆ, ਜਿਸ ਵਿਚ ਅਜਿਹੇ ਬੱਚਿਆਂ ਨੂੰ ਨਾਗਰਿਕਤਾ ਨਾ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ।

ਹੁਣ ਪਹਿਲਾ ਸੰਭਾਵੀ ਰਾਹ ਸੰਵਿਧਾਨ ਵਿਚ ਸੋਧ ਕਰਵਾਉਣ ਦਾ ਹੈ। ਰਿਪਬਲਿਕਨ ਨੇਤਾਵਾਂ ਦਾ ਮੰਨਣਾ ਹੈ ਕਿ ਜੇ ਜਨਮ ਨਾਲ ਮਿਲਣ ਵਾਲੀ ਨਾਗਰਿਕਤਾ ਦੇ ਨਿਯਮ ਬਦਲਣੇ ਹਨ, ਤਾਂ 14ਵੇਂ ਸੋਧ ਵਿਚ ਤਬਦੀਲੀ ਲਾਜ਼ਮੀ ਹੋਵੇਗੀ। ਪਰ ਇਸ ਲਈ ਕਾਂਗਰਸ ਦੇ ਦੋਵਾਂ ਸਦਨਾਂ ਵਿਚ ਦੋ-ਤਿਹਾਈ ਬਹੁਮਤ ਅਤੇ 50 ਵਿਚੋਂ 38 ਰਾਜਾਂ ਦੀ ਮਨਜ਼ੂਰੀ ਚਾਹੀਦੀ ਹੈ, ਜੋ ਮੌਜੂਦਾ ਰਾਜਨੀਤਿਕ ਹਾਲਾਤਾਂ ਵਿਚ ਬਹੁਤ ਮੁਸ਼ਕਲ ਮੰਨੀ ਜਾ ਰਹੀ ਹੈ।

ਦੂਜਾ ਰਾਹ ਕਾਂਗਰਸ ਰਾਹੀਂ ਨਵਾਂ ਕਾਨੂੰਨ ਬਣਾਉਣ ਦਾ ਹੈ। ਟਰੰਪ ਨੇ ਆਪਣੇ ਸਮਰਥਕਾਂ ਨੂੰ ਇਸ ਦਿਸ਼ਾ ਵਿਚ ਕਦਮ ਚੁੱਕਣ ਦੀ ਅਪੀਲ ਕੀਤੀ ਹੈ। ਰਿਪਬਲਿਕਨ ਸੰਸਦ ਮੈਂਬਰ ਪਹਿਲਾਂ ਹੀ ਕਈ ਬਿੱਲ ਪੇਸ਼ ਕਰ ਚੁੱਕੇ ਹਨ, ਜਿਨ੍ਹਾਂ ਦਾ ਮਕਸਦ ਜਨਮ ਨਾਲ ਮਿਲਣ ਵਾਲੀ ਨਾਗਰਿਕਤਾ ਦੇ ਨਿਯਮਾਂ ਨੂੰ ਸੀਮਿਤ ਕਰਨਾ ਹੈ। ਹਾਲਾਂਕਿ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਕੋਈ ਕਾਨੂੰਨ ਸੁਪਰੀਮ ਕੋਰਟ ਦੀ ਸੰਵਿਧਾਨਕ ਵਿਆਖਿਆ ਦੇ ਉਲਟ ਹੋਇਆ, ਤਾਂ ਉਸ ਨੂੰ ਤੁਰੰਤ ਅਦਾਲਤ ਵਿਚ ਚੁਣੌਤੀ ਮਿਲ ਸਕਦੀ ਹੈ। ਤੀਜਾ ਰਾਹ ਪ੍ਰਸ਼ਾਸਨਿਕ ਕਾਰਵਾਈ ਨੂੰ ਹੋਰ ਸਖ਼ਤ ਕਰਨਾ ਹੈ। ਟਰੰਪ ਪ੍ਰਸ਼ਾਸਨ ਹੁਣ “ਬਰਥ ਟੂਰਿਜ਼ਮ” ’ਤੇ ਵੱਧ ਧਿਆਨ ਦੇ ਰਿਹਾ ਹੈ, ਜਿਸ ਵਿਚ ਵਿਦੇਸ਼ੀ ਔਰਤਾਂ ਬੱਚੇ ਨੂੰ ਅਮਰੀਕਾ ਵਿਚ ਜਨਮ ਦੇਣ ਲਈ ਵੀਜ਼ੇ ’ਤੇ ਆਉਂਦੀਆਂ ਹਨ, ਤਾਂ ਜੋ ਬੱਚੇ ਨੂੰ ਅਮਰੀਕੀ ਨਾਗਰਿਕਤਾ ਮਿਲ ਸਕੇ। ਨਿਆਂ ਵਿਭਾਗ ਨੇ ਸੰਘੀ ਵਕੀਲਾਂ ਨੂੰ ਅਜਿਹੇ ਨੈੱਟਵਰਕਾਂ ਖ਼ਿਲਾਫ਼ ਜਾਂਚ ਅਤੇ ਕਾਰਵਾਈ ਨੂੰ ਤਰਜੀਹ ਦੇਣ ਦੇ ਨਿਰਦੇਸ਼ ਦਿੱਤੇ ਹਨ। ਨਾਲ ਹੀ ਵੀਜ਼ਾ ਅਰਜ਼ੀਆਂ ਦੀ ਹੋਰ ਸਖ਼ਤ ਜਾਂਚ ਅਤੇ ਜਨਮ ਦੇ ਮਕਸਦ ਨਾਲ ਅਮਰੀਕਾ ਆਉਣ ਵਾਲਿਆਂ ’ਤੇ ਵਧੇਰੇ ਨਿਗਰਾਨੀ ਦੀ ਵੀ ਚਰਚਾ ਹੋ ਰਹੀ ਹੈ।

ਫਿਲਹਾਲ ਸੁਪਰੀਮ ਕੋਰਟ ਦੇ ਫ਼ੈਸਲੇ ਕਾਰਨ ਟਰੰਪ ਦਾ ਕਾਰਜਕਾਰੀ ਹੁਕਮ ਲਾਗੂ ਨਹੀਂ ਹੋ ਸਕਦਾ। ਇਸ ਲਈ ਜਨਮ ਨਾਲ ਮਿਲਣ ਵਾਲੀ ਅਮਰੀਕੀ ਨਾਗਰਿਕਤਾ ਦੇ ਨਿਯਮਾਂ ਵਿਚ ਕੋਈ ਵੀ ਵੱਡਾ ਬਦਲਾਅ ਹੁਣ ਸੰਵਿਧਾਨਕ ਸੋਧ, ਕਾਂਗਰਸ ਵੱਲੋਂ ਬਣਾਏ ਜਾਣ ਵਾਲੇ ਕਾਨੂੰਨ ਜਾਂ ਭਵਿੱਖ ਵਿਚ ਕਿਸੇ ਨਵੇਂ ਅਦਾਲਤੀ ਮਾਮਲੇ ’ਤੇ ਨਿਰਭਰ ਕਰੇਗਾ। ਇਸ ਕਾਰਨ ਇਹ ਮੁੱਦਾ ਆਉਣ ਵਾਲੇ ਸਮੇਂ ਵਿਚ ਵੀ ਅਮਰੀਕੀ ਰਾਜਨੀਤੀ ਅਤੇ ਇਮੀਗ੍ਰੇਸ਼ਨ ਬਹਿਸ ਦਾ ਇੱਕ ਅਹਿਮ ਵਿਸ਼ਾ ਬਣਿਆ ਰਹਿਣ ਦੀ ਸੰਭਾਵਨਾ ਹੈ।



# ਅਮਰੀਕਾ 'ਚ ਗ੍ਰਿਫ਼ਤਾਰ 30 ਭਾਰਤੀ ਟਰੱਕ ਡਰਾਈਵਰ ਦੀ ਕੋਈ ਉਘ-ਸੁੱਘ ਨਹੀਂ ਮਿਲੀ : ਐੱਮ.ਈ.ਏ. ਦਾ ਅਹਿਮ ਬਿਆਨ

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਵਿਚ ਢਾਈ ਮਹੀਨੇ ਪਹਿਲਾਂ ਗ੍ਰਿਫ਼ਤਾਰ 30 ਤੋਂ ਵੱਧ ਭਾਰਤੀ-ਪੰਜਾਬੀ ਟਰੱਕ ਡਰਾਈਵਰਾਂ ਦੀ ਕੋਈ ਉਘ-ਸੁੱਘ ਨਹੀਂ ਮਿਲ ਰਹੀ ਅਤੇ ਭਾਰਤ ਸਰਕਾਰ ਨੂੰ ਹੁਣ ਤੱਕ ਉਨ੍ਹਾਂ ਦੀ ਸ਼ਨਾਖ਼ਤ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲ ਸਕੀ ਹੈ। ਦੂਜੇ ਪਾਸੇ ਤਿੰਨ ਹੋਰ ਭਾਰਤੀ ਟਰੱਕ ਡਰਾਈਵਰਾਂ ਦੇ ਟੈਕਸਾਸ ਅਤੇ ਫਲੋਰੀਡਾ ਵਿਚ ਗ੍ਰਿਫ਼ਤਾਰ ਹੋਣ ਦੀ ਰਿਪੋਰਟ ਸਾਹਮਣੇ ਆਈ ਹੈ, ਜਿਨ੍ਹਾਂ ਦੀ ਸ਼ਨਾਖ਼ਤ ਮੁਕੇਸ਼ ਮਣੀ, ਰਾਹੁਲ ਅਤੇ ਵਰਿੰਦਰ ਵਜੋਂ ਕੀਤੀ ਗਈ। ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਵਾਸ਼ਿੰਗਟਨ ਸਥਿਤ ਇੰਡੀਅਨ ਅੰਬੈਸੀ ਰਾਹੀਂ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵਾਲਿਆਂ ਤੋਂ ਟਰੱਕ ਡਰਾਈਵਰਾਂ ਦੇ ਵੇਰਵੇ ਮੰਗੇ ਗਏ ਪਰ ਕੋਈ ਹੁੰਗਾਰਾ ਨਹੀਂ ਆਇਆ।

ਦੱਸ ਦੇਈਏ ਕਿ ਅਮਰੀਕਾ ਦੇ ਐਰੀਜ਼ੋਨਾ ਸੂਬੇ 'ਚ 11 ਤੋਂ 15 ਮਈ ਦੇ ਵਿਚਕਾਰ ਚਲਾਏ 'ਅਪ੍ਰੇਸ਼ਨ ਚੈਕਮੇਟ' ਦੌਰਾਨ 52 ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਗਿਆ, ਜਿਨ੍ਹਾਂ ਵਿਚੋਂ 36 ਟਰੱਕ ਡਰਾਈਵਰ ਸਨ ਅਤੇ ਇਨ੍ਹਾਂ ਵਿਚੋਂ 30 ਭਾਰਤ ਨਾਲ ਸਬੰਧਤ ਦੱਸੇ ਗਏ। ਹਿਰਾਸਤ ਵਿਚ ਲਏ ਗਏ 30 ਡਰਾਈਵਰਾਂ ਵਿਚੋਂ ਕਈ ਪੰਜਾਬ ਮੂਲ ਦੇ ਹਨ। ਇਨ੍ਹਾਂ ਸਾਰਿਆਂ 'ਤੇ ਸੰਘੀ ਇਮੀਗ੍ਰੇਸ਼ਨ



ਕਾਨੂੰਨਾਂ ਅਧੀਨ ਕਾਰਵਾਈ ਕੀਤੀ ਗਈ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।

ਕਸਟਮਜ਼ ਐਂਡ ਬਾਰਡਰ ਪੈਟਰੋਲ ਮੁਤਾਬਕ 29 ਟਰੱਕ ਡਰਾਈਵਰਾਂ ਕੋਲ ਕੈਲੀਫੋਰਨੀਆ, ਨਿਊਯਾਰਕ, ਵਾਸ਼ਿੰਗਟਨ ਅਤੇ ਵਰਜੀਨੀਆ ਰਾਜਾਂ ਤੋਂ ਜਾਰੀ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਮੌਜੂਦ ਸਨ, ਜਦਕਿ ਇਕ ਜਣਾ ਬਗੈਰ ਲਾਇਸੰਸ ਤੋਂ ਹੀ ਟਰੱਕ ਚਲਾ ਰਿਹਾ ਸੀ। ਭਾਰਤ ਸਰਕਾਰ ਦੀ ਦਲੀਲ ਹੈ ਕਿ ਅਪ੍ਰੇਸ਼ਨ ਚੈਕਮੇਟ ਬਾਰੇ ਕੋਈ ਅਗਾਊਂ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਅਮਰੀਕਾ ਦੀ ਲਾਅ ਐਨਫ਼ੋਰਸਮੈਂਟ ਏਜੰਸੀ ਨੇ ਆਪਣੇ ਪੱਧਰ 'ਤੇ ਕਾਰਵਾਈ ਕੀਤੀ। ਜਿਉਂ ਹੀ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਜਾਂ ਇਮੀਗ੍ਰੇਸ਼ਨ ਹਿਰਾਸਤ ਵਿਚ ਲਏ ਜਾਣ ਦੀਆਂ ਰਿਪੋਰਟਾਂ ਉਭਰੀਆਂ ਤਾਂ ਵਿਦੇਸ਼ ਮੰਤਰਾਲੇ ਨੇ ਵਾਸ਼ਿੰਗਟਨ ਸਥਿਤ ਅੰਬੈਸੀ ਨੂੰ ਵੇਰਵੇ ਹਾਸਲ ਕਰਨ ਦੀ ਹਦਾਇਤ ਦਿਤੀ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਰਾਜ ਸਭਾ ਵਿਚ ਇਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕਿਹਾ ਕਿ ਭਾਰਤ ਸਰਕਾਰ ਹੁਣ ਤੱਕ ਅਮਰੀਕਾ ਦੇ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਤੋਂ ਵਿਸਤਾਰਤ ਜਾਣਕਾਰੀ ਆਉਣ ਦੀ ਉਡੀਕ ਕਰ ਰਹੀ ਹੈ।

ਕੇਂਦਰ ਸਰਕਾਰ ਦੇ ਤਾਜ਼ਾ ਜਵਾਬ ਮਗਰੋਂ ਮਾਮਲਾ ਉਲਝਦਾ ਨਜ਼ਰ ਆ ਰਿਹਾ ਹੈ ਅਤੇ ਨਵਾਂ ਸਵਾਲ ਇਹ ਉਠ ਰਿਹਾ ਹੈ ਕਿ ਆਖਰਕਾਰ 30 ਭਾਰਤੀ ਨਾਗਰਿਕ ਕਿੱਥੇ ਹਨ। ਭਾਰਤੀ ਟਰੱਕ ਡਰਾਈਵਰਾਂ ਦੇ ਜੱਦੀ ਸੂਬੇ, ਜ਼ਿਲ੍ਹੇ ਜਾਂ ਪਰਿਵਾਰਾਂ ਬਾਰੇ ਜਾਣਕਾਰੀ ਹਾਸਲ ਕਰਨ ਹਿਤ ਕਈ ਐੱਮ.ਪੀਜ਼ ਨੇ ਸਵਾਲ ਦਾਇਰ ਕੀਤੇ ਪਰ ਤਸੱਲੀਬਖਸ਼ ਜਾਣਕਾਰੀ ਹਾਸਲ ਕਰਨ ਵਿਚ ਨਾਕਾਮ ਰਹੇ। ਇਸੇ ਦੌਰਾਨ ਅਮਰੀਕਾ ਦੇ ਟੈਕਸਾਸ ਸੂਬੇ ਵਿਚ 32 ਹਜ਼ਾਰ ਪੌਂਡ ਵਜ਼ਨੀ ਮਹਿੰਗੀ ਧਾਤ ਚੋਰੀ ਕਰਨ ਦੇ ਮਾਮਲੇ ਤਹਿਤ ਪੁਲਿਸ ਵੱਲੋਂ ਦੋ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ 2 ਲੱਖ 72 ਹਜ਼ਾਰ ਡਾਲਰ ਮੁੱਲ ਦੀ ਧਾਤ ਚੋਰੀ ਹੋਣ ਬਾਰੇ ਸ਼ਿਕਾਇਤ ਮਿਲਣ 'ਤੇ ਪੜਤਾਲ ਆਰੰਭੀ ਗਈ ਅਤੇ ਇਕ ਨਾਕੇ ਦੌਰਾਨ ਰੋਕੇ ਟਰੱਕ ਵਿਚੋਂ ਚੋਰੀਸ਼ੁਦਾ ਧਾਤ ਬਰਾਮਦ ਕਰਨ ਵਿਚ ਸਫ਼ਲਤਾ ਮਿਲੀ।

ਟਰੱਕ ਵਿਚ ਸਵਾਰ ਸ਼ੱਕੀਆਂ ਦੀ ਸ਼ਨਾਖ਼ਤ 25 ਸਾਲਾ ਰਾਹੁਲ ਅਤੇ 36 ਸਾਲਾ ਵਰਿੰਦਰ ਵਜੋਂ ਕੀਤੀ ਗਈ ਹੈ।

## ਐੱਫ.ਬੀ.ਆਈ. ਹੁਣ ਏ.ਆਈ. ਦੀ ਮਦਦ ਨਾਲ ਸੰਭਾਵਿਤ ਖ਼ਤਰਿਆਂ ਦੀ ਪਹਿਲਾਂ ਹੀ ਪਛਾਣ ਕਰਨ ਦੀ ਤਿਆਰੀ 'ਚ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਸੰਘੀ ਜਾਂਚ ਏਜੰਸੀ ਐੱਫ.ਬੀ.ਆਈ. ਇੱਕ ਨਵੀਂ ਆਰਟੀਫ਼ਿਸ਼ਲ ਇੰਟੈਲੀਜੈਂਸ (ਏ.ਆਈ.) ਤਕਨਾਲੋਜੀ ਦੀ ਸੰਭਾਵਨਾ 'ਤੇ ਕੰਮ ਕਰ ਰਹੀ ਹੈ। ਇਸ ਦਾ ਮਕਸਦ ਇਹ ਹੈ ਕਿ ਜੇ ਕੋਈ ਵਿਅਕਤੀ ਭਵਿੱਖ ਵਿਚ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਬਣ ਸਕਦਾ ਹੋਵੇ, ਤਾਂ ਉਸ ਬਾਰੇ ਪਹਿਲਾਂ ਹੀ ਸੰਕੇਤ ਮਿਲ ਸਕਣ। ਧਿਆਨ ਰਹੇ ਕਿ ਇਸ ਵੇਲੇ ਇਹ ਸਿਰਫ਼ ਇੱਕ ਯੋਜਨਾ ਹੈ, ਅਜੇ ਇਹ ਸਿਸਟਮ ਲਾਗੂ ਨਹੀਂ ਕੀਤਾ ਗਿਆ।

ਐੱਫ.ਬੀ.ਆਈ. ਚਾਹੁੰਦੀ ਹੈ ਕਿ ਏ.ਆਈ. ਲੱਖਾਂ ਲੋਕਾਂ ਨਾਲ ਸੰਬੰਧਿਤ ਵੱਖ-ਵੱਖ ਰਿਕਾਰਡਾਂ ਅਤੇ ਡਾਟੇ ਦਾ ਕੁਝ ਹੀ ਸਮੇਂ ਵਿਚ ਵਿਸ਼ਲੇਸ਼ਣ ਕਰੇ ਅਤੇ ਜੇ ਕਿਸੇ ਵਿਅਕਤੀ ਦੀਆਂ ਗਤੀਵਿਧੀਆਂ ਜਾਂ ਹੋਰ ਜਾਣਕਾਰੀਆਂ ਵਿਚ ਕੋਈ ਸ਼ੱਕੀ ਪੈਟਰਨ ਨਜ਼ਰ ਆਵੇ, ਤਾਂ ਉਸ ਬਾਰੇ ਜਾਂਚ ਅਧਿਕਾਰੀਆਂ ਨੂੰ ਸੂਚਨਾ ਦੇਵੇ। ਇਸ ਨਾਲ ਅਧਿਕਾਰੀਆਂ ਨੂੰ ਕਿਹਾ ਜਾਂਦਾ ਹੈ ਕਿ ਸੰਭਾਵਿਤ ਖ਼ਤਰੇ ਦੀ ਜਾਂਚ ਜ਼ਿਆਦਾ ਤੇਜ਼ੀ ਨਾਲ ਕਰਨ ਵਿਚ ਮਦਦ ਮਿਲੇਗੀ। ਰਿਪੋਰਟਾਂ ਅਨੁਸਾਰ, ਇਸ ਸਿਸਟਮ ਲਈ ਐੱਫ.ਬੀ.ਆਈ. ਸਰਕਾਰੀ ਰਿਕਾਰਡਾਂ ਦੇ ਨਾਲ-ਨਾਲ ਕਾਨੂੰਨੀ ਤਰੀਕੇ ਨਾਲ ਉਪਲਬਧ ਹੋਰ ਡਾਟੇ ਦਾ ਵੀ ਵਿਸ਼ਲੇਸ਼ਣ ਕਰਨਾ ਚਾਹੁੰਦੀ ਹੈ। ਇਸ ਵਿਚ ਲੋਕੇਸ਼ਨ ਡਾਟਾ, ਬਾਇਓਮੈਟ੍ਰਿਕ ਜਾਣਕਾਰੀ ਜਿਵੇਂ ਚਿਹਰੇ ਦੀ ਪਛਾਣ ਅਤੇ ਉਂਗਲਾਂ ਦੇ ਨਿਸ਼ਾਨ ਵਰਗੀ ਜਾਣਕਾਰੀ ਵੀ ਸ਼ਾਮਲ ਹੋ ਸਕਦੀ ਹੈ।

## ਮੀਰੀ-ਪੀਰੀ ਖ਼ਾਲਸਾ ਮਾਰਚ ਬਾਰੇ ਆਪ ਵਿਧਾਇਕ ਦਾ ਬਿਆਨ ਪੰਥਕ ਪ੍ਰੰਪਰਾਵਾਂ ਦਾ ਨਿਰਾਦਰ: ਐਡਵੋਕੇਟ ਧਾਮੀ



**ਸ੍ਰੀ ਮੁਕਤਸਰ ਸਾਹਿਬ/ ਅੰਮ੍ਰਿਤਸਰ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੇ ਵਿਧਾਇਕ ਵੱਲੋਂ ਮੀਰੀ ਪੀਰੀ ਖਾਲਸਾ ਮਾਰਚ ਨੂੰ ਲੈ ਕੇ ਕੀਤੀ ਗਈ ਬਿਆਨਬਾਜ਼ੀ ਪੰਥਕ ਪ੍ਰੰਪਰਾਵਾਂ ਦਾ ਨਿਰਾਦਰ ਅਤੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਣ ਵਾਲੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਰੀ ਪੀਰੀ ਖਾਲਸਾ ਮਾਰਚ ਦੌਰਾਨ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਮੀਰੀ ਪੀਰੀ ਖਾਲਸਾ ਮਾਰਚ ਦਾ ਮੰਤਵ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ, ਕੌਮੀ ਏਕਤਾ, ਪੰਥਕ ਚੇਤਨਾ ਅਤੇ ਨੌਜਵਾਨੀ ਨੂੰ ਸਿੱਖ ਵਿਰਸੇ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਰੋਜ਼ਾਨਾ ਵੱਡੀ ਗਿਣਤੀ ਵਿਚ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੁੰਦਿਆਂ ਖਾਲਸਾ ਮਾਰਚ ਵਿਚ ਸ਼ਾਮਲ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਪ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਮੀਰੀ ਪੀਰੀ ਖਾਲਸਾ ਮਾਰਚ ਬਾਰੇ ਕੀਤੀ ਟਿੱਪਣੀ ਉਨ੍ਹਾਂ ਦੀ ਈਰਖਾ ਨੂੰ ਬਿਆਨ ਕਰਦੀ ਹੈ। ਉਨ੍ਹਾਂ ਕਿਹਾ ਕਿ ਖਾਲਸਾ ਮਾਰਚ ਕਰਨੇ ਪੰਥ ਦੀ ਵਿਰਾਸਤ ਹੈ ਅਤੇ ਇੰਜ ਲੱਗਦਾ ਕਿ ਆਪ ਵਿਧਾਇਕ ਸਿੱਖੀ ਸਿਧਾਂਤ ਅਤੇ ਪ੍ਰੰਪਰਾਵਾਂ ਦੀ ਸਮਝ ਨਹੀਂ ਰੱਖਦੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਪੰਥ ਦੀ ਮਰਿਆਦਾ ਅਤੇ ਗੁਰੂ ਘਰ ਨਾਲ ਸਬੰਧਤ ਕਿਸੇ ਵੀ ਵਿਸ਼ੇ 'ਤੇ ਬੋਲਣ ਤੋਂ ਪਹਿਲਾਂ ਸੌ ਵਾਰੀ ਸੋਚਣਾ ਚਾਹੀਦਾ ਹੈ। ਬਿਨਾਂ ਪੂਰੀ ਜਾਣਕਾਰੀ ਅਤੇ ਮਰਿਆਦਾ ਦੀ ਸਮਝ ਤੋਂ ਦਿੱਤਾ ਗਿਆ ਬਿਆਨ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਿਸ ਮੀਰੀ-ਪੀਰੀ ਖ਼ਾਲਸਾ ਮਾਰਚ ਬਾਰੇ ਗੱਲ ਕੀਤੀ ਜਾ ਰਹੀ ਹੈ, ਉਹ ਕੋਈ ਸਿਆਸੀ ਰੋਡ ਸ਼ੋਅ ਨਹੀਂ, ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਆਰੰਭ ਹੋਇਆ ਮਾਰਚ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰਾਂ ਅਤੇ ਪੰਥਕ ਪ੍ਰੰਪਰਾਵਾਂ ਬਾਰੇ ਬੋਲਦਿਆਂ ਹਰ ਵਿਅਕਤੀ ਨੂੰ ਸੰਯਮ ਅਤੇ ਸਤਿਕਾਰ ਨਾਲ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਥਾਪਿਤ ਮੀਰੀ-ਪੀਰੀ ਦੇ ਸਿਧਾਂਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚ ਪ੍ਰੰਪਰਾ ਨੂੰ ਸਮਰਪਿਤ ਇਹ ਮਾਰਚ ਗੁਰਮਤਿ ਮਰਿਆਦਾ ਅਨੁਸਾਰ ਚੱਲ ਰਿਹਾ ਹੈ ਅਤੇ ਇਸ ਨੂੰ ਉਸੇ ਸਤਿਕਾਰ ਅਤੇ ਗੰਭੀਰਤਾ ਨਾਲ ਹੀ ਦੇਖਿਆ ਜਾਣਾ ਚਾਹੀਦਾ ਹੈ।

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ
Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਪੰਜਾਬ ਕਾਂਗਰਸ ਦੀ ਧੜੇਬੰਦੀ ਖੁੱਲ੍ਹ ਕੇ ਆਈ ਸਾਹਮਣੇ; ਚੰਨੀ ਨੂੰ ਮੁੱਖ ਮੰਤਰੀ ਚਿਹਰਾ ਬਣਾਉਣ ਦੀ ਮੰਗ ਨੇ ਰਾਜਾ ਵੜਿੰਗ ਦੀ ਵਧਾਈ ਮੁਸ਼ਕਲ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਚੁੱਕੀ ਕਾਂਗਰਸ ਨੂੰ ਆਪਣੀ ਅੰਦਰੂਨੀ ਧੜੇਬੰਦੀ ਕਾਰਨ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਮੁੱਖ ਮੰਤਰੀ ਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੇ ਸਮਰਥਕਾਂ ਵਿਚਾਲੇ ਚੱਲ ਰਿਹਾ ਟਕਰਾਅ ਹੁਣ ਬੰਦ ਕਮਰਿਆਂ ਤੋਂ ਬਾਹਰ ਨਿਕਲ ਕੇ ਪਾਰਟੀ ਦੇ ਜਨਤਕ ਪ੍ਰੋਗਰਾਮਾਂ ਤੱਕ ਪਹੁੰਚ ਗਿਆ ਹੈ। ਸੰਗਰੂਰ, ਪਟਿਆਲਾ, ਬਰਨਾਲਾ, ਮਾਨਸਾ ਅਤੇ ਬਠਿੰਡਾ ਵਿਚ ਹੋਏ ਪਾਰਟੀ ਸਮਾਗਮਾਂ ਦੌਰਾਨ ਚੰਨੀ ਸਮਰਥਕਾਂ ਨੇ ਉਨ੍ਹਾਂ ਦੇ ਹੱਕ ਵਿਚ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਕਾਂਗਰਸ ਹਾਈਕਮਾਨ ਤੋਂ ਚੰਨੀ ਨੂੰ 2027 ਦੀਆਂ ਚੋਣਾਂ ਲਈ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਦੀ ਮੰਗ ਕੀਤੀ।

ਕਾਂਗਰਸ ਵੱਲੋਂ ਜ਼ਮੀਨੀ ਪੱਧਰ ’ਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਚਲਾਈ ਜਾ ਰਹੀ “ਹਰ ਬੂਥ, ਕਾਂਗਰਸ ਮਜ਼ਬੂਤ” ਮੁਹਿੰਮ ਦੌਰਾਨ ਧੜੇਬੰਦੀ ਦੇ ਦ੍ਰਿਸ਼ ਵਾਰ-ਵਾਰ ਸਾਹਮਣੇ ਆਏ। ਸੰਗਰੂਰ ਵਿਚ ਚੰਨੀ ਅਤੇ ਵੜਿੰਗ ਸਮਰਥਕਾਂ ਵਿਚਾਲੇ ਧੱਕਾ-ਮੁੱਕੀ ਹੋਈ ਅਤੇ ਕੁਰਸੀਆਂ ਵੀ ਸੁੱਟੀਆਂ ਗਈਆਂ, ਜਦਕਿ ਪਟਿਆਲਾ ਵਿਚ ਦੋਵੇਂ ਧਿਰਾਂ ਦੇ





ਵਰਕਰ ਆਹਮੋ-ਸਾਹਮਣੇ ਹੋ ਗਏ। ਚੰਨੀ ਸਮਰਥਕਾਂ ਨੇ “ਚੰਨੀ ਲਿਆਓ, ਪੰਜਾਬ ਬਚਾਓ” ਵਰਗੇ ਨਾਅਰੇ ਲਗਾ ਕੇ ਮੀਟਿੰਗਾਂ ਦੀ ਕਾਰਵਾਈ ਵਿਚ ਵਿਘਨ ਪਾਇਆ। ਰਾਜਾ ਵੜਿੰਗ ਨੇ ਵਰਕਰਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਚਿਤਾਵਨੀ ਦਿੱਤੀ ਕਿ ਪਾਰਟੀ ਦੇ ਅਧਿਕਾਰਤ ਪ੍ਰੋਗਰਾਮਾਂ ਦਾ ਮਾਹੌਲ ਖ਼ਰਾਬ ਕਰਨ ਵਾਲਿਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਹੋ ਸਕਦੀ ਹੈ।

ਬਠਿੰਡਾ ਵਿਚ ਵੀ ਜਦੋਂ ਰਾਜਾ ਵੜਿੰਗ ਆਪਣਾ ਸੰਬੋਧਨ ਕਰ ਰਹੇ ਸਨ, ਤਾਂ ਚੰਨੀ ਸਮਰਥਕਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਵੜਿੰਗ ਨੇ ਇੱਕ ਪ੍ਰਦਰਸ਼ਨਕਾਰੀ ਨੂੰ ਮੰਚ ਉੱਤੇ ਬੁਲਾ ਕੇ ਆਪਣੀ ਗੱਲ ਰੱਖਣ ਲਈ ਮਾਈਕ ਦਿੱਤਾ ਅਤੇ ਚੰਨੀ ਨੂੰ ਫ਼ੋਨ ਕਰਨ ਲਈ ਵੀ ਕਿਹਾ, ਪਰ ਕਾਲ ਦਾ ਜਵਾਬ ਨਹੀਂ ਮਿਲਿਆ। ਵੜਿੰਗ ਨੇ ਸਪੱਸ਼ਟ ਕੀਤਾ ਕਿ ਉਹ ਦਬਾਅ ਹੇਠ ਅਸਤੀਫ਼ਾ ਨਹੀਂ ਦੇਣਗੇ ਅਤੇ ਪਾਰਟੀ ਅੰਦਰ ਅਨੁਸ਼ਾਸਨ ਤੋੜਨ ਵਾਲੇ ਲੋਕਾਂ ਨੂੰ ਚੋਣ ਟਿਕਟਾਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਸੇ ਦੌਰਾਨ ਸ੍ਰੀ ਮੁਕਤਸਰ ਸਾਹਿਬ ਅਤੇ ਹੋਰ ਥਾਵਾਂ ਉੱਤੇ ਰਾਜਾ ਵੜਿੰਗ ਅਤੇ ਪੰਜਾਬ ਕਾਂਗਰਸ ਇੰਚਾਰਜ ਭੂਪੇਸ਼ ਬਘੇਲ ਵਿਰੁੱਧ ਪੋਸਟਰ ਅਤੇ ਹੋਰਡਿੰਗ ਵੀ ਸਾਹਮਣੇ ਆਏ। ਕਈ ਪੋਸਟਰਾਂ ਉੱਤੇ “ਬਘੇਲ ਵਾਪਸ ਜਾਓ” ਵਰਗੇ ਨਾਅਰੇ ਲਿਖੇ ਹੋਏ ਸਨ, ਜਦਕਿ ਚਰਨਜੀਤ ਸਿੰਘ ਚੰਨੀ ਦੇ ਹੱਕ ਵਿਚ ਸਮਰਥਨ ਪ੍ਰਗਟਾਇਆ ਗਿਆ ਸੀ। ਕਾਂਗਰਸੀ ਆਗੂਆਂ ਨੇ ਇਸ ਘਟਨਾਕ੍ਰਮ ਨੂੰ ਮੰਦਭਾਗਾ ਦੱਸਿਆ ਹੈ, ਹਾਲਾਂਕਿ ਕੁਝ ਨੇ ਇਹ ਵੀ ਕਿਹਾ ਕਿ ਇਹ ਸਪੱਸ਼ਟ ਨਹੀਂ ਕਿ ਪੋਸਟਰ ਪਾਰਟੀ ਵਰਕਰਾਂ ਵੱਲੋਂ ਲਗਾਏ ਗਏ ਜਾਂ ਵਿਰੋਧੀ ਤਾਕਤਾਂ ਵੱਲੋਂ।

ਭੂਪੇਸ਼ ਬਘੇਲ ਨੇ ਅਨੁਸ਼ਾਸਨ ਤੋੜਨ ਵਾਲਿਆਂ ਨੂੰ ਸਖ਼ਤ ਕਾਰਵਾਈ ਦੀ ਚਿਤਾਵਨੀ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਦਾ ਚਿਹਰਾ ਪਹਿਲਾਂ ਤੋਂ ਤੈਅ ਨਹੀਂ ਕੀਤਾ ਜਾਵੇਗਾ। ਉਨ੍ਹਾਂ ਅਨੁਸਾਰ ਕਾਂਗਰਸ ਦੇ ਸੱਤਾ ਵਿਚ ਆਉਣ ਤੋਂ ਬਾਅਦ ਪਾਰਟੀ ਹਾਈਕਮਾਨ ਅਤੇ ਵਿਧਾਇਕਾਂ ਦੀ ਰਾਇ ਨਾਲ ਮੁੱਖ ਮੰਤਰੀ ਚੁਣਿਆ ਜਾਵੇਗਾ। ਬਘੇਲ ਨੇ ਰਾਜਾ ਵੜਿੰਗ ਨੂੰ ਹਾਈਕਮਾਨ ਦਾ ਸਮਰਥਨ ਹੋਣ ਦਾ ਸੰਕੇਤ ਦਿੰਦਿਆਂ ਵਰਕਰਾਂ ਨੂੰ ਅੰਦਰੂਨੀ ਲੜਾਈ ਛੱਡ ਕੇ ਆਮ ਆਦਮੀ ਪਾਰਟੀ, ਭਾਜਪਾ ਅਤੇ ਅਕਾਲੀ ਦਲ ਵਿਰੁੱਧ ਲੜਾਈ ਉੱਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ।

ਚਰਨਜੀਤ ਸਿੰਘ ਚੰਨੀ ਨੇ ਵੀ ਆਪਣੇ ਸਮਰਥਕਾਂ ਨੂੰ ਪਾਰਟੀ ਦੇ ਪ੍ਰੋਗਰਾਮਾਂ ’ਚ ਵਿਘਨ ਨਾ ਪਾਉਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਪਾਰਟੀ ਸਭ ਤੋਂ ਉੱਪਰ ਹੈ ਅਤੇ ਆਗੂਆਂ ਨੂੰ ਅਹੁਦਿਆਂ ਦੀ ਦੌੜ ਦੀ ਥਾਂ ਪੰਜਾਬ ਦੇ ਮੁੱਦਿਆਂ ਉੱਤੇ ਕੰਮ ਕਰਨਾ ਚਾਹੀਦਾ ਹੈ। ਇਸ ਦੇ ਬਾਵਜੂਦ ਲਗਾਤਾਰ ਹੋ ਰਹੀ ਨਾਅਰੇਬਾਜ਼ੀ ਅਤੇ ਪੋਸਟਰਬਾਜ਼ੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਕਾਂਗਰਸ ਵਿਚ ਲੀਡਰਸ਼ਿਪ ਦਾ ਮਸਲਾ ਅਜੇ ਸੁਲਝਿਆ ਨਹੀਂ। ਜੇਕਰ ਹਾਈਕਮਾਨ ਨੇ ਸਮੇਂ ਸਿਰ ਦੋਵਾਂ ਧੜਿਆਂ ਵਿਚਾਲੇ ਸਮਝੌਤਾ ਨਾ ਕਰਵਾਇਆ, ਤਾਂ ਇਹ ਅੰਦਰੂਨੀ ਟਕਰਾਅ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀਆਂ ਸੰਭਾਵਨਾਵਾਂ ਨੂੰ ਵੱਡਾ ਨੁਕਸਾਨ ਪਹੁੰਚਾ ਸਕਦਾ ਹੈ।

# ਪੰਜਾਬ ਵਿਧਾਨ ਸਭਾ ’ਚ ਪੇਪਰ ਲੀਕ ਦੇ ਦੋਸ਼ਾਂ ’ਤੇ ਹੰਗਾਮਾ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਕਥਿਤ ਪ੍ਰੀਖਿਆ ਪੇਪਰ ਲੀਕ ਮਾਮਲਿਆਂ ਨੂੰ ਲੈ ਕੇ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਤਿੱਖਾ ਟਕਰਾਅ ਦੇਖਣ ਨੂੰ ਮਿਲਿਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਕਾਂਗਰਸੀ ਵਿਧਾਇਕ ਕਾਲੇ ਪਟਕੇ ਪਾ ਕੇ ਅਤੇ ਤਖ਼ਤੀਆਂ ਲੈ ਕੇ ਸਦਨ ਵਿਚ ਪਹੁੰਚੇ। ਉਨ੍ਹਾਂ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਕਥਿਤ ਪੇਪਰ ਲੀਕ ਮਾਮਲਿਆਂ ਲਈ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ੇ ਦੇਣ ਦੀ ਮੰਗ ਕੀਤੀ।

ਪ੍ਰਸ਼ਨ ਕਾਲ ਦੌਰਾਨ ਬਾਜਵਾ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਵਿਚ 6 ਪ੍ਰੀਖਿਆਵਾਂ ਨਾਲ ਜੁੜੀਆਂ ਗੜਬੜੀਆਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿਚ ਪੰਜ ਸਿੱਖਿਆ ਵਿਭਾਗ ਅਤੇ ਇੱਕ ਸਿਹਤ ਵਿਭਾਗ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਜਦੋਂ ਹਰਜੋਤ ਬੈਂਸ ਨੇ ਦਿੱਲੀ ਵਿਚ ਨੀਟ ਪੇਪਰ ਲੀਕ ਵਿਰੁੱਧ ਹੋਏ ਪ੍ਰਦਰਸ਼ਨ ਦੌਰਾਨ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਕੀਤੀ ਸੀ, ਤਾਂ ਹੁਣ ਪੰਜਾਬ ਵਿਚ ਲੱਗੇ ਦੋਸ਼ਾਂ ’ਤੇ ਵੀ ਉਹੀ ਮਾਪਦੰਡ ਅਪਣਾਇਆ ਜਾਣਾ ਚਾਹੀਦਾ ਹੈ।

ਕਾਂਗਰਸੀ ਵਿਧਾਇਕ ਨਾਅਰੇਬਾਜ਼ੀ ਕਰਦੇ ਹੋਏ ਸਦਨ ਦੇ ਵਿਚਕਾਰ ਪਹੁੰਚ ਗਏ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾਂ ਨੂੰ ਆਪਣੀਆਂ ਸੀਟਾਂ ਉੱਤੇ ਵਾਪਸ ਜਾਣ ਅਤੇ ਪ੍ਰਸ਼ਨ ਕਾਲ ਚੱਲਣ ਦੇਣ ਦੀ ਅਪੀਲ ਕੀਤੀ, ਪਰ ਹੰਗਾਮਾ ਜਾਰੀ ਰਹਿਣ ਕਾਰਨ ਕਾਰਵਾਈ ਕੁਝ ਸਮੇਂ ਲਈ ਮੁਲਤਵੀ ਕਰਨੀ ਪਈ। ਸਿੱਖਿਆ ਮੰਤਰੀ ਬੈਂਸ ਨੇ ਕਿਹਾ ਕਿ ਉਹ ਹਰ ਦੋਸ਼ ਦਾ ਜਵਾਬ ਦੇਣ ਲਈ ਤਿਆਰ ਹਨ ਅਤੇ ਕਾਂਗਰਸ ਨੂੰ ਬਹਿਸ ਤੋਂ ਭੱਜਣ ਦੀ ਥਾਂ ਸਦਨ ਵਿਚ ਰਹਿਣਾ ਚਾਹੀਦਾ ਹੈ। ਇਸ ਤੋਂ ਬਾਅਦ ਕਾਂਗਰਸੀ ਵਿਧਾਇਕ ਵਾਕਆਊਟ ਕਰ ਗਏ ਅਤੇ ਦਿਨ ਦੀ ਬਾਕੀ ਕਾਰਵਾਈ ਵਿਚ ਵਾਪਸ ਨਹੀਂ ਆਏ।

ਬਾਅਦ ਵਿਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਦੇਸ਼ ਭਰ ਵਿਚ ਪੇਪਰ ਲੀਕ, ਭਰਤੀ ਪ੍ਰਕਿਰਿਆ ਦੀਆਂ ਕਥਿਤ ਗੜਬੜੀਆਂ ਅਤੇ ਵਿਦਿਆਰਥੀ ਪ੍ਰਦਰਸ਼ਨਾਂ ਉੱਤੇ ਪੁਲਿਸ ਕਾਰਵਾਈ ਦੀ ਨਿੰਦਾ ਕਰਦਾ ਮਤਾ ਪੇਸ਼ ਕੀਤਾ ਗਿਆ। ਕਾਂਗਰਸ ਅਤੇ ਭਾਜਪਾ ਦੇ ਵਿਧਾਇਕਾਂ ਦੀ ਗੈਰਹਾਜ਼ਰੀ ਵਿਚ ਇਹ ਮਤਾ ਆਵਾਜ਼ੀ ਵੋਟ ਨਾਲ ਪਾਸ ਹੋਇਆ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਦੀ ਭਾਜਪਾ ਸਰਕਾਰ ਉੱਤੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪ੍ਰੀਖਿਆ ਪ੍ਰਣਾਲੀ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣੀ ਜ਼ਰੂਰੀ ਹੈ।

ਐੱਚ-1ਬੀ ਵੀਜ਼ਾ ’ਤੇ ਲੱਗੇਗੀ 3 ਸਾਲ ਦੀ ਰੋਕ!



# ਐੱਸ.ਜੀ.ਪੀ.ਸੀ. ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਗਲੇ ਹੁਕਮਾਂ ਤੱਕ ਪਾਵਨ ਸਰੂਪ ਵਿਦੇਸ਼ ਨਾ ਭੇਜਣ ਦਾ ਫ਼ੈਸਲਾ



ਅੰਮ੍ਰਿਤਸਰ, (ਪੰਜਾਬ ਮੇਲ)- ਪਾਵਨ ਬੀੜਾਂ ਕੈਨੇਡਾ ਭੇਜਣ ਤੋਂ ਬਾਅਦ ਪੈਦਾ ਹੋਏ ਵਿਵਾਦ ਦੇ ਚਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦੇ ਅਗਲੇ ਹੁਕਮਾਂ ਤੱਕ ਪਾਵਨ ਸਰੂਪ ਵਿਦੇਸ਼ ਨਾ ਭੇਜਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਕੁਝ ਸਿੱਖਾਂ ਨੇ ਕੈਨੇਡਾ ਦੇ ਵੈਨਕੂਵਰ ਅਤੇ ਲੋਅਰ ਮੇਨਲੈਂਡ ਦੀ ਸਿੱਖ ਸੰਗਤ ਵੱਲੋਂ ਭੇਜਿਆ ਇੱਕ ਸੁਝਾਅ ਪੱਤਰ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਸੌਂਪਿਆ ਗਿਆ ਹੈ।

ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਵਿਦੇਸ਼ ਭੇਜਣ ਸਬੰਧੀ ਸੁਝਾਅ ਪੱਤਰ ਭੇਜੇ ਹਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ ਅਤੇ ਸਕੱਤਰੇਤ ਇੰਚਾਰਜ ਬਗੀਚਾ ਸਿੰਘ ਨੇ ਪੱਤਰ ਪ੍ਰਾਪਤ ਕੀਤਾ।

ਪੱਤਰ ਸੌਂਪਣ ਆਏ ਸਿੱਖਾਂ ਨੂੰ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਵੱਲੋਂ ਜੋ ਸਰੂਪ ਕੈਨੇਡਾ ਭੇਜੇ ਗਏ ਹਨ, ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 2009 ਵਿਚ ਬਣੇ ਵਿਧਾਨ ਅਤੇ ਅੰਤਰਿੰਗ ਕਮੇਟੀ ਦੇ ਮਤੇ ਅਨੁਸਾਰ ਉੱਥੋਂ ਦੀ ਸੰਗਤ ਦੀ ਮੰਗ ਤੋਂ ਬਾਅਦ ਭੇਜੇ ਗਏ ਹਨ, ਜਿਸ ਵਿਚ ਕੋਈ ਬੇਅਦਬੀ ਜਾਂ ਕੁਤਾਹੀ ਨਹੀਂ ਹੋਈ।

ਉਨ੍ਹਾਂ ਕਿਹਾ ਕਿ ਅੱਜ ਸਿੱਖ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਵੱਸਦੇ ਹਨ, ਜਿੱਥੋਂ ਸੰਗਤ ਵੱਲੋਂ ਪਾਵਨ ਸਰੂਪ ਭੇਜਣ ਦੀ ਮੰਗ ਸ਼੍ਰੋਮਣੀ ਕਮੇਟੀ ਨੂੰ ਆਉਂਦੀ ਰਹਿੰਦੀ ਹੈ ਅਤੇ ਸਿੱਖੀ ਪ੍ਰਚਾਰ ਪ੍ਰਸਾਰ ਦੇ ਮੱਦੇਨਜ਼ਰ ਸਮੇਂ-ਸਮੇਂ ਪਾਵਨ ਸਰੂਪ ਵਿਦੇਸ਼ਾਂ ਵਿਚ ਭੇਜੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਪਾਵਨ ਸਰੂਪ ਵਿਦੇਸ਼ ਵਿਚ ਭੇਜਣ ਸਬੰਧੀ ਮੌਜੂਦਾ ਵਿਧਾਨ ਬਾਰੇ ਸੰਗਤ ਦੇ ਕੁਝ ਸੁਝਾਅ ਪੁੱਜੇ ਹਨ, ਤਾਂ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਧਿਆਨ ਵਿਚ ਲਿਆਂਦਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਸੇ ਭਾਵਨਾ ਤਹਿਤ ਹੀ ਆਏ ਸਿੱਖਾਂ ਵੱਲੋਂ ਸੁਝਾਅ ਪੱਤਰ ਪ੍ਰਾਪਤ ਕੀਤਾ ਗਿਆ ਹੈ, ਜਿਸ ਨੂੰ ਵਧੇਰੇ ਵਿਚਾਰ ਲਈ ਜਥੇਦਾਰ ਕੋਲ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਇਸ ਉੱਤੇ ਵਿਚਾਰ ਕਰਕੇ ਅਗਲੇ ਦਿਸ਼ਾ ਨਿਰਦੇਸ਼ ਦੇਣਗੇ, ਤਾਂ ਉਸ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ ਅਤੇ ਫਿਲਹਾਲ ਪਾਵਨ ਬੀੜਾਂ ਵਿਦੇਸ਼ ਨਹੀਂ ਭੇਜੀਆਂ ਜਾ ਰਹੀਆਂ।

## ਪੰਜਾਬ ਕਾਂਗਰਸ ਵੱਲੋਂ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਪਾਰਟੀ 'ਚੋਂ ਮੁਅੱਤਲ

ਪਟਿਆਲਾ, (ਪੰਜਾਬ ਮੇਲ)- ਪੰਜਾਬ ਵਿਚ ਕਾਂਗਰਸ ਨੇ ਵੱਡੀ ਕਾਰਵਾਈ ਕਰਦੇ ਹੋਏ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਨੂੰ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ ਹੈ। ਜਲਾਲਪੁਰ 'ਤੇ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਅਤੇ ਕੇ.ਸੀ. ਵੇਣੂਗੋਪਾਲ ਵਿਰੁੱਧ ਅਪਮਾਨਜਨਕ ਟਿੱਪਣੀਆਂ ਕਰਨ ਦੇ ਦੋਸ਼ ਲੱਗੇ ਸਨ। ਇਸ ਲਈ ਬਕਾਇਦਾ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਨੇ ਜਲਾਲਪੁਰ ਨੂੰ ਨੋਟਿਸ ਭੇਜ ਕੇ ਜਵਾਬ ਵੀ ਮੰਗਿਆ ਸੀ। ਮਦਨ ਲਾਲ ਜਲਾਲਪੁਰ ਦੀਆਂ ਇਤਰਾਜ਼ਯੋਗ ਟਿੱਪਣੀਆਂ ਕਾਰਨ ਪਾਰਟੀ ਵਰਕਰਾਂ ਵਿਚ ਕਾਫ਼ੀ ਰੋਸ ਪਾਇਆ ਜਾ ਰਿਹਾ ਸੀ। ਇਸ ਦੇ ਚੱਲਦਿਆਂ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਅਵਤਾਰ ਸਿੰਘ ਹੈਨਰੀ ਨੇ ਨੋਟਿਸ ਜਾਰੀ ਕਰਕੇ ਅਤੇ ਤਿੰਨ ਦਿਨਾਂ ਦੇ ਅੰਦਰ-ਅੰਦਰ ਜਵਾਬ ਮੰਗਿਆ ਸੀ। ਮਦਨ ਲਾਲ ਜਲਾਲਪੁਰ ਵੱਲੋਂ ਭੇਜਿਆ ਗਿਆ ਜਵਾਬ ਤਸੱਲੀਬਖ਼ਸ਼ ਨਾ ਹੋਣ ਦੇ ਚੱਲਦਿਆਂ ਉਨ੍ਹਾਂ ਨੂੰ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ ਹੈ। ਹਾਲਾਂਕਿ ਇਹ ਕਾਰਵਾਈ ਪਹਿਲਾਂ ਹੀ ਕਰ ਦਿੱਤੀ ਗਈ ਸੀ ਪਰ ਇਸ ਨੂੰ ਜਨਤਕ ਹੁਣ ਕੀਤਾ ਗਿਆ ਹੈ।

# ਪੰਜਾਬ 'ਚ ਕਾਂਗਰਸੀ ਆਗੂ ਦੇ ਟਿਕਾਣਿਆਂ 'ਤੇ ਕੇਂਦਰ ਸਰਕਾਰ ਦੇ ਵਿਭਾਗ ਵੱਲੋਂ ਛਾਪੇਮਾਰੀ

ਖੰਨਾ, (ਪੰਜਾਬ ਮੇਲ)- ਭਾਰਤ ਸਰਕਾਰ ਦੇ ਕਸਟਮ ਅਤੇ ਸੈਂਟਰਲ ਐਕਸਾਈਜ਼ ਵਿਭਾਗ ਦੀ ਟੀਮ ਨੇ ਖੰਨਾ ਅਤੇ ਮੰਡੀ ਗੋਬਿੰਦਗੜ੍ਹ ਵਿਚ ਇੱਕੋ ਸਮੇਂ ਕਾਰਵਾਈ ਕਰਦਿਆਂ ਕਾਂਗਰਸੀ ਆਗੂ ਅਤੇ ਲੋਹਾ ਕਾਰੋਬਾਰੀ ਰਿੱਕੀ ਸ਼ਰਮਾ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਵਿਭਾਗ ਦੀਆਂ ਟੀਮਾਂ ਸਵੇਰ ਤੋਂ ਹੀ ਵੱਖ-ਵੱਖ ਥਾਵਾਂ 'ਤੇ ਦਸਤਾਵੇਜ਼ਾਂ ਦੀ ਜਾਂਚ ਅਤੇ ਰਿਕਾਰਡ ਖੰਗਾਲਣ 'ਚ ਜੁਟੀਆਂ ਸਨ।

ਜਾਣਕਾਰੀ ਅਨੁਸਾਰ ਵਿਭਾਗ ਦੀ ਇਕ ਟੀਮ ਨੇ ਖੰਨਾ ਦੀ ਨਾਭਾ ਕਾਲੋਨੀ ਸਥਿਤ ਰਿੱਕੀ ਸ਼ਰਮਾ ਦੇ ਨਿਵਾਸ 'ਤੇ ਜਾਂਚ ਸ਼ੁਰੂ ਕੀਤੀ, ਜਦਕਿ ਦੂਜੀ ਟੀਮ ਮੰਡੀ ਗੋਬਿੰਦਗੜ੍ਹ ਸਥਿਤ ਉਨ੍ਹਾਂ ਦੀ ਉਦਯੋਗਿਕ ਇਕਾਈ ਵਿਚ ਦਸਤਾਵੇਜ਼ਾਂ ਅਤੇ ਕਾਰੋਬਾਰੀ ਰਿਕਾਰਡ ਦੀ ਪੜਤਾਲ ਕਰ ਰਹੀ ਹੈ। ਕਾਰਵਾਈ ਦੌਰਾਨ ਸਬੰਧਤ ਥਾਵਾਂ 'ਤੇ ਵਿਭਾਗੀ ਅਧਿਕਾਰੀਆਂ ਦੀ ਆਵਾਜਾਈ ਜਾਰੀ ਰਹੀ।

ਫਿਲਹਾਲ ਇਸ ਛਾਪੇਮਾਰੀ ਸਬੰਧੀ ਕਸਟਮ ਅਤੇ ਸੈਂਟਰਲ ਐਕਸਾਈਜ਼ ਵਿਭਾਗ ਦੇ ਕਿਸੇ ਵੀ ਅਧਿਕਾਰੀ ਵੱਲੋਂ ਅਧਿਕਾਰਕ ਤੌਰ 'ਤੇ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ। ਵਿਭਾਗ ਵੱਲੋਂ ਕਾਰਵਾਈ ਦੇ ਕਾਰਨਾਂ ਦੀ ਵੀ ਅਜੇ ਤੱਕ ਪੁਸ਼ਟੀ ਨਹੀਂ ਕੀਤੀ ਗਈ। ਹਾਲਾਂਕਿ ਸੂਤਰਾਂ ਦੇ ਹਵਾਲੇ ਨਾਲ ਜਾਣਕਾਰੀ ਮਿਲ ਰਹੀ ਹੈ ਕਿ ਇਹ ਜਾਂਚ ਕਥਿਤ ਟੈਕਸ ਚੋਰੀ, ਜੀ.ਐੱਸ.ਟੀ. ਨਾਲ ਸਬੰਧਤ ਦਸਤਾਵੇਜ਼ਾਂ ਦੀ ਜਾਂਚ ਜਾਂ ਫਰਜ਼ੀ ਬਿਲਿੰਗ ਨਾਲ ਜੁੜੇ ਮਾਮਲਿਆਂ ਨੂੰ ਧਿਆਨ 'ਚ ਰੱਖਦਿਆਂ ਕੀਤੀ ਜਾ ਰਹੀ ਹੋ ਸਕਦੀ ਹੈ। ਹਾਲਾਂਕਿ ਹਾਲੇ ਤੱਕ ਵਿਭਾਗ ਵੱਲੋਂ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਗਈ। ਅਜਿਹੇ ਵਿਚ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਅਸਲ ਕਾਰਨ ਸਪੱਸ਼ਟ ਹੋ ਸਕੇਗਾ।

ਜ਼ਿਕਰਯੋਗ ਹੈ ਕਿ ਰਿੱਕੀ ਸ਼ਰਮਾ ਮੰਡੀ ਗੋਬਿੰਦਗੜ੍ਹ ਦੇ ਪ੍ਰਮੁੱਖ ਲੋਹਾ ਕਾਰੋਬਾਰੀਆਂ 'ਚ ਗਿਣੇ ਜਾਂਦੇ ਹਨ ਅਤੇ ਕਾਂਗਰਸ ਪਾਰਟੀ ਨਾਲ ਵੀ ਜੁੜੇ ਹੋਏ ਹਨ। ਉਨ੍ਹਾਂ ਨੂੰ ਪੰਜਾਬ ਦੇ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਦਾ ਕਰੀਬੀ ਮੰਨਿਆ ਜਾਂਦਾ ਹੈ। ਹਾਲ ਹੀ ਵਿਚ ਹੋਈਆਂ ਖੰਨਾ ਨਗਰ ਕੌਂਸਲ ਚੋਣਾਂ ਵਿਚ ਉਨ੍ਹਾਂ ਦੀ ਪਤਨੀ ਨੇ ਵੀ ਕਾਂਗਰਸ ਦੀ ਟਿਕਟ 'ਤੇ ਆਪਣੀ ਕਿਸਮਤ ਅਜ਼ਮਾਈ ਸੀ। ਸੂਤਰਾਂ ਅਨੁਸਾਰ ਵਿਭਾਗ ਦੀ ਟੀਮ ਕਾਰੋਬਾਰੀ ਦਸਤਾਵੇਜ਼ਾਂ, ਵਿੱਤੀ ਰਿਕਾਰਡ ਅਤੇ ਹੋਰ ਮਹੱਤਵਪੂਰਨ ਕਾਗਜ਼ਾਤ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਫਿਲਹਾਲ ਪੂਰੇ ਮਾਮਲੇ 'ਤੇ ਵਿਭਾਗ ਦੇ ਅਧਿਕਾਰਕ ਬਿਆਨ ਦੀ ਉਡੀਕ ਕੀਤੀ ਜਾ ਰਹੀ ਹੈ। ਸੰਭਾਵਨਾ ਹੈ ਕਿ ਜਾਂਚ ਪੂਰੀ ਹੋਣ ਤੋਂ ਬਾਅਦ ਅਧਿਕਾਰੀਆਂ ਵੱਲੋਂ ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

# ਪੰਜਾਬ ਜ਼ਿਲ੍ਹਾ ਪ੍ਰੀਸ਼ਦ 'ਚ ਆਈ.ਏ.ਐੱਸ. ਅਫ਼ਸਰ ਦੇ ਜਾਅਲੀ ਦਸਤਖ਼ਤ ਕਰਕੇ 25 ਲੱਖ ਦਾ ਗਬਨ

■ ਲੇਖਾਕਾਰ ਤੇ ਕਲਰਕ ਮੁਅੱਤਲ
■ ਬੈਂਕ ਅਧਿਕਾਰੀਆਂ ਦੀ ਸਿਆਣਪ ਕਾਰਨ ਫੜੇ ਗਏ ਕਰਮਚਾਰੀ, ਐਕਸ਼ਨ ਵਿਚ ਪ੍ਰਸ਼ਾਸਨ



ਮਾਨਸਾ, (ਪੰਜਾਬ ਮੇਲ)- ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੇ ਦੋ ਕਰਮਚਾਰੀਆਂ ਵੱਲੋਂ ਕਥਿਤ ਤੌਰ 'ਤੇ ਆਈ.ਏ.ਐੱਸ ਅਧਿਕਾਰੀ ਦੇ ਜਾਅਲੀ ਦਸਤਖ਼ਤ ਕਰਕੇ 25 ਲੱਖ ਰੁਪਏ ਦਾ ਗਬਨ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਇਨ੍ਹਾਂ ਕਰਮਚਾਰੀਆਂ ਨੇ ਇਹ ਰਕਮ ਜ਼ਿਲ੍ਹਾ ਪ੍ਰੀਸ਼ਦ ਦੇ ਸਰਕਾਰੀ ਖਾਤੇ ਵਿਚੋਂ ਵੱਖ-ਵੱਖ ਰੂਪਾਂ ਵਿਚ ਦੋ ਵਾਰ ਆਪਣੇ ਨਿੱਜੀ ਖਾਤਿਆਂ ਵਿਚ ਪਵਾ ਲਈ, ਪਰ ਜਦੋਂ ਚੈੱਕ ਰਾਹੀਂ ਉਹ 21 ਲੱਖ ਰੁਪਏ ਕਢਵਾਉਣ ਲੱਗੇ, ਤਾਂ ਬੈਂਕ ਅਧਿਕਾਰੀਆਂ ਨੂੰ ਇਸ 'ਤੇ ਸ਼ੱਕ ਹੋਇਆ ਤਾਂ ਉਨ੍ਹਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਅਧਿਕਾਰੀਆਂ ਦੇ ਧਿਆਨ ਵਿਚ ਇਹ ਮਾਮਲਾ ਲਿਆਂਦਾ ਗਿਆ। ਜਿਸ ਤੋਂ ਬਾਅਦ ਇਸ ਦਾ ਖੁਲਾਸਾ ਹੋਇਆ।

ਮਿਲੇ ਵੇਰਵਿਆਂ ਅਨੁਸਾਰ ਕਰੀਬ 3 ਮਹੀਨੇ ਪਹਿਲਾਂ ਯੋਜਨਾ ਬਣਾ ਕੇ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੇ ਲੇਖਾਕਾਰ ਰਾਕੇਸ਼ ਕੁਮਾਰ ਅਤੇ ਕਲਰਕ ਰਾਮਪਾਲ ਨੇ ਉਸ ਵੇਲੇ ਦੇ ਏ.ਡੀ.ਸੀ. ਵਿਕਾਸ ਅਕਾਸ਼ ਬਾਂਸਲ ਦੇ ਜਾਅਲੀ ਦਸਤਖ਼ਤ ਕਰਕੇ ਸਰਕਾਰੀ ਖਾਤੇ ਵਿਚੋਂ 21 ਲੱਖ ਰੁਪਏ ਅਤੇ ਬਾਅਦ ਵਿਚ 4 ਲੱਖ ਰੁਪਏ ਕਢਵਾ ਕੇ ਆਪਣੇ ਖਾਤਿਆਂ ਵਿਚ ਟਰਾਂਸਫਰ ਕਰ ਲਏ। ਜਿਨ੍ਹਾਂ ਵਿਚੋਂ ਦੋਵਾਂ ਕਰਮਚਾਰੀਆਂ ਵਿਚੋਂ ਇਕ ਨੇ 10 ਲੱਖ ਅਤੇ ਇਕ ਨੇ 11 ਲੱਖ ਆਪਣੇ ਖਾਤੇ ਵਿਚ ਪਵਾ ਲਏ ਸਨ ਅਤੇ 4 ਲੱਖ ਰੁਪਏ ਸਰਕਾਰੀ ਖਾਤੇ ਵਿਚੋਂ ਹੋਰ ਕਢਵਾ ਲਏ ਸਨ।

ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਚੁਸਪਿੰਦਰਵੀਰ ਸਿੰਘ ਚਹਿਲ ਨੇ ਦੱਸਿਆ ਕਿ ਜਦੋਂ ਇਨ੍ਹਾਂ ਕਰਮਚਾਰੀਆਂ ਨੇ ਇਹ ਰਕਮ ਆਪਣੇ ਖਾਤਿਆਂ ਵਿਚੋਂ ਕਢਵਾਉਣ ਲਈ ਬੈਂਕ ਵਿਚ ਚੈੱਕ ਲਗਾਇਆ, ਤਾਂ ਬੈਂਕ ਅਧਿਕਾਰੀਆਂ ਨੂੰ ਇਸ 'ਤੇ ਸ਼ੱਕ ਹੋਇਆ ਤਾਂ ਉਨ੍ਹਾਂ ਇਹ ਮਾਮਲਾ ਏ.ਡੀ.ਸੀ. ਵਿਕਾਸ ਦੇ ਧਿਆਨ ਵਿਚ ਲਿਆਂਦਾ। ਉਨ੍ਹਾਂ ਕਿਹਾ ਕਿ ਇਹ ਕਰਮਚਾਰੀ ਸਰਕਾਰੀ ਰਕਮ ਧੋਖੇ ਨਾਲ ਕਢਵਾ ਕੇ ਖੁਦ ਵਰਤਣਾ ਚਾਹੁੰਦੇ ਸਨ। ਇਸ ਦਾ ਪਤਾ ਲੱਗਦੇ ਹੀ ਦੋਵਾਂ ਉਕਤ ਕਰਮਚਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਅਤੇ ਅਗਲੀ ਵਿਭਾਗੀ ਕਾਰਵਾਈ ਲਈ ਵਿਭਾਗ ਨੂੰ ਲਿਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਕਾਨੂੰਨੀ ਕਾਰਵਾਈ ਕਰਨ ਲਈ ਵੀ ਸ਼ਿਕਾਇਤ ਕੀਤੀ ਗਈ ਹੈ ਅਤੇ ਦੋਵੇਂ ਕਰਮਚਾਰੀਆਂ ਖ਼ਿਲਾਫ਼ ਆਉਣ ਵਾਲੇ ਦਿਨਾਂ ਵਿਚ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਕਰਮਚਾਰੀ ਜਾਣਦੇ ਸਨ ਕਿ ਉਸ ਵੇਲੇ ਦੇ ਏ.ਡੀ.ਸੀ. ਵਿਕਾਸ ਅਕਾਸ਼ ਬਾਂਸਲ ਦਾ ਤਬਾਦਲਾ ਹੋ ਚੁੱਕਿਆ ਹੈ, ਜਿਸ ਕਰਕੇ ਯੋਜਨਾ ਤਹਿਤ ਉਨ੍ਹਾਂ ਇਹ ਗਬਨ ਕੀਤਾ ਤਾਂ ਕਿ ਇਸ ਦਾ ਕਿਸੇ ਨੂੰ ਕੁੱਝ ਪਤਾ ਨਹੀਂ ਲੱਗੇਗਾ। ਸ਼੍ਰੀ ਚਹਿਲ ਨੇ ਦੱਸਿਆ ਕਿ ਇਨ੍ਹਾਂ ਨੇ ਅਜੇ ਕੋਈ ਪੈਸਾ ਨਿੱਜੀ ਤੌਰ 'ਤੇ ਵਰਤਿਆ ਨਹੀਂ ਸੀ ਅਤੇ ਇਸ ਵਿਚੋਂ 10 ਲੱਖ ਦੀ ਵਾਪਸੀ ਹੋ ਗਈ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਮੋਰੱਕੋ ਵੱਲੋਂ 1,055 ਕਿਲੋਮੀਟਰ ਲੰਬੇ ਨੈਸ਼ਨਲ ਹਾਈਵੇ ਦਾ ਨਾਂ ਟਰੰਪ ਦੇ ਨਾਂ 'ਤੇ ਰੱਖਣ ਦਾ ਐਲਾਨ

ਰਬਾਤ, (ਪੰਜਾਬ ਮੇਲ)- ਮੋਰੱਕੋ ਦੇ ਰਾਜਾ ਮੁਹੰਮਦ-6 ਨੇ ਦੇਸ਼ ਦੇ ਇਕ ਪ੍ਰਮੁੱਖ ਰਾਸ਼ਟਰੀ ਸ਼ਾਹਰਾਹ (ਹਾਈਵੇ) ਦਾ ਨਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਂ 'ਤੇ ਰੱਖਣ ਦਾ ਐਲਾਨ ਕੀਤਾ ਹੈ। ਟਰੰਪ ਨੇ ਇਕ ਹਫ਼ਤਾ ਪਹਿਲਾਂ ਹੀ ਇਸ ਲਈ ਮੋਰੱਕੋ ਦਾ ਧੰਨਵਾਦ ਕੀਤਾ ਸੀ।



ਜਿਸ ਸੜਕ ਦਾ ਨਾਂ ਬਦਲਿਆ ਜਾ ਰਿਹਾ ਹੈ, ਉਹ ਪਹਿਲਾਂ 'ਤਿਜਨੀਤ-ਡਾਖਲਾ ਹਾਈਵੇ' ਦੇ ਨਾਂ ਨਾਲ ਜਾਣੀ ਜਾਂਦੀ ਸੀ। ਲਗਭਗ 1,055 ਕਿਲੋਮੀਟਰ ਲੰਬਾ ਇਹ ਰਾਜ ਮਾਰਗ ਵੈਸਟਰਨ ਸਹਾਰਾ ਵਿਚੋਂ ਲੰਘਦਾ ਹੈ। ਇਹ ਉਹੀ ਇਲਾਕਾ ਹੈ, ਜਿਸ 'ਤੇ ਮੋਰੱਕੋ ਆਪਣਾ ਦਾਅਵਾ ਕਰਦਾ ਹੈ ਪਰ ਇਸ ਦੇ ਇਕ ਹਿੱਸੇ 'ਤੇ 'ਪੋਲਿਸਾਰੀਓ ਫਰੰਟ' ਨਾਂ ਦੀ ਜਥੇਬੰਦੀ ਦਾ ਕਬਜ਼ਾ ਹੈ। ਇਹ ਜਥੇਬੰਦੀ ਉੱਥੋਂ ਦੇ ਮੂਲ ਸਹਿਰਾਵੀ ਲੋਕਾਂ ਲਈ ਇਕ ਆਜ਼ਾਦ ਦੇਸ਼ ਦੀ ਮੰਗ ਕਰਦੀ ਹੈ।

ਵੈਸਟਰਨ ਸਹਾਰਾ ਅਫ਼ਰੀਕਾ ਦੇ ਉੱਤਰ-ਪੱਛਮ 'ਚ ਸਥਿਤ ਇਕ ਰੇਗਿਸਤਾਨੀ ਇਲਾਕਾ ਹੈ। ਇਹ 1975 ਤੱਕ ਸਪੇਨ ਦਾ ਗੁਲਾਮ (ਉਪਨਿਵੇਸ਼) ਸੀ। ਸਪੇਨ ਦੇ ਹਟਣ ਤੋਂ ਬਾਅਦ ਮੋਰੱਕੋ ਨੇ ਇਸ ਖੇਤਰ ਦੇ ਬਹੁਤੇ ਹਿੱਸੇ 'ਤੇ ਕਬਜ਼ਾ ਕਰ ਲਿਆ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਅਕਾਲੀ ਦਲ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ਾਂ ਤਹਿਤ 2 ਆਗੂਆਂ ਦੀ ਮੁੱਢਲੀ ਮੈਂਬਰਸ਼ਿਪ ਕੀਤੀ ਖ਼ਤਮ

ਕਪੂਰਥਲਾ, (ਪੰਜਾਬ ਮੇਲ)-ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਅਨੁਸ਼ਾਸਨ ਨੂੰ ਮਜ਼ਬੂਤ ਬਣਾਈ ਰੱਖਣ ਦੇ ਮੱਦੇਨਜ਼ਰ ਕਪੂਰਥਲਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹਰਜੀਤ ਸਿੰਘ ਵਾਲੀਆ ਅਤੇ ਸੁਖਦੇਵ ਸਿੰਘ ਉਰਫ਼ ਸੁੱਖਾ ਕਾਦੂਪੁਰ ਨੂੰ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਦੀਆਂ ਗਤੀਵਿਧੀਆਂ ਤੋਂ ਗੈਰ-ਹਾਜ਼ਰ ਰਹਿਣ ਅਤੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ਾਂ ਤਹਿਤ ਸਖ਼ਤ ਕਾਰਵਾਈ ਕਰਦੇ ਉਨ੍ਹਾਂ ਦੀ ਮੁੱਢਲੀ ਮੈਂਬਰਸ਼ਿਪ ਖ਼ਤਮ ਕਰ ਦਿੱਤੀ ਹੈ। ਇਹ ਫ਼ੈਸਲਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸੀਨੀਅਰ ਆਗੂਆਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਲਿਆ ਗਿਆ ਹੈ। ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਦਲਵਿੰਦਰ ਸਿੰਘ ਸਿੱਧੂ ਨੇ ਲਿਖਤੀ ਪ੍ਰੈੱਸ ਬਿਆਨ ਜਾਰੀ ਕਰਦੇ ਦੱਸਿਆ ਕਿ ਇਹ ਫ਼ੈਸਲਾ ਪਾਰਟੀ ਹਾਈਕਮਾਂਡ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਲਿਆ ਗਿਆ ਹੈ ਅਤੇ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ।

ਸਿੱਧੂ ਨੇ ਦੋਸ਼ ਲਗਾਇਆ ਕਿ ਹਰਜੀਤ ਸਿੰਘ ਵਾਲੀਆ ਅਤੇ ਸੁਖਦੇਵ ਸਿੰਘ ਉਰਫ਼ ਸੁੱਖਾ ਕਾਦੂਪੁਰ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਪ੍ਰੋਗਰਾਮਾਂ ਤੋਂ ਦੂਰੀ ਬਣਾਈ ਗਈ ਹੈ ਅਤੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਤਹਿਤ ਕੰਮ ਕੀਤਾ ਜਾ ਰਿਹਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਜਾਵੇਗਾ, ਇਸ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਵਿਚਾਰ ਵਟਾਂਦਰਾ ਕਰਨ ਦੇ ਬਾਅਦ ਇਨ੍ਹਾਂ ਦੋਵਾਂ ਆਗੂਆਂ ਨੂੰ ਪਾਰਟੀ 'ਚੋਂ ਕੱਢਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਪਾਰਟੀ ਦੇ ਮਿਹਨਤੀ ਅਤੇ ਸਮਰਪਿਤ ਵਰਕਰ ਪਹਿਲਾਂ ਹੀ ਵਿਧਾਨ ਸਭਾ ਦੀ ਦੀਆਂ ਤਿਆਰੀਆਂ ਨੂੰ ਲੈ ਕੇ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਆਪਣਾ ਕੰਮ ਸੁਚੱਜੇ ਢੰਗ ਨਾਲ ਕਰ ਰਹੇ ਹਨ। ਅਜਿਹੇ ਵਿਚ ਇਨ੍ਹਾਂ ਆਗੂਆਂ ਵੱਲੋਂ ਪਾਰਟੀ ਲਾਈਨ ਤੋਂ ਬਾਹਰ ਹੋ ਕੇ ਕੰਮ ਕਰਨ ਨੂੰ ਪਾਰਟੀ ਅਨੁਸ਼ਾਸਨ ਅਤੇ ਪੰਥਕ ਏਕਤਾ ਦੇ ਯਤਨਾਂ ਲਈ ਨੁਕਸਾਨਦਾਇਕ ਮੰਨਿਆ ਗਿਆ। ਦਲਵਿੰਦਰ ਸਿੱਧੂ ਨੇ ਕਿਹਾ ਕਿ ਪਾਰਟੀ ਵਿਚ ਹਰ ਆਗੂ ਜਾਂ ਵਰਕਰ ਲਈ ਪਾਰਟੀ ਦੀ ਨੀਤੀ ਅਤੇ ਫ਼ੈਸਲਿਆਂ ਦੀ ਪਾਲਣਾ ਕਰਨਾ ਲਾਜ਼ਮੀ ਹੈ। ਉਨ੍ਹਾਂ ਸਮੂਹ ਅਹੁਦੇਦਾਰਾਂ ਤੇ ਵਰਕਰਾਂ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ-2027 ਦੌਰਾਨ ਹਲਕਾ ਕਪੂਰਥਲਾ ਤੋਂ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਵਿਚ ਪਾਉਣ ਲਈ ਇਕਜੁੱਟ ਹੋ ਕੇ ਕੰਮ ਕਰਨ ਲਈ ਪ੍ਰੇਰਿਆ।

# ਅਮਰੀਕੀ ਅਦਾਲਤ ਵੱਲੋਂ ਭਾਰਤੀ ਨੌਜਵਾਨ ਨੂੰ 4 ਸਾਲ ਦੀ ਕੈਦ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ ਕੈਨੇਡਾ 'ਚ ਸਟੂਡੈਂਟ ਵੀਜ਼ੇ 'ਤੇ ਰਹਿ ਰਹੇ ਇੱਕ 22 ਸਾਲਾ ਭਾਰਤੀ ਨੌਜਵਾਨ ਨੂੰ ਬਜ਼ੁਰਗਾਂ ਨਾਲ ਮਿਲੀਅਨ ਡਾਲਰਾਂ ਦੀ ਠੱਗੀ ਮਾਰਨ ਦੇ ਮਾਮਲੇ 'ਚ 48 ਮਹੀਨੇ (4 ਸਾਲ) ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਮਰੀਕੀ ਅਧਿਕਾਰੀਆਂ ਅਨੁਸਾਰ, ਇਹ ਨੌਜਵਾਨ ਇੱਕ ਅਜਿਹੇ ਅੰਤਰਰਾਸ਼ਟਰੀ ਗਿਰੋਹ ਦਾ ਹਿੱਸਾ ਸੀ, ਜੋ ਬਜ਼ੁਰਗਾਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਸੀ।

ਨੌਜਵਾਨ ਦੀ ਪਛਾਣ ਰੋਸ਼ਨ ਸ਼ਾਹ ਵਜੋਂ ਹੋਈ ਹੈ, ਜੋ ਭਾਰਤ ਦਾ ਨਾਗਰਿਕ ਹੈ ਅਤੇ ਕੈਨੇਡਾ ਦੇ ਇੱਕ ਕਾਲਜ ਵਿਚ ਪੜ੍ਹਾਈ ਕਰ ਰਿਹਾ ਸੀ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਸ਼ਾਹ ਕੈਨੇਡਾ ਤੋਂ ਵਿਜ਼ਿਟਰ ਵੀਜ਼ੇ 'ਤੇ ਅਮਰੀਕਾ ਵਿਚ ਸਿਰਫ਼ ਠੱਗੀ ਦੀ ਰਕਮ ਇਕੱਠੀ ਕਰਨ ਲਈ ਦਾਖਲ ਹੁੰਦਾ ਸੀ।

ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਭਾਰਤ ਵਿਚ ਬੈਠੇ ਉਸਦੇ ਸਾਥੀ ਅਮਰੀਕੀ ਬਜ਼ੁਰਗਾਂ ਨੂੰ ਫ਼ੋਨ ਕਰਕੇ ਡਰਾਉਂਦੇ ਸਨ ਕਿ ਉਨ੍ਹਾਂ ਦੀ ਪਛਾਣ ਦੀ ਵਰਤੋਂ ਅਪਰਾਧਾਂ ਲਈ ਕੀਤੀ ਗਈ ਹੈ। ਪੀੜਤਾਂ ਨੂੰ ਵਿਸ਼ਵਾਸ ਦਿਵਾਇਆ ਜਾਂਦਾ ਸੀ ਕਿ ਉਨ੍ਹਾਂ ਨੂੰ ਆਪਣੀ ਨਕਦੀ ਜਾਂ ਸੋਨਾ ਸੁਰੱਖਿਅਤ ਰੱਖਣ ਲਈ ਇੱਕ ਸਰਕਾਰੀ ਏਜੰਟ ਨੂੰ ਸੌਂਪਣਾ ਪਵੇਗਾ। ਰੋਸ਼ਨ ਸ਼ਾਹ ਖੁਦ ਇੱਕ 'ਫੈਡਰਲ ਏਜੰਟ' ਬਣ ਕੇ ਇਨ੍ਹਾਂ ਬਜ਼ੁਰਗਾਂ ਕੋਲੋਂ ਪੈਸੇ ਅਤੇ ਸੋਨਾ ਇਕੱਠਾ ਕਰਦਾ ਸੀ।

ਸ਼ਾਹ ਨੇ ਅਮਰੀਕਾ ਦੇ ਵੱਖ-ਵੱਖ ਰਾਜਾਂ ਵਿਚ ਕੁੱਲ 15 ਬਜ਼ੁਰਗਾਂ ਕੋਲੋਂ 3.7 ਮਿਲੀਅਨ ਅਮਰੀਕੀ ਡਾਲਰ (ਲਗਭਗ 31 ਕਰੋੜ ਰੁਪਏ) ਦੀ ਰਕਮ ਇਕੱਠੀ ਕੀਤੀ ਸੀ। ਉਸ ਨੂੰ ਸਾਲ 2025 ਦੀਆਂ ਗਰਮੀਆਂ ਵਿਚ ਵਿਸਕਾਨਸਿਨ ਦੇ ਨਿਊ ਬਰਲਿਨ ਇਲਾਕੇ ਵਿਚੋਂ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਹ ਠੱਗੀ ਦੇ ਪੈਸੇ ਵਸੂਲਣ ਦੀ ਕੋਸ਼ਿਸ਼ ਕਰ ਰਿਹਾ ਸੀ।

# ਡਾ. ਓਬਰਾਏ ਨੇ 37 ਮਰੀਜ਼ਾਂ ਦੀ ਫੜੀ ਬਾਂਹ; ਦਵਾਈਆਂ ਲਈ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਦੇ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਫਹਿਰਿਸਤ ਏਨੀ ਲੰਮੀ ਹੈ ਕਿ ਇਸ ਨੂੰ ਵਰਨਣ ਕਰਨਾ ਵੀ ਨਾ ਮੁਮਕਿਨ ਹੈ। ਅਪਣੀ ਨੇਕ ਕਮਾਈ ਵਿਚੋਂ ਅਤੇ ਬਿਨਾਂ ਕਿਸੇ ਤੋਂ ਪੈਸਾ ਲਿਆ, ਆਪਣੀ ਸਮਰੱਥਾ ਅਨੁਸਾਰ ਮਨੁੱਖਤਾ ਨੂੰ ਹਰ ਹਮਲੇ ਤੋਂ ਬਚਾਉਣ ਲਈ ਕੀਤੇ ਜਾ ਰਹੇ ਕਾਰਜ ਕਿਸੇ ਅਚੰਭੇ ਤੋਂ ਘੱਟ ਨਹੀਂ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ (ਮਲੋਟ, ਗਿਦੜਬਾਹਾ, ਲੰਬੀ) 37 ਲੋੜਵੰਦ ਮਰੀਜ਼ਾਂ ਨੂੰ ਡਾ. ਓਬਰਾਏ ਨੇ ਗੋਦ ਲੈਂਦਿਆਂ ਦਵਾਈਆਂ ਖਰੀਦਣ ਲਈ 40 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ, ਤਾਂ ਜੋ ਇਹ ਲੋਕ ਦਵਾਈਆਂ ਖਰੀਦ ਕੇ ਨਿਰੋਗ ਜੀਵਨ ਜਿਉਣ ਦੇ ਸਮਰੱਥ ਹੋਣ ਅਤੇ ਡਾਕਟਰ ਐੱਸ.ਪੀ. ਸਿੰਘ



*ਡਾ. ਐੱਸ.ਪੀ. ਸਿੰਘ ਓਬਰਾਏ।*

ਓਬਰਾਏ ਨੇ ਅਪਨੀ ਸਮਰੱਥਾ ਅਨੁਸਾਰ ਅੱਗੇ ਤੋਂ ਵੀ (ਜਦੋਂ ਤੱਕ ਦਵਾਈ ਚੱਲਦੀ) ਮਦਦ ਕਰਨ ਦਾ ਭਰੋਸਾ ਦਿੱਤਾ। ਸਹਾਇਤਾ ਰਾਸ਼ੀ ਲੈਣ ਉਪਰੰਤ ਇਨ੍ਹਾਂ ਲੋੜਵੰਦ ਮਰੀਜ਼ਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਅਜਿਹੇ ਮਾੜੇ ਦੌਰ ਵਿਚ ਅਪਣੇ ਵੀ ਸਾਥ ਛੱਡ ਦਿੰਦੇ ਹਨ ਪਰ ਡਾਕਟਰ ਓਬਰਾਏ ਨੇ ਬਿਨਾਂ ਸਾਨੂੰ ਦੇਖਿਆਂ, ਸਾਡੀ ਬਾਂਹ ਫੜੀ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਗੁਰਜੀਤ ਸਿੰਘ ਜੀਤਾ, ਅਸ਼ੋਕ ਕੁਮਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਮਾਸਟਰ ਰਾਜਿੰਦਰ ਸਿੰਘ, ਬਲਦੇਵ ਸਿੰਘ ਮਾਂਗਟ ਕੇਰ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ ਆਦਿ ਹਾਜ਼ਰ ਸਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਫ਼ੈਸਲਾ ਸਿੱਖ ਭਾਵਨਾਵਾਂ ਨੂੰ ਧਿਆਨ 'ਚ ਰੱਖ ਕੇ ਕਰੇ ਕੇਂਦਰ ਸਰਕਾਰ : ਐਡਵੋਕੇਟ ਧਾਮੀ

**ਅੰਮ੍ਰਿਤਸਰ, (ਪੰਜਾਬ ਮੇਲ)**- ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਪਿਛਲੇ ਲੰਮੇ ਸਮੇਂ ਤੋਂ ਬੰਦ ਪਏ ਲਾਂਘੇ ਨੂੰ ਅਜੇ ਮੁੜ ਨਾ ਖੋਲ੍ਹਣ ਸਬੰਧੀ ਕੇਂਦਰੀ ਵਿਦੇਸ਼ ਰਾਜ ਮੰਤਰੀ ਸ੍ਰੀ ਕੀਰਤੀ ਵਰਧਨ ਵੱਲੋਂ ਸੰਸਦ ਵਿਚ ਦਿੱਤੇ ਗਏ ਜਵਾਬ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਅਹਿਮ ਮਾਮਲਾ ਹੈ ਅਤੇ ਸਰਕਾਰ ਨੂੰ ਸਿੱਖ ਭਾਵਨਾਵਾਂ ਅਨੁਸਾਰ ਹੀ ਫੈਸਲਾ ਕਰਨਾ ਚਾਹੀਦਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਉਹ ਪਾਵਨ ਅਸਥਾਨ ਹੈ, ਜਿਥੇ ਸਾਹਿਬ ਸ੍ਰੀ ਗੁਰੂ



ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ ਸਾਲ ਬਿਤਾਏ ਅਤੇ ਸਮੁੱਚੀ ਮਨੁੱਖਤਾ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸੰਦੇਸ਼ ਦਿੱਤਾ। ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨਾ ਦੁਨੀਆਂ ਭਰ ਦੀ ਸਿੱਖ ਸੰਗਤ ਦੀ ਚਿਰੋਕਣੀ ਅਰਦਾਸ ਅਤੇ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਲਾਂਘੇ ਦਾ ਲੰਬੇ ਸਮੇਂ ਤੋਂ ਬੰਦ ਰਹਿਣ ਨਾਲ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ ਦਾ ਇਹ ਲਾਂਘਾਂ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਸ਼ਾਂਤੀ ਦਾ ਸੁਨੇਹਾ ਹੈ, ਜਿਸ 'ਤੇ ਕਿਸੇ ਨੂੰ ਇਤਰਾਜ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਦੇਸ਼ ਦੀ ਸੁਰੱਖਿਆ ਹਰ ਸਰਕਾਰ ਦੀ ਪ੍ਰਮੁੱਖ ਜ਼ਿੰਮੇਵਾਰੀ ਹੈ, ਪਰ ਇਸ ਦੇ ਨਾਲ-ਨਾਲ ਧਾਰਮਿਕ ਆਜ਼ਾਦੀ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਵੀ ਉਤਨਾ ਹੀ ਮਹੱਤਵਪੂਰਨ ਹੈ। ਇਸ ਲਈ ਸਰਕਾਰ ਨੂੰ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਪ੍ਰਭਾਵਸ਼ਾਲੀ ਪ੍ਰਬੰਧ ਕਰਕੇ ਇਸ ਮਾਮਲੇ ਦੀ ਜਲਦ ਸਮੀਖਿਆ ਕਰਦੇ ਹੋਏ ਲਾਂਘਾ ਮੁੜ ਖੋਲ੍ਹਣ ਦਾ ਫ਼ੈਸਲਾ ਕਰਨਾ ਚਾਹੀਦਾ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿ ਜਾਣ ਵਾਲੇ ਸ਼ਰਧਾਲੂਆਂ ਕੋਲੋਂ ਐੱਸ.ਜੀ.ਪੀ.ਐੱਸ. ਨੇ ਮੰਗੇ ਪਾਸਪੋਰਟ

**ਅੰਮ੍ਰਿਤਸਰ, (ਪੰਜਾਬ ਮੇਲ)**- ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਨਵੰਬਰ ਵਿਚ ਭੇਜਿਆ ਜਾਵੇਗਾ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੀਜ਼ਾ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸ਼ਰਧਾਲੂ ਆਪਣੇ ਪਾਸਪੋਰਟ 10 ਅਗਸਤ ਤੱਕ ਜਮ੍ਹਾ ਕਰਵਾ ਸਕਣਗੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਿਹੜੇ ਸ਼ਰਧਾਲੂ ਇਸ ਇਤਿਹਾਸਕ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਉਹ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸ਼ਿਫਾਰਸ ਸਹਿਤ 10 ਅਗਸਤ 2026 ਤਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਯਾਤਰਾ ਵਿਭਾਗ ਵਿਚ ਭੇਜਣ। ਕਾਹਲਵਾਂ ਨੇ ਜਾਣਕਾਰੀ ਦਿੱਤੀ ਕਿ ਸ਼ਰਧਾਲੂਆਂ ਲਈ ਪਾਸਪੋਰਟ ਦੇ ਨਾਲ ਪਛਾਣ ਦੇ ਸਬੂਤ ਵਜੋਂ ਅਧਾਰ ਕਾਰਡ ਜਾਂ ਵੋਟਰ ਕਾਰਡ ਦੀ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਆਪਣੇ ਪਾਸਪੋਰਟ ਅਤੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਨੂੰ ਦੇਣ, ਤਾਂ ਜੋ ਵੀਜ਼ਾ ਪ੍ਰਕਿਰਿਆ ਪੂਰੀ ਕਰਨ ਲਈ ਅਗਲੀ ਕਾਰਵਾਈ ਕੀਤੀ ਜਾ ਸਕੇ।

# ਏਅਰ ਇੰਡੀਆ ਨੇ ਅੰਮ੍ਰਿਤਸਰ ਤੋਂ ਯੂ.ਕੇ. ਲਈ ਸਿੱਧੀਆਂ ਉਡਾਣਾਂ ਲਈ ਲਾਇਆ ਵੱਡਾ ਜਹਾਜ਼

**ਅੰਮ੍ਰਿਤਸਰ, (ਪੰਜਾਬ ਮੇਲ)**- ਏਅਰ ਇੰਡੀਆ ਨੇ ਅੰਮ੍ਰਿਤਸਰ ਤੋਂ ਲੰਡਨ ਗੈਟਵਿਕ ਅਤੇ ਬਰਮਿੰਘਮ ਲਈ ਆਪਣੀਆਂ ਸਿੱਧੀਆਂ ਨਾਨ-ਸਟਾਪ ਉਡਾਣਾਂ ਨੂੰ ਅਪਗਰੇਡ ਕਰਦਿਆਂ ਦੋਵਾਂ ਰੂਟਾਂ ਉੱਤੇ ਛੋਟੇ ਬੋਇੰਗ 787-8 ਡਰੀਮਲਾਈਨਰ ਜਹਾਜ਼ ਦੀ ਬਜਾਏ ਵੱਡਾ ਬੋਇੰਗ 777-300ਈ ਆਰ ਜਹਾਜ਼ ਲਾਇਆ ਹੈ। ਇਸ ਕਦਮ ਨਾਲ ਯਾਤਰੀਆਂ ਦੀ ਸਮਰੱਥਾ ਵਿਚ ਭਾਰੀ ਵਾਧਾ ਹੋਇਆ ਹੈ ਅਤੇ ਇਨ੍ਹਾਂ ਰੂਟਾਂ ਉੱਤੇ ਪਹਿਲੀ ਵਾਰ ਫਸਟ ਕਲਾਸ ਦੀ ਸਹੂਲਤ ਸ਼ੁਰੂ ਕੀਤੀ ਗਈ ਹੈ। ਅਪਗਰੇਡ ਕੀਤੇ ਗਏ ਇਸ ਜਹਾਜ਼ ਵਿਚ ਬਿਹਤਰ ਬਿਜ਼ਨਸ ਕਲਾਸ, ਆਨ-ਬੋਰਡ ਸਹੂਲਤਾਂ ਅਤੇ ਵਾਈ-ਫਾਈ ਕੁਨੈਕਟੀਵਿਟੀ ਵੀ ਮਿਲਦੀ ਹੈ। ਬੋਇੰਗ 777-300ਈ ਆਰ ਵਿਚ ਪ੍ਰਾਈਵੇਸੀ ਸਲਾਈਡਿੰਗ ਦਰਵਾਜ਼ਿਆਂ ਵਾਲੀਆਂ ਅੱਠ ਫਸਟ ਕਲਾਸ ਸੂਟ, 40 ਪੂਰੀ ਤਰ੍ਹਾਂ ਫਲੈਟ ਹੋਣ ਵਾਲੇ ਬਿਜ਼ਨਸ ਕਲਾਸ ਬੈੱਡ ਅਤੇ 280 ਇਕਾਨਮੀ ਕਲਾਸ ਸੀਟਾਂ ਹਨ। ਇਸ ਦੇ ਮੁਕਾਬਲੇ, ਪਹਿਲਾਂ ਇਨ੍ਹਾਂ ਰੂਟਾਂ ਉੱਤੇ ਚਲਾਏ ਜਾਣ ਵਾਲੇ ਬੋਇੰਗ 787-8 ਜਹਾਜ਼ ਵਿਚ 28 ਬਿਜ਼ਨਸ ਕਲਾਸ ਸੀਟਾਂ ਅਤੇ 241 ਇਕਾਨਮੀ ਕਲਾਸ ਸੀਟਾਂ ਸਨ। ਏਅਰ ਇੰਡੀਆ ਨੇ ਕਿਹਾ ਕਿ ਇਸ ਜਹਾਜ਼ ਦੀ ਤਾਇਨਾਤੀ ਨਾਲ ਪ੍ਰੀਮੀਅਮ ਸੀਟਾਂ ਦੀ ਸਮਰੱਥਾ ਵਿਚ ਕਾਫ਼ੀ ਵਾਧਾ ਹੋਇਆ ਹੈ ਅਤੇ ਇਸ ਦਾ ਉਦੇਸ਼ ਅੰਮ੍ਰਿਤਸਰ ਤੋਂ ਯੂਨਾਈਟਿਡ ਕਿੰਗਡਮ ਲਈ ਸਫ਼ਰ ਕਰਨ ਵਾਲੇ ਯਾਤਰੀਆਂ ਦੇ ਤਜ਼ਰਬੇ ਨੂੰ ਹੋਰ ਬਿਹਤਰ ਬਣਾਉਣਾ ਹੈ।



ਯਾਤਰੀਆਂ ਕੋਲ ਇਨ੍ਹਾਂ ਰੂਟਾਂ ਉੱਤੇ ਪਹਿਲੀ ਵਾਰ ਆਨ-ਬੋਰਡ ਵਾਈ-ਫਾਈ ਦੀ ਸੁਵਿਧਾ ਵੀ ਹੋਵੇਗੀ, ਜਿਸ ਨਾਲ ਉਹ ਆਪਣੇ ਸਫ਼ਰ ਦੌਰਾਨ ਜੁੜੇ ਰਹਿ ਸਕਣਗੇ। ਏਅਰ ਇੰਡੀਆ ਨੇ ਦੱਸਿਆ ਕਿ ਅਪਗਰੇਡ ਕੀਤਾ ਗਿਆ ਜਹਾਜ਼ ਬਹੁਤ ਵਧੀਆ ਕੈਬਿਨ ਇੰਟੀਰੀਅਰ, ਪੂਰੀ ਤਰ੍ਹਾਂ ਫਲੈਟ ਬੈੱਡਾਂ ਵਾਲੀਆਂ ਮੁੜ-ਡਿਜ਼ਾਈਨ ਕੀਤੀਆਂ ਬਿਜ਼ਨਸ ਕਲਾਸ ਸੀਟਾਂ, ਭਾਰਤੀ ਅਤੇ ਅੰਤਰਰਾਸ਼ਟਰੀ ਪਕਵਾਨਾਂ ਵਾਲੇ ਤਾਜ਼ਾ ਖਾਣ-ਪੀਣ ਦੇ ਵਿਕਲਪ, ਪ੍ਰੀਮੀਅਮ ਵਾਈਨ ਅਤੇ ਸਪਿਰਿਟ ਦੀ ਚੋਣ ਅਤੇ ਫ਼ਿਲਮਾਂ, ਟੈਲੀਵਿਜ਼ਨ ਪ੍ਰੋਗਰਾਮਾਂ ਅਤੇ ਸੰਗੀਤ ਨਾਲ ਭਰਪੂਰ ਮਨੋਰੰਜਨ ਲਾਇਬ੍ਰੇਰੀ ਪ੍ਰਦਾਨ ਕਰਦਾ ਹੈ।

ਏਅਰ ਇੰਡੀਆ ਨੇ ਕਿਹਾ ਕਿ ਇਹ ਅਪਗਰੇਡ ਕੀਤਾ ਜਹਾਜ਼ ਅੰਤਰਰਾਸ਼ਟਰੀ ਸੇਵਾਵਾਂ ਨੂੰ ਆਧੁਨਿਕ ਬਣਾਉਣ ਦੇ ਵਿਆਪਕ ਯਤਨਾਂ ਦਾ ਹਿੱਸਾ ਹੈ। ਬੋਇੰਗ 777-300ਈ ਆਰ ਦੀ ਤਾਇਨਾਤੀ ਨਾਲ ਪੰਜਾਬ ਦੇ ਯਾਤਰੀਆਂ ਨੂੰ ਵੱਡਾ ਫ਼ਾਇਦਾ ਹੋਣ ਦੀ ਉਮੀਦ ਹੈ, ਖਾਸ ਕਰਕੇ ਉਨ੍ਹਾਂ ਵੱਡੀ ਗਿਣਤੀ ਵਿਚ ਯਾਤਰੀਆਂ ਨੂੰ ਜੋ ਅੰਮ੍ਰਿਤਸਰ ਅਤੇ ਯੂਨਾਈਟਿਡ ਕਿੰਗਡਮ ਵਿਚਕਾਰ ਏਅਰ ਇੰਡੀਆ ਦੀਆਂ ਸਿੱਧੀਆਂ ਉਡਾਣਾਂ ਦੀ ਵਰਤੋਂ ਕਰਦੇ ਹਨ।

# ਗੁਰੂ ਗ੍ਰੰਥ ਸਾਹਿਬ ਜੀ 'ਤੇ ਸੰਸਾਰਕ ਕਾਨੂੰਨ ਨਹੀਂ ਹੁੰਦਾ ਲਾਗੂ : ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ



**ਅੰਮ੍ਰਿਤਸਰ, (ਪੰਜਾਬ ਮੇਲ)**- ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੇਅਦਬੀ ਕਾਨੂੰਨ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਗਏ ਸੋਧੇ ਹੋਏ ਡਰਾਫਟ 'ਤੇ ਆਪਣਾ ਪੱਖ ਸਪੱਸ਼ਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸਮੁੱਚਾ ਪੰਥ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਚੱਲਦਾ ਹੈ। ਇਸ ਲਈ ਗੁਰੂ-ਪੰਥ ਦੀ ਸਹਿਮਤੀ ਤੋਂ ਬਿਨਾਂ ਕੋਈ ਵੀ ਕਾਨੂੰਨ ਨਹੀਂ ਬਣ ਸਕਦਾ।

ਜਥੇਦਾਰ ਨੇ ਕਿਹਾ ਕਿ ਪਹਿਲਾਂ ਕਾਨੂੰਨ ਬਣਾਉਂਦੇ ਸਮੇਂ ਸਲਾਹ ਨਹੀਂ ਲਈ ਗਈ ਅਤੇ ਹੁਣ ਖਰੜਾ ਬਣਾਉਣ ਸਮੇਂ ਵੀ ਐੱਸ.ਜੀ.ਪੀ.ਐੱਸ. ਜਾਂ ਸਾਡੇ ਨਾਲ ਕੋਈ ਵਿਚਾਰ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ, ਜੇਕਰ ਕੋਈ ਬੇਅਦਬੀ ਮਿੱਥ ਕੇ ਕਰਦਾ ਹੈ, ਤਾਂ ਉਸ ਲਈ ਸਜ਼ਾ ਤੈਅ ਕੀਤੀ ਜਾ ਸਕਦੀ ਹੈ ਪਰ ਇਸ ਤੋਂ ਇਲਾਵਾ ਜਿਹੜਾ ਤੁਹਾਡਾ ਕਾਨੂੰਨ ਹੈ, ਉਸ ਨੂੰ ਅਕਾਲ ਤਖ਼ਤ ਸਾਹਿਬ ਨੇ ਉਸ ਦਿਨ ਵੀ ਰੱਦ ਕੀਤਾ ਸੀ ਅਤੇ ਅੱਜ ਵੀ ਰੱਦ ਕਰਦਾ ਹੈ। ਉਨ੍ਹਾਂ ਕਿਹਾ ਇਨ੍ਹਾਂ ਨੂੰ ਸਲਾਹ ਕਰਨ ਲਈ ਨੰਬਰ ਵੀ ਦਿੱਤੇ ਗਏ ਸਨ ਪਰ ਇਨ੍ਹਾਂ ਨੇ ਜਿਹੜੇ ਬੁੱਧੀਜੀਵੀਆਂ ਤੋਂ ਸਲਾਹ ਲਈ ਹੈ, ਉਹ ਸਲਾਹਕਾਰ ਕਿੱਥੋਂ ਆਏ ਹਨ, ਜਦੋਂਕਿ ਮਸਲਾ ਹੀ ਬੇਅਦਬੀ ਕਾਨੂੰਨ ਦਾ ਹੈ। ਉਨ੍ਹਾਂ ਕਿਹਾ, ਜੋ ਤੁਸੀਂ ਉਸ ਦਿਨ ਮੰਨ ਕੇ ਗਏ ਹੋ, ਇਸ ਤੋਂ ਇਲਾਵਾ ਪੰਥ ਨੇ ਕੁਝ ਵੀ ਪ੍ਰਵਾਨ ਨਹੀਂ ਕਰਨਾ। ਕਿਸੇ ਵੀ ਹਾਲਤ 'ਚ ਧਰਮ 'ਚ ਦਖਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਸੇ ਮਕਸਦ ਲਈ ਪਿਛਲੇ ਮਹੀਨੇ ਪੰਜਾਬ ਸਰਕਾਰ ਦੇ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਗਿਆ ਸੀ, ਜਿੱਥੇ ਪੂਰੀ ਪਾਰਦਰਸ਼ਤਾ ਨਾਲ ਇਸ ਅਹਿਮ ਮੁੱਦੇ 'ਤੇ ਚਰਚਾ ਹੋਈ। ਉਸ ਸਮੇਂ ਸਾਰਿਆਂ ਨੇ ਜੈਕਾਰਿਆਂ ਦੀ ਗੂੰਜ 'ਚ ਆਪੱਤੀਆਂ ਨੂੰ ਦੂਰ ਕਰਨ ਅਤੇ ਜ਼ਰੂਰੀ ਸੋਧਾਂ ਕਰਨ 'ਤੇ ਸਹਿਮਤੀ ਜਤਾਈ ਸੀ। ਜਥੇਦਾਰ ਨੇ ਦੱਸਿਆ ਕਿ ਇਕੱਤਰਤਾ ਦੌਰਾਨ ਵਿਸ਼ੇਸ਼ ਤੌਰ 'ਤੇ 'ਕਸਟੋਡੀਅਨ' ਸ਼ਬਦ ਨੂੰ ਹਟਾਉਣ, 'ਬੀੜ' ਸ਼ਬਦ ਨੂੰ ਸਪੱਸ਼ਟ ਰੂਪ 'ਚ ਸ਼ਾਮਲ ਕਰਨ ਅਤੇ ਬੇਅਦਬੀ ਦੇ ਮਾਮਲਿਆਂ ਦੀ ਜਲਦ ਸੁਣਵਾਈ ਲਈ ਫਾਸਟ ਟ੍ਰੈਕ ਅਦਾਲਤਾਂ ਦਾ ਪ੍ਰਬੰਧ ਕਰਨ ਵਰਗੇ ਗੰਭੀਰ ਮੁੱਦਿਆਂ 'ਤੇ ਵਿਚਾਰ ਕੀਤਾ ਗਿਆ ਸੀ, ਤਾਂ ਜੋ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਖ਼ਤ ਸਜ਼ਾਵਾਂ ਦਿਵਾਈਆਂ ਜਾ ਸਕਣ। ਇਨ੍ਹਾਂ ਸਾਰੇ ਨੁਕਤਿਆਂ 'ਤੇ ਆਮ ਸਹਿਮਤੀ ਬਣਨ ਤੋਂ ਬਾਅਦ ਹੀ ਪੰਜਾਬ ਸਰਕਾਰ ਨੂੰ ਸੋਧਿਆ ਹੋਇਆ ਮਸੌਦਾ ਭੇਜਣ ਲਈ ਕਿਹਾ ਗਿਆ ਸੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਭੇਜੇ ਗਏ ਇਸ ਮਸੌਦੇ ਦਾ ਗੰਭੀਰਤਾ ਨਾਲ ਅਧਿਐਨ ਕਰਨ ਤੋਂ ਬਾਅਦ ਸਾਹਮਣੇ ਆਇਆ ਕਿ ਜਿਨ੍ਹਾਂ ਮੁੱਖ ਆਪੱਤੀਆਂ ਨੂੰ ਦੂਰ ਕਰਨ ਦੀ ਗੱਲ ਹੋਈ ਸੀ, ਉਨ੍ਹਾਂ ਵਿਚ ਲੋੜੀਂਦੀਆਂ ਬਦਲੀਆਂ ਨਹੀਂ ਕੀਤੀਆਂ ਗਈਆਂ ਹਨ।

# ਸਾਂਝਾ ਪੰਜਾਬ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)**- ਸਾਂਝਾ ਪੰਜਾਬ ਪਾਰਟੀ ਦੇ ਪ੍ਰਧਾਨ ਅਤੇ ਸੇਵਾਮੁਕਤ ਸੈਸ਼ਨ ਜੱਜ ਪਰਮਿੰਦਰ ਪਾਲ ਸਿੰਘ ਨੇ ਚੰਡੀਗੜ੍ਹ ਦੇ ਸੈਕਟਰ 24 ਸਥਿਤ ਸੈਣੀ ਭਵਨ 'ਚ ਓ.ਬੀ.ਸੀ. ਵਰਗ ਦੇ ਆਗੂਆਂ ਅਤੇ ਬੁੱਧੀਜੀਵੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿਚ ਆਲ ਇੰਡੀਆ ਬੈਕਵਰਡ ਕਲਾਸਿਜ਼ ਫੈਡਰੇਸ਼ਨ ਯੂਨਿਟ ਪੰਜਾਬ ਦੇ ਪ੍ਰਧਾਨ ਕੁਲਵੰਤ ਸਿੰਘ ਮੱਲ੍ਹੀ ਅਤੇ ਬੀ.ਸੀ. ਏਕਤਾ ਮੰਚ ਪੰਜਾਬ ਚੇਅਰਮੈਨ ਨਰਿੰਦਰ ਸਿੰਘ ਸੱਗੂ ਹਾਜ਼ਰ ਹੋਏ। ਇਸ ਮੌਕੇ ਪਰਮਿੰਦਰ ਪਾਲ ਸਿੰਘ ਨੇ ਪੰਜਾਬ ਦੇ



*ਚੰਡੀਗੜ੍ਹ 'ਚ ਮੀਟਿੰਗ ਮਗਰੋਂ ਸਾਂਝਾ ਪੰਜਾਬ ਪਾਰਟੀ ਦੇ ਆਗੂ।*

ਵੱਖ-ਵੱਖ ਮੁੱਦਿਆਂ 'ਤੇ ਵਿਚਾਰ-ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਲਾਤ ਵਿਗੜਦੇ ਜਾ ਰਹੇ ਹਨ ਅਤੇ ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ।

ਉਨ੍ਹਾਂ ਕਿਹਾ ਕਿ ਪੰਜਾਬ ਸਿਰ ਕਰਜ਼ਾ ਕਾਫ਼ੀ ਚੜ੍ਹ ਗਿਆ ਹੈ ਅਤੇ ਕੌਮੀ ਤੇ ਖੇਤਰੀ ਪਾਰਟੀਆਂ ਇਨ੍ਹਾਂ ਮਾਮਲਿਆਂ 'ਚ ਚੁੱਪ ਹਨ। ਇਸ ਦੌਰਾਨ ਸਾਂਝਾ ਪੰਜਾਬ ਪਾਰਟੀ ਦੇ ਆਗੂਆਂ ਨੇ ਸਮਾਜ ਤੇ ਪੰਜਾਬ ਨੂੰ ਬਚਾਉਣ ਅਤੇ ਗਰੀਬ ਲੋਕਾਂ ਦੇ ਭਲੇ ਲਈ 2027 ਦੀਆਂ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ। ਪਰਮਿੰਦਰ ਪਾਲ ਸਿੰਘ ਨੇ ਕਿਹਾ ਕਿ ਪਾਰਟੀ ਵੱਲੋਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇ ਜਾਣਗੇ। ਉਨ੍ਹਾਂ ਨੇ ਖੁਸ਼ਹਾਲ ਪੰਜਾਬ ਸਿਰਜਣ ਲਈ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ।

# ਅਲਵਿਦਾ ਗਲਾਸਗੋ! 2030 'ਚ ਅਹਿਮਦਾਬਾਦ 'ਚ ਆਯੋਜਿਤ ਹੋਣਗੀਆਂ 24ਵੀਆਂ ਰਾਸ਼ਟਰਮੰਡਲ ਖੇਡਾਂ

## ਹੈਂਡਓਵਰ ਸੈਰੇਮਨੀ 'ਚ ਦਿਸੀ ਭਾਰਤੀ ਸੱਭਿਆਚਾਰ ਤੇ ਪ੍ਰੰਪਰਾ ਦੀ ਝਲਕ



ਗਲਾਸਗੋ, (ਪੰਜਾਬ ਮੇਲ)- ਸਕਾਟਲੈਂਡ ਦੇ ਗਲਾਸਗੋ 'ਚ ਆਯੋਜਿਤ 23ਵੀਆਂ ਰਾਸ਼ਟਰਮੰਡਲ ਖੇਡਾਂ 2030 'ਚ ਭਾਰਤ ਦੇ ਅਹਿਮਦਾਬਾਦ ਵਿਚ ਦੁਬਾਰਾ ਮਿਲਣ ਦੇ ਵਾਅਦੇ ਨਾਲ ਅਧਿਕਾਰਤ ਤੌਰ 'ਤੇ ਸਮਾਪਤ ਹੋਈਆਂ। ਸੋਨ ਤਗਮਾ ਜੇਤੂ ਮੁੱਕੇਬਾਜ਼ ਜੈਸਮੀਨ ਲੰਬੋਰੀਆ ਨੇ ਸਮਾਪਤੀ ਸਮਾਰੋਹ ਵਿੱਚ ਭਾਰਤੀ ਦਲ ਦੀ ਅਗਵਾਈ ਕੀਤੀ। ਗਲਾਸਗੋ ਦੇ 'ਦ ਹਾਈਡਰੋ' ਵਿਖੇ ਹੋਏ ਇਸ ਸਮਾਗਮ ਦੌਰਾਨ, 2030 ਲਈ ਮੇਜ਼ਬਾਨ ਦੇਸ਼ ਭਾਰਤ ਨੂੰ ਅਧਿਕਾਰਤ ਰਾਸ਼ਟਰਮੰਡਲ ਖੇਡਾਂ ਦਾ ਝੰਡਾ ਸੌਂਪਿਆ ਗਿਆ। ਇਹ ਦੂਜੀ ਵਾਰ ਹੋਵੇਗਾ ਜਦੋਂ ਭਾਰਤ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰੇਗਾ। ਸਾਲ 2010 ਵਿਚ ਰਾਜਧਾਨੀ ਨਵੀਂ ਦਿੱਲੀ ਨੇ 19ਵੀਂ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। 20 ਸਾਲ ਬਾਅਦ, ਅਹਿਮਦਾਬਾਦ (ਗੁਜਰਾਤ) ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਕਰਨ ਵਾਲਾ ਦੂਜਾ ਭਾਰਤੀ ਸ਼ਹਿਰ ਬਣ ਜਾਵੇਗਾ।

ਝੰਡਾ ਸੌਂਪਣ ਸਮਾਰੋਹ ਦੌਰਾਨ ਭਾਰਤ ਦੇ ਸਟਾਰ ਐਥਲੀਟ ਨੀਰਜ ਚੋਪੜਾ, ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਪੀਟੀ ਊਸ਼ਾ ਅਤੇ ਗੁਜਰਾਤ ਦੇ ਮੰਤਰੀ ਹਰਸ਼ ਸੰਘਵੀ ਸਟੇਜ 'ਤੇ ਮੌਜੂਦ ਸਨ। ਰਾਸ਼ਟਰਮੰਡਲ ਖੇਡ ਫੈਡਰੇਸ਼ਨ ਦੇ ਪ੍ਰਧਾਨ ਡਾ. ਡੋਨਾਲਡ ਰੁਕਰੇ ਨੇ ਨੀਰਜ ਚੋਪੜਾ ਨੂੰ ਝੰਡਾ ਸੌਂਪਿਆ। ਇਸ ਤੋਂ ਬਾਅਦ ਸਟੇਜ 'ਤੇ ਭਾਰਤੀ ਸੱਭਿਆਚਾਰ ਦੀ ਇੱਕ ਝਲਕ ਦਿਖਾਈ ਗਈ, ਜਿਸ ਦੇ ਨਾਲ 'ਵੰਦੇ ਮਾਤਰਮ' ਦਾ ਜੈਕਾਰਾ ਵੀ ਗੂੰਜਿਆ।

ਸਾਬਕਾ ਮਿਸ ਵਰਲਡ ਮਾਨੁਸ਼ੀ ਛਿੱਲਰ ਨੇ ਨਾਚ ਮੰਡਲੀ ਦੀ ਅਗਵਾਈ ਕੀਤੀ। ਵੱਖ-ਵੱਖ ਭਾਰਤੀ ਰਾਜਾਂ ਦੇ ਰਵਾਇਤੀ ਪਹਿਰਾਵੇ ਵਿਚ ਸਜੇ ਕਲਾਕਾਰਾਂ ਨੇ ਸ਼ਾਸਤਰੀ ਅਤੇ ਲੋਕ ਨਾਚ ਪੇਸ਼ ਕੀਤੇ। 'ਵੰਦੇ ਮਾਤਰਮ' ਦੇ ਨਾਲ, 'ਵਸੁਧੈਵ ਕੁਟੁੰਬਕਮ' (ਦੁਨੀਆ ਇੱਕ ਪਰਿਵਾਰ ਹੈ) ਦਾ ਸੰਦੇਸ਼ ਦਿੱਤਾ ਗਿਆ। ਭਾਰਤ ਦੀ ਧਾਰਮਿਕ ਆਸਥਾ ਨੂੰ ਵੀ ਸਟੇਜ 'ਤੇ ਪ੍ਰਦਰਸ਼ਿਤ ਕੀਤਾ ਗਿਆ, ਜਿਸ ਵਿਚ ਕਲਾਕਾਰਾਂ ਨੇ 'ਸ਼ਿਵ ਤਾਂਡਵ ਸਟੋਤਰਮ' ਦਾ ਪਾਠ ਕੀਤਾ।

ਪ੍ਰਸਿੱਧ ਗਾਇਕ ਸ਼ੰਕਰ ਮਹਾਦੇਵਨ ਨੇ ਪ੍ਰਸਿੱਧ ਬਾਲੀਵੁੱਡ ਗੀਤ "ਐ ਵਤਨ, ਵਤਨ ਮੇਰੇ ਆਬਾਦ ਰਹੇ ਤੂੰ..." ਗਾ ਕੇ ਆਯੋਜਨ ਸਥਾਨ 'ਤੇ ਦਰਸ਼ਕਾਂ ਅਤੇ ਖਿਡਾਰੀਆਂ ਨੂੰ ਮੰਤਰ ਮੁਗਧ ਕਰ ਦਿੱਤਾ। ਉਨ੍ਹਾਂ ਨੇ ਫਿਲਮ 'ਭਾਗ ਮਿਲਖਾ ਭਾਗ' ਦਾ ਗੀਤ ਵੀ ਪੇਸ਼ ਕੀਤਾ। ਮਹਾਦੇਵਨ ਤੋਂ ਬਾਅਦ ਗਾਇਕਾ ਭੂਮੀ ਤ੍ਰਿਵੇਦੀ ਨੇ ਗੁਜਰਾਤ ਦੇ ਸਾਰ ਨੂੰ ਸਟੇਜ 'ਤੇ ਲਿਆਂਦਾ। ਗੁਜਰਾਤੀ ਅਤੇ ਗਰਬਾ ਗੀਤ ਪੇਸ਼ ਕਰਦੇ ਹੋਏ ਉਸਨੇ ਆਉਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਲਈ ਦੁਨੀਆਂ ਨੂੰ ਅਹਿਮਦਾਬਾਦ ਸੱਦਾ ਦਿੱਤਾ। ਇਸ ਤੋਂ ਬਾਅਦ ਕਲਾਕਾਰ "ਲਹਿਰਾ ਦੋ" ਗੀਤ ਦੀ ਧੁਨ 'ਤੇ ਭਾਰਤੀ ਤਿਰੰਗਾ ਲਹਿਰਾਉਂਦੇ ਹੋਏ ਸਟੇਜ 'ਤੇ ਦਿਖਾਈ ਦਿੱਤੇ। ਇਹ ਸਮਾਗਮ "ਸਬਸੇ ਆਗੇ ਹੋਂਗੇ ਹਿੰਦੁਸਤਾਨੀ" ਗੀਤ ਨਾਲ ਸਮਾਪਤ ਹੋਇਆ, ਜਿਸ ਤੋਂ ਬਾਅਦ ਪੂਰਾ ਸਟੇਡੀਅਮ ਤਾੜੀਆਂ ਦੀ ਗੂੰਜ ਅਤੇ "ਭਾਰਤ ਮਾਤਾ ਕੀ ਜੈ" ਦੇ ਨਾਅਰਿਆਂ ਨਾਲ ਗੂੰਜ ਉੱਠਿਆ।

24ਵੀਆਂ ਰਾਸ਼ਟਰਮੰਡਲ ਖੇਡਾਂ 2030 'ਚ ਗੁਜਰਾਤ ਦੇ ਅਹਿਮਦਾਬਾਦ ਵਿਚ ਆਯੋਜਿਤ ਕੀਤੀਆਂ ਜਾਣਗੀਆਂ। ਕਿਉਂਕਿ ਇਹ ਸਮਾਗਮ ਰਾਸ਼ਟਰਮੰਡਲ ਖੇਡਾਂ ਦੇ 100 ਸਾਲ ਪੂਰੇ ਹੋਣ ਦੀ ਨਿਸ਼ਾਨਦੇਹੀ ਕਰਦਾ ਹੈ, ਇਸ ਲਈ ਇਸ ਨੂੰ ਸ਼ਤਾਬਦੀ ਰਾਸ਼ਟਰਮੰਡਲ ਖੇਡਾਂ ਕਿਹਾ ਜਾ ਰਿਹਾ ਹੈ। ਖੇਡਾਂ 1930 'ਚ ਕੈਨੇਡਾ ਦੇ ਹੈਮਿਲਟਨ 'ਚ "ਬ੍ਰਿਟਿਸ਼ ਸਾਮਰਾਜ ਖੇਡਾਂ" ਦੇ ਨਾਮ ਹੇਠ ਸ਼ੁਰੂ ਹੋਈਆਂ ਸਨ। 1954 ਵਿਚ ਨਾਮ ਬਦਲ ਕੇ "ਬ੍ਰਿਟਿਸ਼ ਸਾਮਰਾਜ ਅਤੇ ਰਾਸ਼ਟਰਮੰਡਲ ਖੇਡਾਂ" ਕਰ ਦਿੱਤਾ ਗਿਆ, ਇਹ ਸਿਰਲੇਖ 1966 ਤੱਕ ਬਰਕਰਾਰ ਰਿਹਾ। 1970 ਤੋਂ 1974 ਤੱਕ ਉਨ੍ਹਾਂ ਨੂੰ "ਬ੍ਰਿਟਿਸ਼ ਰਾਸ਼ਟਰਮੰਡਲ ਖੇਡਾਂ" ਵਜੋਂ ਜਾਣਿਆ ਜਾਂਦਾ ਸੀ। 1978 ਵਿਚ, ਇਸ ਸਮਾਗਮ ਨੂੰ ਅਧਿਕਾਰਤ ਤੌਰ 'ਤੇ "ਰਾਸ਼ਟਰਮੰਡਲ ਖੇਡਾਂ" ਦਾ ਨਾਮ ਦਿੱਤਾ ਗਿਆ, ਇੱਕ ਸਿਰਲੇਖ ਜੋ ਅੱਜ ਵੀ ਵਰਤੋਂ ਵਿਚ ਹੈ। 11 ਦੇਸ਼ਾਂ ਦੇ ਲਗਭਗ 400 ਐਥਲੀਟਾਂ ਨੇ ਉਦਘਾਟਨੀ ਰਾਸ਼ਟਰਮੰਡਲ ਖੇਡਾਂ ਵਿਚ ਹਿੱਸਾ ਲਿਆ। ਇਸ ਦੇ ਉਲਟ 74 ਦੇਸ਼ਾਂ ਦੇ 3,000 ਐਥਲੀਟਾਂ ਨੇ ਗਲਾਸਗੋ ਖੇਡਾਂ ਵਿਚ ਹਿੱਸਾ ਲਿਆ। ਜਦੋਂਕਿ 74 ਦੇਸ਼ ਅਹਿਮਦਾਬਾਦ ਵਿਚ ਸ਼ਤਾਬਦੀ ਰਾਸ਼ਟਰਮੰਡਲ ਖੇਡਾਂ ਵਿਚ ਹਿੱਸਾ ਲੈਣਗੇ, ਐਥਲੀਟਾਂ ਦੀ ਗਿਣਤੀ ਵਿਚ ਮਹੱਤਵਪੂਰਨ ਵਾਧਾ ਹੋਣ ਦੀ ਉਮੀਦ ਹੈ।

# ਗਲਾਸਗੋ ਰਾਸ਼ਟਰਮੰਡਲ ਖੇਡਾਂ 'ਚ ਭਾਰਤ ਦਾ ਸ਼ਾਨਦਾਰ ਪ੍ਰਦਰਸ਼ਨ



*ਭਾਰਤੀ ਮਹਿਲਾ ਮੁੱਕੇਬਾਜ਼ ਆਪਣੇ ਤਗਮੇ ਦਿਖਾਉਂਦੀਆਂ ਹੋਈਆਂ।*

## ਭਾਰਤ 39 ਤਗਮਿਆਂ ਨਾਲ ਚੌਥੇ ਸਥਾਨ 'ਤੇ; ਆਸਟ੍ਰੇਲੀਆ ਮੁੜ ਮੋਹਰੀ

ਗਲਾਸਗੋ, (ਪੰਜਾਬ ਮੇਲ)- ਭਾਰਤੀ ਦਲ ਨੇ 2026 ਦੀਆਂ ਰਾਸ਼ਟਰਮੰਡਲ ਖੇਡਾਂ ਤੋਂ ਸ਼ਾਨਦਾਰ ਢੰਗ ਨਾਲ ਵਿਦਾਇਗੀ ਲਈ ਹੈ। ਭਾਰਤ ਇਨ੍ਹਾਂ ਖੇਡਾਂ ਵਿਚ ਕੁੱਲ 39 ਤਗ਼ਮੇ ਹਾਸਲ ਕਰਕੇ ਚੌਥੇ ਸਥਾਨ 'ਤੇ ਰਿਹਾ, ਭਾਵੇਂ ਕਿ ਇਸ ਵਾਰ ਖੇਡਾਂ ਦਾ ਪ੍ਰੋਗਰਾਮ ਕਾਫ਼ੀ ਸੀਮਤ ਰੱਖਿਆ ਗਿਆ ਸੀ ਅਤੇ ਇਸ ਵਿਚ ਭਾਰਤ ਦੀਆਂ ਕਈ ਰਵਾਇਤੀ ਖੇਡਾਂ ਸ਼ਾਮਲ ਨਹੀਂ ਸਨ, ਇਸ ਦੇ ਬਾਵਜੂਦ ਭਾਰਤ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਭਾਰਤ ਨੇ ਇਨ੍ਹਾਂ ਖੇਡਾਂ ਵਿਚ 13 ਸੋਨੇ ਦੇ, 17 ਚਾਂਦੀ ਦੇ ਅਤੇ 9 ਕਾਂਸੀ ਦੇ ਤਗ਼ਮੇ ਜਿੱਤੇ। ਆਸਟ੍ਰੇਲੀਆ 70 ਸੋਨੇ ਦੇ ਤਗ਼ਮਿਆਂ ਸਮੇਤ ਕੁੱਲ 171 ਤਗ਼ਮੇ ਜਿੱਤ ਕੇ ਸੂਚੀ ਵਿਚ ਪਹਿਲੇ ਸਥਾਨ 'ਤੇ ਰਿਹਾ, ਜਦਕਿ ਇੰਗਲੈਂਡ (110 ਤਗ਼ਮੇ) ਅਤੇ ਕੈਨੇਡਾ (62 ਤਗ਼ਮੇ) ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਮੇਜ਼ਬਾਨ ਸਕਾਟਲੈਂਡ ਨੇ ਵੀ ਭਾਰਤ ਵਾਂਗ ਕੁੱਲ 39 ਤਗ਼ਮੇ ਜਿੱਤੇ ਪਰ ਚਾਂਦੀ ਦੇ ਤਗ਼ਮੇ ਘੱਟ ਹੋਣ ਕਾਰਨ ਉਹ ਪੰਜਵੇਂ ਸਥਾਨ 'ਤੇ ਰਿਹਾ। ਗਲਾਸਗੋ ਵਿਚ 11 ਦਿਨਾਂ ਤੱਕ ਚੱਲੇ ਮੁਕਾਬਲਿਆਂ ਦੌਰਾਨ ਭਾਰਤੀ ਖਿਡਾਰੀਆਂ ਨੇ ਮੁੱਕੇਬਾਜ਼ੀ, ਐਥਲੈਟਿਕਸ, ਜੂਡੋ, ਪੈਰਾ ਖੇਡਾਂ ਅਤੇ ਵੇਟਲਿਫਟਿੰਗ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਰਾਸ਼ਟਰਮੰਡਲ ਦੀਆਂ ਖੇਡ ਮਹਾਸ਼ਕਤੀਆਂ ਵਿਚ ਆਪਣਾ ਰੁਤਬਾ ਹੋਰ ਮਜ਼ਬੂਤ ਕੀਤਾ। ਖਾਸ ਤੌਰ 'ਤੇ ਮੁੱਕੇਬਾਜ਼ੀ ਭਾਰਤ ਲਈ ਸਭ ਤੋਂ ਵੱਧ ਤਗ਼ਮੇ ਲਿਆਉਣ ਵਾਲੀ ਖੇਡ ਵਿਚੋਂ ਇੱਕ ਰਹੀ, ਜਿਸ ਵਿਚ 7 ਸੋਨੇ ਅਤੇ 3 ਚਾਂਦੀ ਦੇ ਤਗ਼ਮਿਆਂ ਸਮੇਤ ਕੁੱਲ 10 ਤਗ਼ਮੇ ਸ਼ਾਮਲ ਸਨ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute, Pepperdine University; Faculty member of Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com

Mediation - ◇ Save Money ◇ Save Time ◇ Save Your relationship

• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave

*863

# ਪੰਜਾਬ ਭਾਜਪਾ ’ਚ ਨਵੀਂ ਸੂਬਾਈ ਟੀਮ ਨੂੰ ਲੈ ਕੇ ਬਗਾਵਤ

**ਚੰਡੀਗੜ੍ਹ, (ਪੰਜਾਬ ਮੇਲ)-** ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੰਗਠਨ ਨੂੰ ਮਜ਼ਬੂਤ ਕਰਨ ਲਈ ਭਾਰਤੀ ਜਨਤਾ ਪਾਰਟੀ ਵੱਲੋਂ ਐਲਾਨੀ ਗਈ ਨਵੀਂ ਸੂਬਾਈ ਟੀਮ ਨੇ ਪਾਰਟੀ ਅੰਦਰ ਵੱਡੀ ਨਾਰਾਜ਼ਗੀ ਪੈਦਾ ਕਰ ਦਿੱਤੀ ਹੈ। ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੱਲੋਂ ਬਣਾਈ ਨਵੀਂ ਟੀਮ ਵਿਚ 12 ਮੀਤ ਪ੍ਰਧਾਨ, ਪੰਜ ਜਨਰਲ ਸਕੱਤਰ ਅਤੇ 12 ਸਕੱਤਰ ਨਿਯੁਕਤ ਕੀਤੇ ਗਏ ਹਨ। ਨਵੀਂ ਸੂਚੀ ਵਿਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿਚ ਆਏ ਕਈ ਆਗੂਆਂ ਨੂੰ ਮਹੱਤਵਪੂਰਨ ਜ਼ਿੰਮੇਵਾਰੀਆਂ ਮਿਲਣ ਕਾਰਨ ਪਾਰਟੀ ਦੇ ਪੁਰਾਣੇ ਵਰਕਰਾਂ ਵਿਚ ਨਾਰਾਜ਼ਗੀ ਵਧ ਗਈ ਹੈ। ਰਿਪੋਰਟਾਂ ਮੁਤਾਬਕ 12 ਮੀਤ ਪ੍ਰਧਾਨਾਂ ਵਿਚੋਂ ਛੇ ਆਗੂ ਪਹਿਲਾਂ ਦੂਜੀਆਂ ਸਿਆਸੀ ਪਾਰਟੀਆਂ ਨਾਲ ਜੁੜੇ ਰਹੇ ਹਨ।

ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਭਾਜਪਾ ਨਾਲ ਜੁੜੇ ਸੁਖਮਿੰਦਰਪਾਲ ਸਿੰਘ ਗਰੇਵਾਲ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦਿੰਦਿਆਂ ਦੋਸ਼ ਲਾਇਆ ਕਿ ਵਿਚਾਰਧਾਰਾ ਨਾਲ ਜੁੜੇ ਅਤੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਵਰਕਰਾਂ ਦੀ ਕੁਰਬਾਨੀ ਨੂੰ ਹੁਣ ਯੋਗ ਸਨਮਾਨ ਨਹੀਂ ਮਿਲ ਰਿਹਾ।

**■ ਪੁਰਾਣੇ ਆਗੂਆਂ ਨੇ ਲਾਇਆ ਅਣਦੇਖੀ ਦਾ ਦੋਸ਼**

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਮਰਪਿਤ ਵਰਕਰ ਆਪਣੇ ਆਪ ਨੂੰ ਅਣਸੁਣਿਆ ਅਤੇ ਨਿਰਾਸ਼ ਮਹਿਸੂਸ ਕਰ ਰਹੇ ਹਨ। ਪਾਰਟੀ ਦੇ ਬੁਲਾਰੇ ਚੇਤਨ ਮੋਹਨ ਜੋਸ਼ੀ ਨੇ ਵੀ ਸਵੈ-ਮਾਣ ਦਾ ਹਵਾਲਾ ਦਿੰਦਿਆਂ ਮੁੱਢਲੀ ਮੈਂਬਰਸ਼ਿਪ ਛੱਡਣ ਦਾ ਐਲਾਨ ਕੀਤਾ ਹੈ।

ਬਗਾਵਤ ਦਾ ਸਭ ਤੋਂ ਵੱਡਾ ਕੇਂਦਰ ਹੁਸ਼ਿਆਰਪੁਰ ਬਣਿਆ, ਜਿੱਥੇ ਕੇਵਲ ਕਰੀਬ ਦੋ ਹਫ਼ਤੇ ਪਹਿਲਾਂ ਨਿਯੁਕਤ ਕੀਤੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਸਤੀਸ਼ ਬਾਵਾ ਨੂੰ ਹਟਾ ਕੇ ਨਿਤਿਨ ਗੁਪਤਾ ‘ਨੰਨੂ’ ਨੂੰ ਜ਼ਿੰਮੇਵਾਰੀ ਦੇ ਦਿੱਤੀ ਗਈ। ਇਸ ਫ਼ੈਸਲੇ ਤੋਂ ਨਾਰਾਜ਼ ਸਾਬਕਾ ਮੰਤਰੀ ਤੀਕਸ਼ਣ ਸੂਦ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਆਪਣੇ ਸਾਰੇ ਸੰਗਠਨਾਤਮਕ ਅਹੁਦਿਆਂ ਤੋਂ ਅਸਤੀਫ਼ੇ ਦੇਣ ਦਾ ਐਲਾਨ ਕੀਤਾ, ਹਾਲਾਂਕਿ ਉਨ੍ਹਾਂ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਕਾਇਮ ਰੱਖੀ ਹੈ। ਵਿਰੋਧ ਕਰਨ ਵਾਲੇ ਆਗੂਆਂ ਨੇ 111 ਅਹੁਦੇਦਾਰਾਂ ਅਤੇ ਵਰਕਰਾਂ ਦੀ ਸੂਚੀ ਵੀ ਜਾਰੀ ਕੀਤੀ, ਜਿਨ੍ਹਾਂ ਵੱਲੋਂ ਸੰਗਠਨਾਤਮਕ ਜ਼ਿੰਮੇਵਾਰੀਆਂ ਛੱਡਣ ਦਾ ਦਾਅਵਾ ਕੀਤਾ ਗਿਆ ਹੈ।

ਪਿਛਲੇ ਦੋ ਹਫ਼ਤਿਆਂ ਦੌਰਾਨ ਹੁਸ਼ਿਆਰਪੁਰ ਤੋਂ ਇਲਾਵਾ ਸੰਗਰੂਰ, ਖੰਨਾ, ਸ੍ਰੀ ਮੁਕਤਸਰ ਸਾਹਿਬ, ਫ਼ਰੀਦਕੋਟ ਅਤੇ ਹੋਰ ਜ਼ਿਲ੍ਹਿਆਂ ਦੇ ਪ੍ਰਧਾਨਾਂ ਵਿਚ ਵੀ ਤਬਦੀਲੀਆਂ ਕੀਤੀਆਂ ਗਈਆਂ ਹਨ। ਪਾਰਟੀ ਇਸ ਕਾਰਵਾਈ ਨੂੰ ਚੋਣਾਂ ਤੋਂ ਪਹਿਲਾਂ ਆਮ ਸੰਗਠਨਾਤਮਕ ਪੁਨਰਗਠਨ ਦੱਸ ਰਹੀ ਹੈ, ਪਰ ਨਾਰਾਜ਼ ਆਗੂਆਂ ਦਾ ਕਹਿਣਾ ਹੈ ਕਿ ਫ਼ੈਸਲੇ ਸਥਾਨਕ ਵਰਕਰਾਂ ਅਤੇ ਸੀਨੀਅਰ ਆਗੂਆਂ ਨਾਲ ਸਲਾਹ ਕੀਤੇ ਬਿਨਾਂ ਲਏ ਜਾ ਰਹੇ ਹਨ। ਭਾਜਪਾ ਲਈ ਹੁਣ ਸਭ ਤੋਂ ਵੱਡੀ ਚੁਣੌਤੀ ਨਵੇਂ ਆਗੂਆਂ ਰਾਹੀਂ ਆਪਣਾ ਸਿਆਸੀ ਆਧਾਰ ਵਧਾਉਣ ਦੇ ਨਾਲ ਪੁਰਾਣੇ ਕਾਡਰ ਦਾ ਭਰੋਸਾ ਕਾਇਮ ਰੱਖਣਾ ਹੈ। ਇਹ ਅੰਦਰੂਨੀ ਟਕਰਾਅ ਜਲਦੀ ਹੱਲ ਨਾ ਹੋਇਆ, ਤਾਂ 2027 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਪੈਰ ਮਜ਼ਬੂਤ ਕਰਨ ਦੀ ਭਾਜਪਾ ਦੀ ਯੋਜਨਾ ਨੂੰ ਵੱਡਾ ਨੁਕਸਾਨ ਪਹੁੰਚ ਸਕਦਾ ਹੈ।

# ਪੰਜਾਬ ਭਾਜਪਾ ਵੱਲੋਂ 6 ਨਵੇਂ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਦੀ ਸਹਿਮਤੀ ਨਾਲ ਭਾਜਪਾ ਪੰਜਾਬ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪੰਜਾਬ ਦੇ 6 ਨਵੇਂ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਹੈ। ਇਨ੍ਹਾਂ ਨਿਯੁਕਤੀਆਂ ਦਾ ਐਲਾਨ ਭਾਜਪਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਵੱਲੋਂ ਕੀਤਾ ਗਿਆ। ਨਵੇਂ ਨਿਯੁਕਤ ਜ਼ਿਲ੍ਹਾ ਪ੍ਰਧਾਨਾਂ ਦੀ ਸੂਚੀ ’ਚ ਫਰੀਦਕੋਟ ਤੋਂ ਸੰਦੀਪ ਸਿੰਘ ਬਰਾੜ, ਹੁਸ਼ਿਆਰਪੁਰ (ਦਿਹਾਤੀ) ਤੋਂ ਸੰਜੀਵ ਮਨਹਾਸ, ਹੁਸ਼ਿਆਰਪੁਰ (ਸ਼ਹਿਰੀ) ਤੋਂ ਨੇਤਨ ਗੁਪਤਾ ਨੰਨੂ, ਖੰਨਾ ਤੋਂ ਅਨੂਪ ਸ਼ਰਮਾ, ਸ੍ਰੀ ਮੁਕਤਸਰ ਸਾਹਿਬ ਤੋਂ ਕੁਲਦੀਪ ਸਿੰਘ ਭੰਗੇਵਾਲਾ ਅਤੇ ਸੰਗਰੂਰ-1 ਤੋਂ ਸਰਜੀਵਨ ਜਿੰਦਲ ਸ਼ਾਮਲ ਹਨ।

ਇਸ ਮੌਕੇ ਕੇਵਲ ਸਿੰਘ ਢਿੱਲੋਂ ਨੇ ਨਵੇਂ ਨਿਯੁਕਤ ਜ਼ਿਲ੍ਹਾ ਪ੍ਰਧਾਨਾਂ ਨੂੰ ਵਧਾਈ ਦਿੰਦਿਆਂ ਵਿਸ਼ਵਾਸ ਪ੍ਰਗਟਾਇਆ ਕਿ ਉਹ ਪੂਰੀ ਨਿਸ਼ਠਾ ਅਤੇ ਸਮਰਪਣ ਨਾਲ ਆਪਣੇ-ਆਪਣੇ ਜ਼ਿਲ੍ਹਿਆਂ ਵਿਚ ਪਾਰਟੀ ਨੂੰ ਬੂਥ ਪੱਧਰ ਤੱਕ ਹੋਰ ਮਜ਼ਬੂਤ ਕਰਨ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਲੋਕ-ਭਲਾਈ ਨੀਤੀਆਂ ਅਤੇ ਵਿਕਾਸਮੁਖੀ ਯੋਜਨਾਵਾਂ ਨੂੰ ਹਰ ਘਰ ਤੱਕ ਪਹੁੰਚਾਉਣਾ ਪਾਰਟੀ ਦੀ ਤਰਜੀਹ ਹੈ।


## MATRIMONIAL

Jatt Sikh, Chatha, Age 33yrs, height 6’-1”, American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895


# ਆਸਟ੍ਰੇਲੀਆ ਵੱਲੋਂ ਗ਼ੈਰ-ਕਾਨੂੰਨੀ ਪ੍ਰਵਾਸ ’ਤੇ ਸਖਤੀ !

**ਸਿਡਨੀ, (ਪੰਜਾਬ ਮੇਲ)-** ਆਸਟ੍ਰੇਲੀਆ ਦੇ ਗ੍ਰਹਿ ਮੰਤਰੀ ਟੋਨੀ ਬਰਕ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਗ਼ੈਰ-ਕਾਨੂੰਨੀ ਸਮੁੰਦਰੀ ਰਸਤੇ ਦੇਸ਼ ’ਚ ਦਾਖ਼ਲ ਹੋਣ ਵਾਲਿਆਂ ਲਈ ਕੋਈ ਨਰਮੀ ਨਹੀਂ ਵਰਤੇਗੀ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਨੂੰ ਆਸਟ੍ਰੇਲੀਆ ਵਿਚ ਸਥਾਈ ਤੌਰ ’ਤੇ ਵੱਸਣ ਦੀ ਇਜਾਜ਼ਤ ਨਹੀਂ ਮਿਲੇਗੀ।

ਉਨ੍ਹਾਂ ਮਨੁੱਖੀ ਤਸਕਰਾਂ ਨੂੰ ਵੀ ਸਖ਼ਤ ਸੰਦੇਸ਼ ਦਿੱਤਾ ਹੈ। ਆਸਟ੍ਰੇਲੀਆ ਸਰਕਾਰ ਵੱਲੋਂ ਇਹ ਚਿਤਾਵਨੀ ਉਸ ਵੇਲੇ ਆਈ ਹੈ, ਜਦੋਂ ਸਪੇਨ ਵਿਚ ਸਿਉਟਾ ਅਤੇ ਕੈਨੇਰੀ ਟਾਪੂਆਂ ਰਾਹੀਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦਾ ਦਾਖਲਾ ਲਗਾਤਾਰ ਵਧ ਰਿਹਾ ਹੈ।

ਰਿਪੋਰਟਾਂ ਮੁਤਾਬਕ ਸਾਲ 2025 ਦੌਰਾਨ ਯੂਰਪ ਵਿਚ ਲਗਪਗ 2.4 ਲੱਖ ਗ਼ੈਰ-ਕਾਨੂੰਨੀ ਸਰਹੱਦੀ ਦਾਖ਼ਲੇ ਦਰਜ ਹੋਏ ਹਨ। ਦੂਜੇ ਪਾਸੇ, ਆਸਟ੍ਰੇਲੀਆ ਵਿਚ ਕਰੀਬ 77,700 ਅਜਿਹੇ ਗੈਰ-ਨਾਗਰਿਕ ਰਹਿ ਰਹੇ ਹਨ, ਜਿਨ੍ਹਾਂ ਕੋਲ ਕੋਈ ਵੈਧ ਵੀਜ਼ਾ ਨਹੀਂ ਹੈ ਅਤੇ ਬਹੁਤੇ ਵੀਜ਼ਾ ਮਿਆਦ ਖ਼ਤਮ ਹੋਣ ਦੇ ਬਾਵਜੂਦ ਦੇਸ਼ ਵਿਚ ਹੀ ਹਨ। ਸਰਕਾਰ ਦਾ ਕਹਿਣਾ ਹੈ ਕਿ ਸਰਹੱਦਾਂ ਦੀ ਸੁਰੱਖਿਆ, ਮਨੁੱਖੀ ਤਸਕਰੀ ’ਤੇ ਨਕੇਲ ਅਤੇ ਕਾਨੂੰਨੀ ਪ੍ਰਵਾਸ ਪ੍ਰਣਾਲੀ ਨੂੰ ਹਰ ਹਾਲ ਵਿਚ ਮਜ਼ਬੂਤ ਰੱਖਿਆ ਜਾਵੇਗਾ।

**■ ਗ਼ੈਰ-ਕਾਨੂੰਨੀ ਰਸਤੇ ਆਉਣ ਵਾਲਿਆਂ ਨੂੰ ਨਹੀਂ ਮਿਲੇਗੀ ਸਥਾਈ ਤੌਰ ’ਤੇ ਵੱਸਣ ਦੀ ਇਜਾਜ਼ਤ: ਟੋਨੀ ਬਰਕ**

# ਪੰਜਾਬ ਭਾਜਪਾ ਵੱਲੋਂ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਸੂਬਾ ਸਕੱਤਰ ਨਿਯੁਕਤ



**ਬੁਢਲਾਡਾ, (ਪੰਜਾਬ ਮੇਲ) :** ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ’ਚ ਆਪਣੇ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੱਲੋਂ ਕੌਮੀ ਪ੍ਰਧਾਨ ਨਿਤਿਨ ਨਬੀਨ ਦੀ ਮਨਜ਼ੂਰੀ ਨਾਲ ਵੱਖ-ਵੱਖ ਵਿੰਗਾਂ ਦੇ ਇੰਚਾਰਜ, ਮੀਡੀਆ ਇੰਚਾਰਜ, ਕੋ-ਇੰਚਾਰਜ ਤੋਂ ਇਲਾਵਾ 12 ਮੀਤ ਪ੍ਰਧਾਨ, 5 ਜਨਰਲ ਸੈਕਟਰੀ, 12 ਸਕੱਤਰ ਚੁਣੇ ਗਏ ਹਨ। ਜਿਨ੍ਹਾਂ ਵਿਚ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਨੂੰ ਪੰਜਾਬ ਭਾਜਪਾ ਦਾ ਸਕੱਤਰ ਅਤੇ ਪਰਮਪਾਲ ਕੌਰ ਸੰਧੂ ਨੂੰ ਸਟੇਟ ਮੀਡੀਆ ਕੋ-ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਨੂੰ ਲੈ ਕੇ ਮੰਗਤ ਰਾਏ ਬਾਂਸਲ ਦਾ ਕਹਿਣਾ ਹੈ ਕਿ ਪਾਰਟੀ ਦੀ ਮਜ਼ਬੂਤੀ ਲਈ ਹਮੇਸ਼ਾ ਯਤਨਸ਼ੀਲ ਹਾਂ ਅਤੇ ਰਹਾਂਗੇ। ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ। ਬਾਂਸਲ ਦੀ ਨਿਯੁਕਤੀ ਨੂੰ ਲੈ ਕੇ ਵਿਧਾਨ ਸਭਾ ਹਲਕਾ ਮਾਨਸਾ, ਬੁਢਲਾਡਾ ਅਤੇ ਮੌੜ ਹਲਕਿਆਂ ’ਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ। ਵਰਕਰਾਂ ਵੱਲੋਂ ਕੌਮੀ ਪ੍ਰਧਾਨ ਨਿਤਿਨ ਨਬੀਨ, ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦਾ ਧੰਨਵਾਦ ਕਰਦਿਆਂ ਲੱਡੂ ਵੀ ਵੰਡੇ ਗਏ।

# ਕੈਨੇਡਾ ਵੱਲੋਂ ਕੱਚੇ ਵਿਦੇਸ਼ੀਆਂ ਦੇ ਦੇਸ਼ ਨਿਕਾਲੇ ’ਚ ਲਿਆਂਦੀ ਜਾ ਰਹੀ ਹੈ ਤੇਜ਼ੀ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਵੱਲੋਂ ਇਮੀਗ੍ਰੇਸ਼ਨ ਨੀਤੀਆਂ ਸਖ਼ਤ ਕਰਨ ਦੇ ਨਾਲ-ਨਾਲ ਕੱਚੇ ਵਿਦੇਸ਼ੀਆਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਣ (ਦੇਸ਼ ਨਿਕਾਲਾ) ਵਿਚ ਹਰ ਸਾਲ ਤੇਜ਼ੀ ਲਿਆਂਦੀ ਜਾ ਰਹੀ ਹੈ, ਜਿਸ ਦਾ ਦਰਦ ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤੀਆਂ ਨੂੰ ਵੱਧ ਸਹਿਣਾ ਪੈ ਰਿਹਾ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਅੰਕੜਿਆਂ ’ਤੇ ਝਾਤ ਮਾਰੀਏ, ਤਾਂ 2021 ਤੋਂ ਬਾਅਦ ਹਰੇਕ ਸਾਲ ਦੇਸ਼ ਨਿਕਾਲੇ ਵਿਚ ਤੇਜ਼ੀ ਆਈ ਹੈ। ਇਹ ਸਖ਼ਤੀ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ’ਚ ਸ਼ੁਰੂ ਹੋਈ ਸੀ। ਅੰਕੜੇ ਦੱਸਦੇ ਹਨ ਕਿ ਸੀ.ਬੀ.ਐੱਸ.ਏ. ਦੀ ਕਾਰਵਾਈ ਤਹਿਤ ਕੱਚੇ ਲੋਕਾਂ ਨੂੰ ਵਾਪਸ ਉਨ੍ਹਾਂ ਦੇ ਪਿੱਤਰੀ ਦੇਸ਼ ਭੇਜਣ ਦੀ ਗਿਣਤੀ ਇਸ ਤਰ੍ਹਾਂ ਹੈ:

- 2020 ’ਚ 12,858,
- 2021 ’ਚ 7,523,
- 2022 ’ਚ 8,335
- 2023 ’ਚ 15,231
- 2024 ’ਚ 17,397 ਅਤੇ
- 2025 ’ਚ 23,160

ਚਾਲੂ ਸਾਲ ਦੀ ਪਹਿਲੀ ਤਿਮਾਹੀ ਵਿਚ 5,260 ਦੇ ਅੰਕੜੇ ਨਾਲ ਚਾਲ ਕੁਝ ਸੁਸਤ ਰਹੀ, ਪਰ ਦੂਜੀ ਤਿਮਾਹੀ ਦੌਰਾਨ 9,532 ਲੋਕਾਂ ਦਾ ਦੇਸ਼ ਨਿਕਾਲਾ ਅੱਗੇ ਹੋਰ ਵੀ ਜ਼ਿਆਦਾ ਤੇਜ਼ੀ ਦੇ ਸੰਕੇਤ ਨਾਲ 2026 ਦੇ ਨਵੇਂ ਰਿਕਾਰਡ ਵੱਲ ਇਸ਼ਾਰਾ ਕਰਦਾ ਹੈ।

**■ 2021 ’ਚ 7,523 ਦੇ ਮੁਕਾਬਲੇ 2025 ’ਚ 23,160 ਲੋਕਾਂ ਨੂੰ ਕੀਤਾ ਗਿਆ ਡਿਪੋਰਟ**

ਕੁਝ ਹਫ਼ਤੇ ਪਹਿਲਾਂ ਡਿਪੋਰਟੇਸ਼ਨ ਵਿਚ ਤੇਜ਼ੀ ਦੇ ਸੰਕੇਤ ਵਰਕ ਪਰਮਿਟ ਨਵਿਆਉਣ ਦੀ ਨਾਂਹ ਤੋਂ ਲੱਗਣੇ ਸ਼ੁਰੂ ਹੋਏ ਹਨ। ਪਤਾ ਲੱਗਾ ਹੈ ਕਿ ਜੁਲਾਈ ਵਿਚ 76,327 ਵਰਕ ਪਰਮਿਟ ਨਵਿਆਏ ਜਾਣੇ ਸਨ, ਪਰ ਇਮੀਗ੍ਰੇਸ਼ਨ ਵਿਭਾਗ ਨੇ ਪ੍ਰਾਰਥੀਆਂ ਨੂੰ ਮਿਆਦ ਵਾਧੇ ਤੋਂ ਕੋਰੀ ਨਾਂਹ ਕਰ ਦਿੱਤੀ, ਜਿਸ ਕਰਕੇ ਉਹ ਦੇਸ਼ ਦੇ ਕੁਝ ਪ੍ਰਮੁੱਖ ਸ਼ਹਿਰਾਂ ਵਿਚ ਧਰਨਿਆਂ ’ਤੇ ਬੈਠ ਕੇ ਰੋਸ ਪ੍ਰਦਰਸ਼ਨ ਕਰ ਰਹੇ ਹਨ। ਸ਼ਰਨਾਰਥੀ ਅਰਜ਼ੀਆਂ, ਜਿਨ੍ਹਾਂ ਦੀ ਸਫ਼ਲਤਾ ਦਰ ਦੋ ਕੁ ਸਾਲ ਪਹਿਲਾਂ 87 ਫ਼ੀਸਦੀ ਸੀ, ਸਖ਼ਤ ਸ਼ਰਤਾਂ ਕਰਕੇ 2025 ਵਿਚ ਸਿਰਫ਼ 17 ਫ਼ੀਸਦ ਰਹਿ ਗਈ ਸੀ। ਇਸ ਸਾਲ ਇਹ ਦਰ ਹੋਰ ਘਟਣ ਦੇ ਸੰਕੇਤ ਮਿਲਣ ਲੱਗੇ ਹਨ।

ਇਮੀਗ੍ਰੇਸ਼ਨ ਵਿਭਾਗ ਵੱਲੋਂ ਕਰਵਾਏ ਗੁਪਤ ਸਰਵੇਖਣਾਂ ਵਿਚ ਠੋਸ ਸਬੂਤ ਮਿਲੇ ਹਨ ਕਿ ਪੱਕੇ ਹੋਣ ਦੇ ਹੋਰ ਰਾਹ ਬੰਦ ਹੋਣ ਤੋਂ ਬਾਅਦ ਇਮੀਗ੍ਰੇਸ਼ਨ ਏਜੰਟਾਂ ਵੱਲੋਂ ਕੱਚੇ ਲੋਕਾਂ ਨੂੰ ਸ਼ਰਨਾਰਥੀ ਪ੍ਰਾਰਥੀ ਬਣਾ ਕੇ ਕਿਸਮਤ ਅਜ਼ਮਾਉਣ ਵਾਲੀ ਆਖ਼ਰੀ ਕਾਨੂੰਨੀ ਚੋਰ-ਮੋਰੀ ਦੇ ਰਸਤੇ ਪਾ ਕੇ ਆਪਣੀ ਦੁਕਾਨਦਾਰੀ ਚਲਾਈ ਜਾਂਦੀ ਹੈ।

ਵਰਕ ਪਰਮਿਟ ਨਵਿਆਉਣ ਤੋਂ ਹੋਈ ਨਾਂਹ ਵਾਲਿਆਂ, ਜਿਨ੍ਹਾਂ ਵਿਚ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਅਤੇ ਅਸਥਾਈ ਕਾਮਿਆਂ ਦੀ ਹੈ, ਦਾ ਸੰਘਰਸ਼ ਕੀ ਰੰਗ ਲਿਆਉਂਦਾ ਹੈ, ਇਸ ਬਾਰੇ ਤਾਂ ਅਜੇ ਕੁਝ ਮੰਨਣਾ ਸਮੇਂ ਤੋਂ ਪਹਿਲਾਂ ਦੀ ਗੱਲ ਹੈ। ਪਰ ਵਿਭਾਗੀ ਸੂਤਰਾਂ ਮੁਤਾਬਕ ਇਨ੍ਹਾਂ ਵਿਚੋਂ ਬਹੁਤਿਆਂ ਦੇ ਦੇਸ਼ ਨਿਕਾਲੇ ਵਾਲੇ ਵਾਰੰਟ ਇਸੇ ਮਹੀਨੇ ਜਾਰੀ ਹੋਣ ਜਾ ਰਹੇ ਹਨ। ਇੱਕ ਵਾਰ ਦੇਸ਼ ਨਿਕਾਲਾ (ਡਿਪੋਰਟੇਸ਼ਨ) ਵਾਰੰਟ ਜਾਰੀ ਹੋਣ ਤੋਂ ਬਾਅਦ ਦਲੀਲ-ਅਪੀਲ ਦੇ ਕਾਨੂੰਨੀ ਰਸਤੇ ਬੰਦ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿਚ ਇਸ ਸਾਲ ਦਾ ਦੇਸ਼ ਨਿਕਾਲੇ ਵਾਲਾ ਅੰਕੜਾ ਬਹੁਤ ਉੱਪਰ ਜਾ ਸਕਦਾ ਹੈ।




# ਬ੍ਰਿਟੇਨ ਵੱਲੋਂ 5 ਹਜ਼ਾਰ ਭਾਰਤੀ ਪ੍ਰਵਾਸੀਆਂ ਨੂੰ ਜਲਦੀ ਕੀਤਾ ਜਾਵੇਗਾ ਡਿਪੋਰਟ !

**ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹੈਮ ਅਹੁਦਾ ਸੰਭਾਲਦੇ ਹੀ ਸਖ਼ਤ ਕਦਮ ਚੁੱਕਣ ਦੀ ਤਿਆਰੀ 'ਚ ਹਨ। ਬ੍ਰਿਟੇਨ ਦੇ ਨਜ਼ਰਬੰਦੀ ਕੇਂਦਰਾਂ 'ਚ ਮੌਜੂਦਾ ਸਮੇਂ ਰਹਿ ਰਹੇ ਲਗਭਗ 5,000 ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਜਲਦੀ ਹੀ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਇਸ ਲਈ ਰਸਮੀ ਕਾਰਵਾਈਆਂ ਪੂਰੀਆਂ ਕਰ ਲਈਆਂ ਗਈਆਂ ਹਨ। ਇਸ ਸਾਲ ਮਾਰਚ ਤੱਕ ਲਗਭਗ 23,000 ਲੋਕ ਬ੍ਰਿਟੇਨ ਦੇ ਨਜ਼ਰਬੰਦੀ ਕੇਂਦਰਾਂ ਵਿਚ ਸਨ। ਇਨ੍ਹਾਂ ਵਿਚੋਂ ਜ਼ਿਆਦਾਤਰ ਬ੍ਰਾਜ਼ੀਲ, ਭਾਰਤ ਅਤੇ ਅਲਬਾਨੀਆ ਦੇ ਨਾਗਰਿਕ ਸਨ। ਸੂਤਰਾਂ ਅਨੁਸਾਰ ਇਸ ਸਮੇਂ ਨਜ਼ਰਬੰਦੀ ਕੇਂਦਰਾਂ ਵਿਚ ਰਹਿ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਚੋਂ ਲਗਭਗ 22% ਭਾਰਤੀ ਹਨ।

ਬ੍ਰਿਟੇਨ ਵਿਚ ਲਗਭਗ 20,000 ਭਾਰਤੀਆਂ ਦੀ ਵੀ ਜਾਂਚ ਚੱਲ ਰਹੀ ਹੈ, ਜੋ ਓਵਰਸਟੇਅ ਕਰ ਚੁੱਕੇ ਹਨ। ਓਵਰਸਟੇਅ ਉਹ ਲੋਕ ਹਨ, ਜੋ ਆਪਣੀ ਵੀਜ਼ਾ ਮਿਆਦ ਖਤਮ ਹੋਣ ਤੋਂ ਬਾਅਦ ਵੀ ਬ੍ਰਿਟੇਨ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਸੈਲਾਨੀ ਅਤੇ ਵਿਦਿਆਰਥੀ ਵੀਜ਼ਿਆਂ 'ਤੇ ਹਨ। ਬ੍ਰਿਟੇਨ ਵਿਚ ਸੱਤ ਵੱਡੇ ਨਜ਼ਰਬੰਦੀ ਕੇਂਦਰ ਹਨ।




ਗੈਟਵਿਕ ਅਤੇ ਹੀਥਰੋ ਹਵਾਈ ਅੱਡਾ, ਡਰਨਹੈਮ ਅਤੇ ਡੰਗਵੇਲ ਪ੍ਰਮੁੱਖ ਹਨ। ਇਨ੍ਹਾਂ ਨਜ਼ਰਬੰਦੀ ਕੇਂਦਰਾਂ ਤੋਂ ਦੇਸ਼ ਨਿਕਾਲਾ ਦਿੱਤੇ ਜਾਣ ਵਾਲੇ ਭਾਰਤੀਆਂ ਦੀ ਅੰਤਿਮ ਸੂਚੀ ਤਿਆਰ ਕਰ ਲਈ ਗਈ ਹੈ।

ਅਸਲ ਵਿਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਬ੍ਰਿਟੇਨ ਵਿਚ ਇੱਕ ਵੱਡਾ ਰਾਜਨੀਤਿਕ ਮੁੱਦਾ ਬਣ ਗਿਆ ਹੈ। ਰੈਡੀਕਲ ਰਿਫਾਰਮ ਯੂ.ਕੇ. ਅਤੇ ਰੀਸਟੋਰ ਪਾਰਟੀਆਂ ਇਸ ਮੁੱਦੇ 'ਤੇ ਪ੍ਰਸਿੱਧੀ ਪ੍ਰਾਪਤ ਕਰ ਚੁੱਕੀਆਂ ਹਨ। ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹੈਮ ਦੇਸ਼ ਨਿਕਾਲੇ ਨੂੰ ਤੇਜ਼ ਕਰਕੇ ਇਨ੍ਹਾਂ ਪਾਰਟੀਆਂ ਦੇ ਮੁੱਦੇ ਵਿਚ ਸੰਨ੍ਹ ਲਗਾਉਣ ਦੀ ਰਣਨੀਤੀ ਵਿਚ ਹਨ। ਰਿਪੋਰਟਾਂ ਮੁਤਾਬਕ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਬ੍ਰਿਟੇਨ ਜਾਣ ਦਾ ਰੂਟ ਇੰਗਲਿਸ਼ ਚੈਨਲ ਰਾਹੀਂ ਹੁੰਦਾ ਹੈ। ਲਗਭਗ 90% ਗੈਰ-ਕਾਨੂੰਨੀ ਪ੍ਰਵਾਸੀ ਛੋਟੀਆਂ ਕਿਸ਼ਤੀਆਂ ਵਿਚ ਜੋਖਮ ਭਰਪੂਰ ਇੰਗਲਿਸ਼ ਚੈਨਲ ਪਾਰ ਕਰਦੇ ਹਨ। ਕੁਝ ਮਾਮਲਿਆਂ ਵਿਚ ਭਾਰਤੀ ਦੂਜੇ ਯੂਰਪੀਅਨ ਦੇਸ਼ਾਂ ਤੋਂ ਆਉਂਦੇ ਹਨ। ਗੈਰ-ਕਾਨੂੰਨੀ ਪ੍ਰਵਾਸੀ ਜ਼ਿਆਦਾਤਰ ਦੱਖਣੀ ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਵਿਚ ਲੁਕਣ ਦੀਆਂ ਥਾਵਾਂ ਲੱਭਦੇ ਹਨ। ਉਹ ਘੱਟ ਤਨਖਾਹ ਜਾਂ ਰੋਜ਼ਾਨਾ ਮਜ਼ਦੂਰੀ 'ਤੇ ਕੰਮ ਕਰਦੇ ਹਨ। ਸਾਈਬਰ ਨਿਗਰਾਨੀ ਤੋਂ ਬਚਣ ਲਈ, ਉਹ ਆਪਣੀ ਤਨਖਾਹ ਨਕਦ ਵਿਚ ਸਵੀਕਾਰ ਕਰਦੇ ਹਨ, ਕੋਈ ਰਿਕਾਰਡ ਨਹੀਂ ਛੱਡਦੇ। ਫੜੇ ਜਾਣ ਤੋਂ ਬਾਅਦ ਗੈਰ-ਕਾਨੂੰਨੀ ਪ੍ਰਵਾਸੀਆਂ ਵੱਲੋਂ ਸ਼ਰਣ ਲਈ ਅਰਜ਼ੀ ਦੇਣ ਦਾ ਰੁਝਾਨ ਵੀ ਹੈ। ਪਾਕਿਸਤਾਨੀ ਨਾਗਰਿਕ ਸਭ ਤੋਂ ਵੱਧ ਆਮ ਹਨ। ਭਾਰਤੀਆਂ ਦੀਆਂ 100 ਸ਼ਰਣ ਅਰਜ਼ੀਆਂ ਵਿਚੋਂ ਸਿਰਫ਼ ਇੱਕ ਨੂੰ ਹੀ ਮਨਜ਼ੂਰੀ ਮਿਲਦੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਰੂਸ ਨੇ ਵਿਦੇਸ਼ੀ ਨਾਗਰਿਕਾਂ ਲਈ ਯੂਨੀਫਾਈਡ ਈ-ਵੀਜ਼ਾ ਪ੍ਰਣਾਲੀ ਨੂੰ ਬਣਾਇਆ ਹੋਰ ਸਰਲ

**ਨਵੀਂ ਦਿੱਲੀ, (ਪੰਜਾਬ ਮੇਲ)-** ਰੂਸ ਨੇ ਵਿਦੇਸ਼ੀ ਨਾਗਰਿਕਾਂ ਲਈ ਆਪਣੀ ਏਕੀਕ੍ਰਿਤ (ਯੂਨੀਫਾਈਡ) ਈ-ਵੀਜ਼ਾ ਪ੍ਰਣਾਲੀ ਨੂੰ ਹੋਰ ਸਰਲ ਬਣਾਇਆ ਹੈ। ਯੋਗ ਦੇਸ਼ਾਂ ਦੇ ਨਾਗਰਿਕ ਹੁਣ ਬਿਨਾਂ ਇਨਵੀਟੇਸ਼ਨ ਲੈਟਰ, ਹੋਟਲ ਬੁਕਿੰਗ ਜਾਂ ਯਾਤਰਾ ਦੇ ਉਦੇਸ਼ ਨਾਲ ਜੁੜੇ ਵਾਧੂ ਦਸਤਾਵੇਜ਼ ਜਮ੍ਹਾਂ ਕੀਤੇ ਬਿਨਾਂ ਈ-ਵੀਜ਼ਾ ਲਈ ਅਰਜ਼ੀ ਦੇ ਸਕਦੇ ਹਨ। ਇਹ ਈ-ਵੀਜ਼ਾ ਜਾਰੀ ਹੋਣ ਦੀ ਮਿਤੀ ਤੋਂ 120 ਦਿਨਾਂ ਤੱਕ ਜਾਇਜ਼ ਰਹੇਗਾ, ਜਦਕਿ ਰੂਸ ਵਿਚ ਵੱਧ ਤੋਂ ਵੱਧ 30 ਦਿਨਾਂ ਤੱਕ ਰਹਿਣ ਦੀ ਇਜਾਜ਼ਤ ਹੋਵੇਗੀ। ਹਾਲਾਂਕਿ, ਇਹ ਸਿਰਫ 'ਸਿੰਗਲ ਐਂਟਰੀ' ਵੀਜ਼ਾ ਹੋਵੇਗਾ।

ਰੂਸੀ ਵਿਦੇਸ਼ ਮੰਤਰਾਲਾ ਅਨੁਸਾਰ ਇਹ ਈ-ਵੀਜ਼ਾ ਸੈਰ-ਸਪਾਟਾ (ਟੂਰਿਜ਼ਮ), ਨਿੱਜੀ ਯਾਤਰਾ, ਵਪਾਰਕ ਦੌਰੇ, ਵਿਗਿਆਨਕ, ਸੱਭਿਆਚਾਰਕ,

**ਹੁਣ ਈ-ਵੀਜ਼ਾ ਨਾਲ 30 ਦਿਨਾਂ ਤੱਕ ਕਰ ਸਕੋਗੇ ਯਾਤਰਾ**

ਸਮਾਜਿਕ-ਰਾਜਨੀਤਿਕ, ਆਰਥਿਕ ਅਤੇ ਖੇਡ ਆਯੋਜਨਾਂ 'ਚ ਭਾਗ ਲੈਣ ਵਰਗੇ ਉਦੇਸ਼ਾਂ ਲਈ ਮਾਨਤਾ ਪ੍ਰਾਪਤ ਹੋਵੇਗਾ। ਜੇਕਰ ਯਾਤਰਾ ਦਾ ਉਦੇਸ਼ ਇਨ੍ਹਾਂ ਸ਼੍ਰੇਣੀਆਂ ਤੋਂ ਵੱਖਰਾ ਹੈ, ਤਾਂ ਆਵੇਦਕ ਨੂੰ ਰੈਗੂਲਰ ਵੀਜ਼ੇ ਲਈ ਰੂਸੀ ਦੂਤਘਰ ਜਾਂ ਵਣਜ ਦੂਤਘਰ (ਕੌਂਸਲੇਟ) 'ਚ ਅਰਜ਼ੀ ਦੇਣੀ ਹੋਵੇਗੀ। ਈ-ਵੀਜ਼ਾ ਧਾਰਕਾਂ ਨੂੰ ਰੂਸ ਦੇ ਜ਼ਿਆਦਾਤਰ ਹਿੱਸਿਆਂ ਵਿਚ ਯਾਤਰਾ ਕਰਨ ਦੀ ਇਜਾਜ਼ਤ ਹੋਵੇਗੀ, ਹਾਲਾਂਕਿ ਕੁਝ ਪਾਬੰਦੀਸ਼ੁਦਾ ਖੇਤਰਾਂ 'ਚ ਵਿਸ਼ੇਸ਼ ਇਜਾਜ਼ਤ ਦੀ ਲੋੜ ਪਵੇਗੀ।

ਈ-ਵੀਜ਼ਾ ਲਈ ਅਰਜ਼ੀ ਪ੍ਰਸਤਾਵਿਤ ਯਾਤਰਾ ਤੋਂ 86 ਦਿਨ ਪਹਿਲਾਂ ਤੋਂ ਲੈ ਕੇ ਘੱਟੋ-ਘੱਟ 4 ਦਿਨ ਪਹਿਲਾਂ ਤੱਕ ਦਿੱਤੀ ਜਾ ਸਕਦੀ ਹੈ। ਆਵੇਦਨ ਰੂਸੀ ਵਿਦੇਸ਼ ਮੰਤਰਾਲਾ ਦੀ ਅਧਿਕਾਰਤ ਵੈੱਬਸਾਈਟ ਜਾਂ ਮੋਬਾਈਲ ਐਪ ਰਾਹੀਂ ਜਮ੍ਹਾਂ ਕੀਤਾ ਜਾਵੇਗਾ। ਅਰਜ਼ੀ 'ਤੇ ਵੱਧ ਤੋਂ ਵੱਧ ਚਾਰ ਕੈਲੰਡਰ ਦਿਨਾਂ ਵਿਚ ਫ਼ੈਸਲਾ ਲਿਆ ਜਾਵੇਗਾ। ਜੇਕਰ ਅਰਜ਼ੀ ਵਿਚ ਕੋਈ ਗਲਤੀ ਪਾਈ ਜਾਂਦੀ ਹੈ, ਤਾਂ ਉਸ ਨੂੰ ਸੁਧਾਰ ਲਈ ਵਾਪਸ ਭੇਜਿਆ ਜਾਵੇਗਾ ਅਤੇ ਆਵੇਦਕ ਨੂੰ ਲੋੜੀਂਦਾ ਸੁਧਾਰ ਕਰ ਕੇ ਦੁਬਾਰਾ ਜਮ੍ਹਾਂ ਕਰਵਾਉਣਾ ਹੋਵੇਗਾ। ਈ-ਵੀਜ਼ਾ ਲਈ ਮਸ਼ੀਨ-ਰੀਡੇਬਲ ਪਾਸਪੋਰਟ ਹੋਣਾ ਜ਼ਰੂਰੀ ਹੈ, ਜਿਸ ਦੀ ਜਾਇਜ਼ਤਾ ਅਰਜ਼ੀ ਦੀ ਤਰੀਕ ਤੋਂ ਘੱਟੋ-ਘੱਟ 6 ਮਹੀਨੇ ਹੋਣੀ ਚਾਹੀਦੀ ਹੈ। ਰੂਸ ਵਿਚ ਪੂਰੀ ਠਹਿਰ ਦੌਰਾਨ ਮਾਨਤਾ ਪ੍ਰਾਪਤ ਮੈਡੀਕਲ ਬੀਮਾ ਵੀ ਲਾਜ਼ਮੀ ਰਹੇਗਾ।

# ਬ੍ਰਿਟੇਨ ਦੀ ਨਵੀਂ ਸਰਕਾਰ 'ਚ 2 ਸਿੱਖ ਔਰਤਾਂ ਨੂੰ ਮਿਲੀ ਅਹਿਮ ਜ਼ਿੰਮੇਵਾਰੀ

**ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹੈਮ ਨੇ ਆਪਣੇ ਮੰਤਰੀ ਮੰਡਲ 'ਚ ਕਈ ਨਵੇਂ ਚਿਹਰਿਆਂ ਨੂੰ ਸ਼ਾਮਲ ਕਰਦਿਆਂ ਭਾਰਤੀ ਮੂਲ ਦੇ ਤਿੰਨ ਨੌਜਵਾਨ ਸੰਸਦ ਮੈਂਬਰਾਂ ਨੂੰ ਮਹੱਤਵਪੂਰਨ ਜ਼ਿੰਮੇਵਾਰੀਆਂ ਸੌਂਪੀਆਂ ਹਨ।

ਨਵੀਂ ਟੀਮ ਵਿਚ ਤਕਨੀਕ, ਆਰਟੀਫੀਸ਼ੀਅਲ ਇੰਟੈਲੀਜੈਂਸ, ਮਹਿਲਾ ਸੁਰੱਖਿਆ ਅਤੇ ਸਮਾਨਤਾ ਵਰਗੇ ਅਹਿਮ ਖੇਤਰਾਂ ਦੀ ਜ਼ਿੰਮੇਵਾਰੀ ਭਾਰਤੀ ਮੂਲ ਦੇ ਨੇਤਾਵਾਂ ਨੂੰ ਦਿੱਤੀ ਗਈ ਹੈ। ਨਵੀਂ ਕੈਬਨਿਟ 'ਚ ਸਭ ਤੋਂ ਵੱਧ ਚਰਚਾ 36 ਸਾਲਾ ਕਨਿਸ਼ਕ ਨਾਰਾਇਣ ਦੀ ਹੋ ਰਹੀ ਹੈ। ਬਰਨਹੈਮ ਨੇ ਆਪਣੀ ਫਰੰਟ ਬੈਂਚ 'ਚ ਦੋ ਭਾਰਤੀ ਮੂਲ ਦੀਆਂ ਸਿੱਖ ਮਹਿਲਾ ਸੰਸਦ ਮੈਂਬਰਾਂ ਨੂੰ ਵੀ ਜਗ੍ਹਾ ਦਿੱਤੀ ਹੈ। ਹਰਪ੍ਰੀਤ ਉੱਪਲ ਨੂੰ ਸਰਕਾਰ ਵਿਚ ਅਸਿਸਟੈਂਟ ਵ੍ਹਿਪ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉੱਥੇ ਹੀ ਸਤਵੀਰ ਕੌਰ ਨੂੰ ਸੁਰੱਖਿਆ, ਔਰਤਾਂ ਅਤੇ ਕੁੜੀਆਂ ਵਿਰੁੱਧ ਹਿੰਸਾ ਅਤੇ ਸਮਾਨਤਾ ਮਾਮਲਿਆਂ ਦੀ ਮੰਤਰੀ ਬਣਾਇਆ ਗਿਆ ਹੈ। ਉਨ੍ਹਾਂ ਦੇ ਮਾਤਾ-ਪਿਤਾ ਪੰਜਾਬ ਨਾਲ ਜੁੜੇ ਰਹੇ ਹਨ ਅਤੇ ਲੰਬੇ ਸਮੇਂ ਤੱਕ ਬ੍ਰਿਟੇਨ 'ਚ ਕਾਰੋਬਾਰ ਕਰ ਰਹੇ ਹਨ।



# ਅਦਾਲਤ ਵੱਲੋਂ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਕੇਸ 'ਚ ਬ੍ਰਿਜਭੂਸ਼ਣ ਸਿੰਘ ਬਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ ਨੂੰ ਦਿੱਲੀ ਦੀ ਰਾਊਸ ਐਵੇਨਿਊ ਅਦਾਲਤ ਤੋਂ ਵੱਡੀ ਰਾਹਤ ਮਿਲੀ ਹੈ। ਰਾਊਸ ਐਵੇਨਿਊ ਅਦਾਲਤ ਨੇ ਸਾਬਕਾ ਡਬਲਯੂ.ਐੱਫ.ਆਈ. ਮੁਖੀ ਬ੍ਰਿਜਭੂਸ਼ਣ ਸ਼ਰਨ ਸਿੰਘ ਅਤੇ ਸਾਬਕਾ ਡਬਲਯੂ.ਐੱਫ.ਆਈ. ਸਹਾਇਕ ਸਕੱਤਰ ਵਿਨੋਦ ਤੋਮਰ ਨੂੰ ਮਹਿਲਾ ਪਹਿਲਵਾਨਾਂ ਦੇ ਕਥਿਤ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚੋਂ ਬਰੀ ਕਰ ਦਿੱਤਾ। ਇਸ ਮਾਮਲੇ ਵਿਚ ਬ੍ਰਿਜਭੂਸ਼ਣ ਸ਼ਰਨ ਸਿੰਘ ਦੇ ਡਬਲਯੂ.ਐੱਫ.ਆਈ. ਮੁਖੀ ਵਜੋਂ ਕਾਰਜਕਾਲ ਦੌਰਾਨ ਮਹਿਲਾ ਪਹਿਲਵਾਨਾਂ ਵਲੋਂ ਲਗਾਏ ਗਏ ਦੋਸ਼ ਸ਼ਾਮਲ ਸਨ। 2023 ਵਿਚ, ਦਿੱਲੀ ਪੁਲਿਸ ਨੇ ਬ੍ਰਿਜਭੂਸ਼ਣ ਸ਼ਰਨ ਸਿੰਘ ਵਿਰੁੱਧ ਇੱਕ ਚਾਰਜਸ਼ੀਟ ਦਾਇਰ ਕੀਤੀ, ਜਿਸ ਵਿਚ ਜਿਨਸੀ ਸ਼ੋਸ਼ਣ, ਔਰਤਾਂ ਵਿਰੁੱਧ ਹਮਲਾ ਜਾਂ ਅਪਰਾਧਿਕ ਤਾਕਤ ਦੀ ਵਰਤੋਂ ਅਤੇ ਅਪਰਾਧਿਕ ਧਮਕੀ ਵਰਗੇ ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਸੀ। ਤੋਮਰ ਨੂੰ ਇਸ ਮਾਮਲੇ



ਵਿਚ ਸਹਿ-ਮੁਲਜ਼ਮ ਵਜੋਂ ਵੀ ਨਾਮਜ਼ਦ ਕੀਤਾ ਗਿਆ ਸੀ।

ਪਿਛਲੇ ਮਹੀਨੇ, ਅਦਾਲਤ ਨੇ ਮਹਿਲਾ ਪਹਿਲਵਾਨਾਂ ਦੁਆਰਾ ਲਗਾਏ ਗਏ ਦੋਸ਼ਾਂ ਨਾਲ ਸਬੰਧਤ ਮਾਮਲੇ ਵਿਚ ਆਪਣਾ ਫੈਸਲਾ ਸੁਣਾਉਣ ਲਈ 3 ਅਗਸਤ ਦੀ ਤਰੀਕ ਨਿਰਧਾਰਤ ਕੀਤੀ ਸੀ। ਕਾਰਵਾਈ ਬੰਦ ਕਮਰੇ ਵਿਚ ਕੀਤੀ ਗਈ। ਦੋਵਾਂ ਧਿਰਾਂ ਦੀਆਂ ਅੰਤਿਮ ਦਲੀਲਾਂ ਦੇ ਸਿੱਟੇ ਵਜੋਂ, ਵਧੀਕ ਮੁੱਖ ਨਿਆਂਇਕ ਮੈਜਿਸਟ੍ਰੇਟ (ਏ.ਸੀ.ਜੇ.ਐੱਮ.) ਅਸ਼ਵਨੀ ਪੰਵਾਰ ਨੇ ਇਸਤਗਾਸਾ ਅਤੇ ਬਚਾਅ ਪੱਖ ਦੀਆਂ ਵਿਸਤ੍ਰਿਤ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ। ਅਦਾਲਤ ਨੇ ਵਕੀਲਾਂ ਨੂੰ ਦੋ ਹਫ਼ਤਿਆਂ ਦੇ ਅੰਦਰ ਆਪਣੀਆਂ ਲਿਖਤੀ ਦਲੀਲਾਂ ਪੇਸ਼ ਕਰਨ ਦਾ ਵੀ ਨਿਰਦੇਸ਼ ਦਿੱਤਾ। ਅੰਤਿਮ ਦਲੀਲਾਂ ਦੌਰਾਨ, ਸੀਨੀਅਰ ਵਕੀਲ ਰੇਬੇਕਾ ਜੌਨ ਨੇ ਸ਼ਿਕਾਇਤਕਰਤਾਵਾਂ ਵੱਲੋਂ ਦਲੀਲਾਂ ਪੇਸ਼ ਕੀਤੀਆਂ, ਜਦੋਂ ਕਿ ਵਕੀਲ ਰਾਜੀਵ ਮੋਹਨ ਦੀ ਅਗਵਾਈ ਵਾਲੀ ਬਚਾਅ ਟੀਮ – ਜਿਸ ਵਿਚ ਰੇਹਾਨ ਖਾਨ ਅਤੇ ਰਿਸ਼ਭ ਭਾਟੀ ਵੀ ਸ਼ਾਮਲ ਸਨ, ਨੇ 30 ਜੂਨ ਨੂੰ ਆਪਣੀਆਂ ਦਲੀਲਾਂ ਪੂਰੀਆਂ ਕੀਤੀਆਂ।

ਇਹ ਮਾਮਲਾ ਜੰਤਰ-ਮੰਤਰ 'ਤੇ ਮਹਿਲਾ ਪਹਿਲਵਾਨਾਂ ਦੇ ਵਿਰੋਧ ਤੋਂ ਬਾਅਦ ਦਿੱਲੀ ਪੁਲਿਸ ਵਲੋਂ ਦਰਜ ਕੀਤੀ ਗਈ ਐੱਫ.ਆਈ.ਆਰ. ਨਾਲ ਸਬੰਧਤ ਹੈ। ਵਿਰੋਧ ਪ੍ਰਦਰਸ਼ਨ ਵਿਚ ਬ੍ਰਿਜਭੂਸ਼ਣ ਸ਼ਰਨ ਸਿੰਘ ਦੇ ਡਬਲਯੂ.ਐੱਫ.ਆਈ. ਮੁਖੀ ਵਜੋਂ ਕਾਰਜਕਾਲ ਦੌਰਾਨ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਸੀ। ਇਸ ਤੋਂ ਪਹਿਲਾਂ, ਦਿੱਲੀ ਪੁਲਿਸ ਨੇ ਦੋਸ਼ਾਂ ਦੀ ਜਾਂਚ ਪੂਰੀ ਕਰਨ ਤੋਂ ਬਾਅਦ 15 ਜੂਨ, 2023 ਨੂੰ 1,500 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ। ਚਾਰਜਸ਼ੀਟ ਵਿਚ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.) ਦੀਆਂ ਧਾਰਾਵਾਂ 354, 354ਏ, 354ਡੀ, ਅਤੇ 506(1) ਦੇ ਤਹਿਤ ਉਪਬੰਧਾਂ ਦਾ ਹਵਾਲਾ ਦਿੱਤਾ ਗਿਆ ਸੀ।

ਅਦਾਲਤ ਨੇ ਪਹਿਲਾਂ ਮੁਕੱਦਮੇ ਦੀ ਕਾਰਵਾਈ ਦੌਰਾਨ 12 ਮਈ ਨੂੰ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਦੇ ਮੈਂਬਰ ਅਤੇ ਜਾਂਚ ਅਧਿਕਾਰੀ ਦਾ ਬਿਆਨ ਦਰਜ ਕੀਤਾ ਸੀ। ਮੁਲਜ਼ਮ ਭਾਰਤ ਅਤੇ ਵਿਦੇਸ਼ਾਂ ਦੀਆਂ ਮਹਿਲਾ ਪਹਿਲਵਾਨਾਂ ਦੁਆਰਾ ਲਗਾਏ ਗਏ ਦੋਸ਼ਾਂ ਦੇ ਸੰਬੰਧ ਵਿਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ, ਜਿਨ੍ਹਾਂ ਨੇ ਸਿੰਘ 'ਤੇ ਭਾਰਤੀ ਕੁਸ਼ਤੀ ਸੰਘ ਦੇ ਮੁਖੀ ਵਜੋਂ ਆਪਣੇ ਕਾਰਜਕਾਲ ਦੌਰਾਨ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਸਨ। ਅਦਾਲਤ ਦੇ ਫੈਸਲੇ ਤੋਂ ਬਾਅਦ, ਬ੍ਰਿਜਭੂਸ਼ਣ ਸ਼ਰਨ ਸਿੰਘ ਨੇ ਕਿਹਾ, "ਪਹਿਲੇ ਦਿਨ, ਜਦੋਂ ਮੇਰਾ ਪਹਿਲਾ ਬਿਆਨ ਆਇਆ, ਮੈਂ ਕਿਹਾ ਸੀ ਕਿ ਜੇਕਰ ਕੋਈ ਵੀ ਦੋਸ਼ ਸਾਬਤ ਹੁੰਦਾ ਹੈ, ਤਾਂ ਮੈਂ ਆਪਣੇ ਆਪ ਨੂੰ ਫਾਂਸੀ ਲਗਾ ਲਵਾਂਗਾ। ਅਦਾਲਤ ਨੇ ਮੈਨੂੰ ਸਨਮਾਨ ਨਾਲ ਬਰੀ ਕਰ ਦਿੱਤਾ ਹੈ। ਇਹ ਮੇਰੇ ਅਤੇ ਮੇਰੇ ਪਰਿਵਾਰ ਲਈ ਖੁਸ਼ੀ ਦੀ ਗੱਲ ਹੈ... ਅੱਜ ਇੱਕ ਖੁਸ਼ੀ ਦਾ ਦਿਨ ਹੈ।"

# ਸੁਪਰੀਮ ਕੋਰਟ 'ਚ ਜੱਜਾਂ ਦੀ ਗਿਣਤੀ ਵਧਾਉਣ ਸੰਬੰਧੀ ਬਿੱਲ ਲੋਕ ਸਭਾ 'ਚ ਪਾਸ

**ਨਵੀਂ ਦਿੱਲੀ, (ਪੰਜਾਬ ਮੇਲ)-** ਲੋਕ ਸਭਾ ਨੇ ਸੁਪਰੀਮ ਕੋਰਟ 'ਚ ਚੀਫ਼ ਜਸਟਿਸ ਸਮੇਤ ਜੱਜਾਂ ਦੀ ਮਨਜ਼ੂਰ ਗਿਣਤੀ 34 ਤੋਂ ਵਧਾ ਕੇ 38 ਕਰਨ ਦੇ ਪ੍ਰਬੰਧ ਵਾਲਾ ਬਿੱਲ ਨੂੰ ਵਿਰੋਧੀ ਧਿਰ ਦੇ ਹੰਗਾਮੇ ਵਿਚਾਲੇ ਬਿਨਾਂ ਚਰਚਾ ਦੇ ਪਾਸ ਕਰ ਦਿੱਤਾ। ਸਦਨ ਦੀ ਬੈਠਕ 2 ਵਾਰ ਦੀ ਮੁਲਤਵੀ ਤੋਂ ਬਾਅਦ ਸ਼ੁਰੂ ਹੋਈ ਤਾਂ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਸੁਪਰੀਮ ਕੋਰਟ (ਜੱਜਾਂ ਦੀ ਗਿਣਤੀ) ਸੋਧ ਬਿੱਲ, 2026 ਨੂੰ ਚਰਚਾ ਅਤੇ ਪਾਸ ਕਰਨ ਲਈ ਪੇਸ਼ ਕੀਤਾ।

ਇਸ ਦੌਰਾਨ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਸਮੇਤ ਵਿਰੋਧੀ ਪਾਰਟੀਆਂ ਦੇ ਮੈਂਬਰ ਰਾਮ ਮੰਦਰ ਚੜ੍ਹਾਵਾ ਚੋਰੀ ਅਤੇ ਦਿੱਲੀ 'ਚ ਵਿਦਿਆਰਥੀਆਂ ਵਿਰੁੱਧ ਪੁਲਿਸ ਕਾਰਵਾਈ ਦੇ ਮੁੱਦੇ 'ਤੇ ਨਾਅਰੇਬਾਜ਼ੀ ਕਰ ਰਹੇ ਸਨ। ਪ੍ਰਧਾਨਗੀ ਚੇਅਰਮੈਨ ਕ੍ਰਿਸ਼ਨਾ ਪ੍ਰਸਾਦ ਟੇਨੇਟੀ ਨੇ ਹੰਗਾਮਾ ਕਰ ਰਹੇ ਮੈਂਬਰਾਂ ਨੂੰ ਆਪਣੀਆਂ ਸੀਟਾਂ 'ਤੇ ਵਾਪਸ ਜਾਣ ਅਤੇ ਬਿੱਲ 'ਤੇ ਚਰਚਾ 'ਚ ਹਿੱਸਾ ਲੈਣ ਦੀ ਅਪੀਲ ਕੀਤੀ, ਪਰ ਹੰਗਾਮਾ ਜਾਰੀ ਰਿਹਾ। ਵਿਰੋਧੀ ਮੈਂਬਰਾਂ ਦੇ ਹੰਗਾਮੇ ਦੌਰਾਨ ਸਦਨ ਨੇ ਬਿਨਾਂ ਚਰਚਾ ਦੇ ਆਵਾਜ਼ ਵੋਟ ਨਾਲ ਬਿੱਲ ਪਾਸ ਕਰ ਦਿੱਤਾ।

ਇਸ ਤੋਂ ਪਹਿਲਾਂ, ਸਦਨ ਨੇ ਇਸ ਸੰਬੰਧ 'ਚ ਰਾਸ਼ਟਰਪਤੀ ਵਲੋਂ ਮਈ 'ਚ ਲਾਗੂ ਕੀਤੇ ਗਏ ਆਰਡੀਨੈਂਸ ਨੂੰ ਨਾਮਨਜ਼ੂਰ ਕਰਨ ਦੇ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਸੌਗਤ ਰਾਏ ਦੇ ਸੰਕਲਪ ਨੂੰ ਨਾਮਨਜ਼ੂਰ ਕਰ ਦਿੱਤਾ। ਸਦਨ ਨੇ ਬਿੱਲ 'ਤੇ ਕੁਝ ਵਿਰੋਧੀ ਮੈਂਬਰਾਂ ਦੇ ਸੋਧਾਂ ਨੂੰ ਵੀ ਰੱਦ ਕਰ ਦਿੱਤਾ। ਬਿੱਲ ਨੂੰ ਚਰਚਾ ਅਤੇ ਪਾਸ ਕਰਨ ਲਈ ਪੇਸ਼ ਕਰਦੇ ਹੋਏ, ਮੇਘਵਾਲ ਨੇ ਕਿਹਾ ਕਿ ਇਹ ਬਿੱਲ ਨਿਆਂਇਕ ਸੁਧਾਰਾਂ ਦੀ ਇਕ ਲੜੀ ਦਾ ਹਿੱਸਾ ਹੈ, ਜਿਸ ਦੇ ਮਾਧਿਅਮ ਨਾਲ ਸੁਪਰੀਮ ਕੋਰਟ ਵਿਚ ਜੱਜਾਂ ਦੀ ਗਿਣਤੀ ਵਧਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਮੇਘਵਾਲ ਨੇ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ 20 ਜੁਲਾਈ ਨੂੰ ਸਦਨ 'ਚ ਬਿੱਲ ਪੇਸ਼ ਕੀਤਾ ਸੀ। ਇਸ ਸਾਲ ਮਈ 'ਚ ਕੇਂਦਰੀ ਕੈਬਨਿਟ ਨੇ ਸੁਪਰੀਮ ਕੋਰਟ 'ਚ ਜੱਜਾਂ ਦੀ ਗਿਣਤੀ ਵਧਾਉਣ ਲਈ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ। ਇਸ ਦੇ ਤੁਰੰਤ ਬਾਅਦ ਸਰਕਾਰ ਇਕ ਆਰਡੀਨੈਂਸ ਲੈ ਕੇ ਆਈ ਸੀ। ਆਰਡੀਨੈਂਸ ਤੋਂ ਬਾਅਦ ਵਧੀ ਹੋਈ ਮਨਜ਼ੂਰ ਗਿਣਤੀ ਦੇ ਆਧਾਰ 'ਤੇ ਸੁਪਰੀਮ ਕੋਰਟ 'ਚ ਪੰਜ ਜੱਜਾਂ ਦੀ ਨਿਯੁਕਤੀ ਕੀਤੀ ਗਈ।

# ਉੱਤਰ ਭਾਰਤ 'ਚ ਲਗਾਤਾਰ ਵਧ ਰਿਹੈ ਕੈਂਸਰ ਦਾ ਬੋਝ

**ਪੰਚਕੂਲਾ, (ਪੰਜਾਬ ਮੇਲ)-** ਉੱਤਰੀ ਭਾਰਤ 'ਚ ਕੈਂਸਰ ਦਾ ਬੋਝ ਲਗਾਤਾਰ ਵਧ ਰਿਹਾ ਹੈ। ਪੰਜਾਬ, ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ 'ਚ ਕੈਂਸਰ ਦੇ ਨਵੇਂ ਮਾਮਲੇ ਲਗਾਤਾਰ ਵਧਣ ਦਾ ਅਨੁਮਾਨ ਹੈ। ਕੇਂਦਰ ਸਰਕਾਰ ਨੇ ਰਾਜ ਸਭਾ ਨੂੰ ਸੂਚਿਤ ਕੀਤਾ ਹੈ ਕਿ 2025 ਤੱਕ ਦੇਸ਼ 'ਚ ਕੈਂਸਰ ਦੇ ਨਵੇਂ ਮਰੀਜ਼ਾਂ ਦੀ ਅਨੁਮਾਨਤ ਗਿਣਤੀ ਲਗਭਗ 15.70 ਲੱਖ ਦੇ ਕਰੀਬ ਪਹੁੰਚ ਜਾਵੇਗੀ।

ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਪ੍ਰਤਾਪਰਾਵ ਜਾਧਵ ਨੇ ਰਾਜ ਸਭਾ ਨੂੰ ਇਕ ਲਿਖਤੀ ਉੱਤਰ 'ਚ ਦੱਸਿਆ ਕਿ ਭਾਰਤੀ ਮੈਡੀਕਲ ਖੋਜ ਪ੍ਰੀਸ਼ਦ (ਆਈ.ਸੀ.ਐੱਮ.ਆਰ.) ਦੇ ਰਾਸ਼ਟਰੀ ਕੈਂਸਰ ਰਜਿਸਟਰੀ ਪ੍ਰੋਗਰਾਮ (ਐੱਨ.ਸੀ.ਆਰ.ਪੀ.) ਦੇ ਅਨੁਸਾਰ ਸਾਲ 2021 'ਚ ਦੇਸ਼ 'ਚ 1,426,447 ਕੈਂਸਰ ਦੇ ਨਵੇਂ ਮਾਮਲਿਆਂ ਦਾ ਅਨੁਮਾਨ ਹੈ, ਜੋ ਕਿ 2025 'ਚ ਵਧ ਕੇ 1,569,793 ਹੋ ਜਾਣਗੇ। ਯਾਨੀ 5 ਸਾਲਾਂ 'ਚ ਕਰੀਬ 10 ਫੀਸਦੀ ਵਾਧੇ ਦਾ ਅਨੁਮਾਨ ਹੈ। ਉੱਤਰ ਭਾਰਤ 'ਚ ਪੰਜਾਬ ਸਭ ਤੋਂ ਵੱਧ ਪ੍ਰਭਾਵਿਤ ਰਾਜ ਬਣਿਆ ਹੋਇਆ ਹੈ। ਇੱਥੇ ਕੈਂਸਰ ਦੇ ਨਵੇਂ ਮਾਮਲਿਆਂ ਦੀ ਗਿਣਤੀ 2021 'ਚ

**ਪੰਜਾਬ ਸਭ ਤੋਂ ਵੱਧ ਪ੍ਰਭਾਵਿਤ ਸੂਬਾ**




39,521 ਤੋਂ ਵਧ ਕੇ 2025 'ਚ 43,196 ਹੋਣ ਦਾ ਅਨੁਮਾਨ ਹੈ।

ਹਰਿਆਣਾ 'ਚ ਇਸ ਮਿਆਦ ਦੌਰਾਨ ਕੈਂਸਰ ਦੇ ਮਾਮਲਿਆਂ ਦੀ ਅਨੁਮਾਨਿਤ ਗਿਣਤੀ 30,015 ਤੋਂ ਵਧ ਕੇ 33,395 ਹੋ ਜਾਵੇਗੀ। ਦਿੱਲੀ 'ਚ ਇਹ ਅੰਕੜਾ 25,969 ਤੋਂ ਵਧ ਕੇ 29,238 ਹੋਣ ਦਾ ਅਨੁਮਾਨ ਹੈ, ਜਦੋਂ ਕਿ ਜੰਮੂ ਅਤੇ ਕਸ਼ਮੀਰ 'ਚ ਇਹ 13,060 ਤੋਂ ਵਧ ਕੇ 14,493 ਹੋਣ ਦਾ ਅਨੁਮਾਨ ਹੈ। ਹਿਮਾਚਲ ਪ੍ਰਦੇਸ਼ 'ਚ ਕੈਂਸਰ ਦੇ ਮਾਮਲਿਆਂ ਦੀ ਗਿਣਤੀ ਵੀ 8,978 ਤੋਂ ਵਧ ਕੇ 9,761 ਹੋ ਸਕਦੀ ਹੈ। ਕੇਂਦਰ ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਪਹਿਲਾਂ ਤੋਂ ਚੱਲ ਰਹੀ ਖੇਤਰੀ ਕੈਂਸਰ ਕੇਂਦਰ (ਆਰ.ਸੀ.ਸੀ.) ਯੋਜਨਾ ਹੁਣ ਪ੍ਰਭਾਵੀ ਨਹੀਂ ਹੈ। ਇਸ ਦੀ ਥਾਂ ਹੁਣ ਰਾਸ਼ਟਰੀ ਗੈਰ-ਸੰਚਾਰੀ ਬੀਮਾਰੀਆਂ ਦੀ ਰੋਕਥਾਮ ਅਤੇ ਕੰਟਰੋਲ ਪ੍ਰੋਗਰਾਮ (ਐੱਨ.ਪੀ.-ਐੱਨ.ਸੀ.ਡੀ.) ਦੇ ਤਹਿਤ "ਤੀਸਰੀ ਦੇਖਭਾਲ ਕੈਂਸਰ ਸਹੂਲਤਾਂ ਨੂੰ ਮਜ਼ਬੂਤ ਕਰਨਾ" ਯੋਜਨਾ ਲਾਗੂ ਕੀਤੀ ਜਾ ਰਹੀ ਹੈ।

ਇਸ ਯੋਜਨਾ ਦੇ ਤਹਿਤ, ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸਟੇਟ ਕੈਂਸਰ ਇੰਸਟੀਚਿਊਟ (ਐੱਸ.ਸੀ.ਆਈ.ਐੱਸ.) ਅਤੇ ਟਰਸ਼ਰੀ ਕੇਅਰ ਕੈਂਸਰ ਸੈਂਟਰ (ਟੀ.ਸੀ.ਸੀ.ਸੀ.ਐੱਸ.) ਸਥਾਪਤ ਕਰਨ ਲਈ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਸਰਕਾਰ ਨੇ ਕਿਹਾ ਕਿ ਹੁਣ ਤੱਕ ਦੇਸ਼ ਭਰ 'ਚ 39 ਸੰਸਥਾਵਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਨ੍ਹਾਂ 'ਚ 19 ਸਟੇਟ ਕੈਂਸਰ ਇੰਸਟੀਚਿਊਟ ਅਤੇ 20 ਟਰਸ਼ਰੀ ਕੇਅਰ ਕੈਂਸਰ ਸੈਂਟਰ ਸ਼ਾਮਲ ਹਨ। ਉੱਤਰੀ ਭਾਰਤ 'ਚ ਸਿਵਲ ਹਸਪਤਾਲ, ਅੰਬਾਲਾ ਛਾਉਣੀ, ਹਰਿਆਣਾ ਵਿਖੇ ਇਕ ਟਰਸ਼ਰੀ ਕੇਅਰ ਕੈਂਸਰ ਸੈਂਟਰ ਚੱਲ ਰਿਹਾ ਹੈ। ਪੰਜਾਬ 'ਚ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਨੂੰ ਸਟੇਟ ਕੈਂਸਰ ਇੰਸਟੀਚਿਊਟ ਅਤੇ ਸਿਵਲ ਹਸਪਤਾਲ, ਫਾਜ਼ਿਲਕਾ ਦੇ ਟਰਸ਼ਰੀ ਕੇਅਰ ਕੈਂਸਰ ਵਜੋਂ ਵਿਕਸਿਤ ਕੀਤਾ ਗਿਆ ਹੈ।

# ਬ੍ਰਿਟਿਸ਼ ਪ੍ਰਧਾਨ ਮੰਤਰੀ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸਖ਼ਤ ਕਾਰਵਾਈ ਦਾ ਐਲਾਨ !

**ਲੰਡਨ, (ਪੰਜਾਬ ਮੇਲ)-** ਬ੍ਰਿਟਿਸ਼ ਪ੍ਰਧਾਨ ਮੰਤਰੀ ਐਂਡੀ ਬਰਨਹੈਮ ਨੇ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸਖ਼ਤੀ ਵਰਤਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਬਰਨਹੈਮ ਨੇ ਕਿਹਾ ਹੈ ਕਿ ਸਰਕਾਰ ਕਿਸ਼ਤੀ ਰਾਹੀਂ ਦੇਸ਼ ਵਿਚ ਦਾਖਲ ਹੋਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਨੂੰ ਘਟਾਉਣ ਲਈ ਆਪਣੀਆਂ ਕੋਸ਼ਿਸ਼ਾਂ ਵਿਚ "ਸਖ਼ਤੀ" ਵਰਤੇਗੀ। ਜਾਣਕਾਰੀ ਅਨੁਸਾਰ, 20 ਜੁਲਾਈ ਨੂੰ ਬਰਨਹੈਮ ਦੇ ਅਹੁਦਾ ਸੰਭਾਲਣ ਤੋਂ ਬਾਅਦ 2,000 ਤੋਂ ਵੱਧ ਪ੍ਰਵਾਸੀ ਕਿਸ਼ਤੀ ਰਾਹੀਂ ਦੇਸ਼ ਵਿਚ ਦਾਖਲ ਹੋਏ ਹਨ। ਦੇਸ਼ ਵਿਚ ਦਾਖਲ ਹੋਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਬਾਰੇ ਬੋਲਦੇ ਹੋਏ, ਉਨ੍ਹਾਂ ਕਿਹਾ, "ਅਸੀਂ ਬਿਲਕੁਲ ਸਖ਼ਤ ਹੋਵਾਂਗੇ। ਲੋਕ ਇਸ ਮੁੱਦੇ ਨੂੰ ਹੱਲ ਕਰਨਾ ਚਾਹੁੰਦੇ ਹਨ।"

ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਸਰਕਾਰ ਨੂੰ ਸੁਰੱਖਿਅਤ ਰਸਤੇ ਬਣਾਉਣੇ ਚਾਹੀਦੇ ਹਨ। ਬਰਨਹੈਮ ਨੇ ਕਿਹਾ ਕਿ ਲੰਡਨ ਦੀ ਯੋਜਨਾ ਇੰਗਲਿਸ਼ ਚੈਨਲ ਦੇ ਬ੍ਰਿਟਿਸ਼ ਪਾਸੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੀ ਗਿਣਤੀ ਦੁੱਗਣੀ ਕਰਨ ਦੀ ਹੈ।

# ਭਾਰਤ ਦੀਆਂ ਅਦਾਲਤਾਂ 'ਚ 30 ਸਾਲਾਂ ਤੋਂ ਇਨਸਾਫ਼ ਦੀ ਉਡੀਕ 'ਚ 80,000 ਮਾਮਲੇ !

**ਨਵੀਂ ਦਿੱਲੀ, (ਪੰਜਾਬ ਮੇਲ)-** ਕਈ ਕੋਸ਼ਿਸ਼ਾਂ ਦੇ ਬਾਵਜੂਦ ਲੋਕਾਂ ਨੂੰ ਇਨਸਾਫ਼ ਲਈ ਲੰਬੀ ਉਡੀਕ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਕਿ ਸੁਪਰੀਮ ਕੋਰਟ ਨੇ ਲਗਾਤਾਰ ਲੰਬਿਤ ਮਾਮਲਿਆਂ ਦੀ ਤੇਜ਼ੀ ਨਾਲ ਸੁਣਵਾਈ ਅਤੇ ਹੱਲ ਦੀ ਵਕਾਲਤ ਕੀਤੀ ਹੈ, ਕੋਈ ਮਹੱਤਵਪੂਰਨ ਸੁਧਾਰ ਦਿਖਾਈ ਨਹੀਂ ਦੇ ਰਿਹਾ ਹੈ। 2011 ਤੋਂ ਅਦਾਲਤੀ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਅਤੇ ਤਕਨਾਲੋਜੀ ਨੂੰ ਨਿਆਂਇਕ ਪ੍ਰਣਾਲੀ ਵਿਚ ਜੋੜਨ ਲਈ ਲਗਭਗ 10,000 ਕਰੋੜ ਰੁਪਏ ਖਰਚ ਕਰਨ ਦੇ ਬਾਵਜੂਦ, ਇਸ ਪਹਿਲਕਦਮੀ ਦਾ ਦਹਾਕਿਆਂ ਤੋਂ ਲੰਬਿਤ ਪਏ ਵੱਡੀ ਗਿਣਤੀ ਵਿਚ ਮਾਮਲਿਆਂ ਨੂੰ ਹੱਲ ਕਰਨ 'ਤੇ ਬਹੁਤ ਘੱਟ ਪ੍ਰਭਾਵ ਪਿਆ ਹੈ।

ਸੁਪਰੀਮ ਕੋਰਟ ਵਿਚ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ 10,000 ਤੋਂ ਵੱਧ ਕੇਸ ਪੈਂਡਿੰਗ ਹਨ। ਇਨ੍ਹਾਂ ਵਿਚੋਂ, 558 ਕੇਸ 20 ਸਾਲਾਂ ਤੋਂ ਵੱਧ ਸਮੇਂ ਤੋਂ ਅਤੇ 26 ਕੇਸ 30 ਸਾਲਾਂ ਤੋਂ ਵੱਧ ਸਮੇਂ ਤੋਂ। ਦੇਸ਼ ਦੀਆਂ 25 ਹਾਈ ਕੋਰਟਾਂ ਵਿਚ, 80,000 ਤੋਂ ਵੱਧ ਕੇਸ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਅਣਸੁਲਝੇ ਪਏ ਹਨ।

ਪਿਛਲੇ ਹਫ਼ਤੇ ਸੰਸਦ ਵਿਚ ਇੱਕ ਸਵਾਲ ਦੇ ਲਿਖਤੀ ਜਵਾਬ ਵਿਚ, ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਲੰਬਿਤ ਮਾਮਲਿਆਂ ਦੇ ਹੱਲ ਦੀ ਜ਼ਿੰਮੇਵਾਰੀ ਨਿਆਂਪਾਲਿਕਾ 'ਤੇ ਪਾ ਦਿੱਤੀ, ਇਹ ਨੋਟ ਕਰਦੇ ਹੋਏ ਕਿ ਅਦਾਲਤਾਂ ਨੇ ਉਨ੍ਹਾਂ ਦੇ ਨਿਪਟਾਰੇ ਲਈ ਕੋਈ ਖਾਸ ਸਮਾਂ-ਸੀਮਾ ਨਿਰਧਾਰਤ ਨਹੀਂ ਕੀਤੀ ਹੈ। ਉਨ੍ਹਾਂ ਅੱਗੇ ਕਿਹਾ, "ਅਦਾਲਤਾਂ ਵਿਚ ਮਾਮਲਿਆਂ ਦਾ ਸਮੇਂ ਸਿਰ ਨਿਪਟਾਰਾ ਕਈ ਕਾਰਕਾਂ 'ਤੇ ਨਿਰਭਰ ਕਰਦਾ ਹੈ, ਜਿਸ ਵਿਚ ਲੋੜੀਂਦੀ ਗਿਣਤੀ ਵਿਚ ਜੱਜਾਂ ਅਤੇ ਨਿਆਂਇਕ ਅਧਿਕਾਰੀਆਂ, ਅਦਾਲਤੀ ਸਹਾਇਤਾ ਸਟਾਫ਼ ਅਤੇ ਭੌਤਿਕ ਬੁਨਿਆਦੀ ਢਾਂਚੇ ਦੀ ਉਪਲਬਧਤਾ, ਮਾਮਲਿਆਂ ਦੀ ਗੁੰਝਲਤਾ, ਸਬੂਤਾਂ ਦੀ ਪ੍ਰਕਿਰਤੀ, ਹਿੱਸੇਦਾਰਾਂ (ਜਿਵੇਂ ਕਿ ਬਾਰ, ਜਾਂਚ ਏਜੰਸੀਆਂ, ਗਵਾਹ ਅਤੇ ਮੁਕੱਦਮੇਬਾਜ਼) ਦਾ ਸਹਿਯੋਗ ਅਤੇ ਨਿਯਮਾਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਸ਼ਾਮਲ ਹੈ।" ਹਾਲਾਂਕਿ ਸੁਪਰੀਮ ਕੋਰਟ ਖਾਲੀ ਅਸਾਮੀਆਂ ਨੂੰ ਭਰਨ ਲਈ ਜੱਜਾਂ ਦੀ ਨਿਯੁਕਤੀ ਨੂੰ ਤੇਜ਼ ਕਰ ਰਿਹਾ ਹੈ, ਪਰ 25 ਹਾਈ ਕੋਰਟਾਂ ਅਤੇ ਹੇਠਲੀਆਂ ਅਦਾਲਤਾਂ ਵਿਚ ਸਥਿਤੀ ਵੱਖਰੀ ਹੈ। ਹਾਈ ਕੋਰਟਾਂ ਵਿਚ, 1,122 ਜੱਜਾਂ ਦੀ ਮਨਜ਼ੂਰਸ਼ੁਦਾ ਤਾਕਤ ਵਿਚੋਂ 341 ਅਸਾਮੀਆਂ ਖਾਲੀ ਹਨ। ਹੇਠਲੀਆਂ ਅਦਾਲਤਾਂ ਵਿਚ ਸਥਿਤੀ ਹੋਰ ਵੀ ਨਾਜ਼ੁਕ ਹੈ, ਜਿੱਥੇ 30,868 ਦੀ ਮਨਜ਼ੂਰਸ਼ੁਦਾ ਤਾਕਤ ਵਿਚੋਂ 7,311 ਨਿਆਂਇਕ ਅਸਾਮੀਆਂ ਖਾਲੀ ਹਨ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ ਵੱਲੋਂ 50 ਦੇਸ਼ਾਂ ਲਈ ਵੀਜ਼ਾ ਬਾਂਡ ਪ੍ਰੋਗਰਾਮ ਪੱਕਾ

**■ ਸੈਲਾਨੀ ਵੀਜ਼ੇ ਲਈ ਦੇਣੇ ਪੈ ਸਕਦੇ ਹਨ 20 ਹਜ਼ਾਰ ਡਾਲਰ**




ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਵਿਦੇਸ਼ ਵਿਭਾਗ ਨੇ ਕਾਰੋਬਾਰ ਜਾਂ ਸੈਰ-ਸਪਾਟੇ ਲਈ ਅਮਰੀਕਾ ਆਉਣ ਵਾਲੇ ਕੁਝ ਵਿਦੇਸ਼ੀ ਨਾਗਰਿਕਾਂ ਉੱਤੇ ਲਾਗੂ ਵੀਜ਼ਾ ਬਾਂਡ ਪ੍ਰੋਗਰਾਮ ਨੂੰ ਹੁਣ ਸਥਾਈ ਬਣਾਉਣ ਦਾ ਫ਼ੈਸਲਾ ਕੀਤਾ ਹੈ। ਨਵੇਂ ਨਿਯਮ ਅਧੀਨ ਚੁਣੇ ਗਏ ਦੇਸ਼ਾਂ ਦੇ ਬੀ-1, ਬੀ-2 ਜਾਂ ਸਾਂਝੇ ਬੀ-1/ਬੀ-2 ਵੀਜ਼ਾ ਬਿਨੈਕਾਰਾਂ ਨੂੰ ਵੀਜ਼ਾ ਜਾਰੀ ਹੋਣ ਤੋਂ ਪਹਿਲਾਂ 10 ਹਜ਼ਾਰ, 15 ਹਜ਼ਾਰ ਜਾਂ ਵੱਧ ਤੋਂ ਵੱਧ 20 ਹਜ਼ਾਰ ਡਾਲਰ ਤੱਕ ਦੀ ਜ਼ਮਾਨਤੀ ਰਕਮ ਜਮ੍ਹਾਂ ਕਰਵਾਉਣ ਲਈ ਕਿਹਾ ਜਾ ਸਕਦਾ ਹੈ। ਇਹ ਅੰਤਿਮ ਨਿਯਮ 3 ਅਗਸਤ 2026 ਨੂੰ ਫੈਡਰਲ ਰਜਿਸਟਰ ਵਿਚ ਪ੍ਰਕਾਸ਼ਿਤ ਹੋਣ ਦੇ ਨਾਲ ਹੀ ਲਾਗੂ ਹੋਵੇਗਾ।

ਇਹ ਬਾਂਡ ਹਰ ਦੇਸ਼ ਦੇ ਹਰ ਬਿਨੈਕਾਰ ਉੱਤੇ ਆਪਣੇ ਆਪ ਨਹੀਂ ਲੱਗੇਗਾ। ਅਮਰੀਕੀ ਕੌਂਸਲਰ ਅਧਿਕਾਰੀ ਵੀਜ਼ਾ ਇੰਟਰਵਿਊ ਦੌਰਾਨ ਬਿਨੈਕਾਰ ਦੀ ਆਮਦਨ, ਨੌਕਰੀ, ਸਿੱਖਿਆ, ਯਾਤਰਾ ਦਾ ਮਕਸਦ, ਅਮਰੀਕਾ ਵਿਚ ਉਸਦੇ ਸੰਪਰਕਾਂ ਅਤੇ ਸਮੇਂ ਸਿਰ ਵਾਪਸ ਜਾਣ ਦੀ ਸੰਭਾਵਨਾ ਨੂੰ ਦੇਖਦਿਆਂ ਬਾਂਡ ਦੀ ਰਕਮ ਨਿਰਧਾਰਤ ਕਰੇਗਾ। ਆਮ ਤੌਰ ਉੱਤੇ ਅਧਿਕਾਰੀਆਂ ਨੂੰ 15 ਹਜ਼ਾਰ ਡਾਲਰ ਦਾ ਬਾਂਡ ਨਿਰਧਾਰਤ ਕਰਨ ਦੀ ਹਦਾਇਤ ਹੋਵੇਗੀ। ਵਿਸ਼ੇਸ਼ ਹਾਲਾਤ ਵਿਚ ਇਸ ਨੂੰ 10 ਹਜ਼ਾਰ ਡਾਲਰ ਕੀਤਾ ਜਾ ਸਕਦਾ ਹੈ, ਜਦਕਿ ਜ਼ਿਆਦਾ ਖ਼ਤਰਾ ਮੰਨੇ ਜਾਣ ਉੱਤੇ 20 ਹਜ਼ਾਰ ਡਾਲਰ ਤੱਕ ਮੰਗਿਆ ਜਾ ਸਕਦਾ ਹੈ। ਪੁਰਾਣੇ ਪ੍ਰਯੋਗਾਤਮਕ ਪ੍ਰੋਗਰਾਮ ਵਿਚ ਮੌਜੂਦ 5 ਹਜ਼ਾਰ ਡਾਲਰ ਵਾਲਾ ਵਿਕਲਪ ਖ਼ਤਮ ਕਰ ਦਿੱਤਾ ਗਿਆ ਹੈ।

ਇਹ ਰਕਮ ਕੋਈ ਵਾਧੂ ਵੀਜ਼ਾ ਫੀਸ ਨਹੀਂ, ਸਗੋਂ ਵਾਪਸੀਯੋਗ ਜ਼ਮਾਨਤ ਹੈ। ਜੇਕਰ ਯਾਤਰੀ ਆਪਣੇ ਵੀਜ਼ੇ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਦਾ ਹੈ, ਅਧਿਕਾਰਤ ਮਿਆਦ ਦੇ ਅੰਦਰ ਅਮਰੀਕਾ ਤੋਂ ਵਾਪਸ ਚਲਾ ਜਾਂਦਾ ਹੈ ਜਾਂ ਵੀਜ਼ਾ ਮਿਲਣ ਤੋਂ ਬਾਅਦ ਅਮਰੀਕਾ ਦੀ ਯਾਤਰਾ ਹੀ ਨਹੀਂ ਕਰਦਾ, ਤਾਂ ਬਾਂਡ ਦੀ ਮੂਲ ਰਕਮ ਉਸੇ ਭੁਗਤਾਨ ਦੇ ਸਾਧਨ ਵਿਚ ਵਾਪਸ ਕਰ ਦਿੱਤੀ ਜਾਵੇਗੀ। ਹਾਲਾਂਕਿ ਇਸ ਰਕਮ ਉੱਤੇ ਕੋਈ ਵਿਆਜ ਨਹੀਂ ਮਿਲੇਗਾ ਅਤੇ ਮੁਦਰਾ ਬਦਲਣ ਜਾਂ ਬੈਂਕ ਵੱਲੋਂ ਲਗਾਈ ਜਾਣ ਵਾਲੀ ਫੀਸ ਦਾ ਭਾਰ ਭੁਗਤਾਨ ਕਰਨ ਵਾਲੇ ਨੂੰ ਹੀ ਝੱਲਣਾ ਪਵੇਗਾ।

ਜੇਕਰ ਵੀਜ਼ਾ ਧਾਰਕ ਅਮਰੀਕਾ ਵਿਚ ਮਨਜ਼ੂਰਸ਼ੁਦਾ ਸਮੇਂ ਤੋਂ ਵੱਧ ਰਹਿੰਦਾ ਹੈ, ਆਪਣੇ ਦਰਜੇ ਦੀਆਂ ਸ਼ਰਤਾਂ ਦੀ ਗੰਭੀਰ ਉਲੰਘਣਾ ਕਰਦਾ ਹੈ ਜਾਂ ਸਮੇਂ ਸਿਰ ਦੇਸ਼ ਨਹੀਂ ਛੱਡਦਾ, ਤਾਂ ਪੂਰੀ ਬਾਂਡ ਰਕਮ ਜ਼ਬਤ ਕੀਤੀ ਜਾ ਸਕਦੀ ਹੈ। ਅੰਤਿਮ ਨਿਯਮ ਵਿਚ ਇਹ ਵੀ ਦਰਜ ਹੈ ਕਿ ਦੇਰ ਨਾਲ ਦਰਜ ਕੀਤੀ ਗਈ ਸਟੇਟਸ ਬਦਲਣ ਜਾਂ ਰਹਿਣ ਦੀ ਮਿਆਦ ਵਧਾਉਣ ਦੀ ਅਰਜ਼ੀ ਅਤੇ ਅਮਰੀਕਾ ਪਹੁੰਚਣ ਤੋਂ ਬਾਅਦ ਪਨਾਹ ਜਾਂ ਹੋਰ ਮਨੁੱਖੀ ਸੁਰੱਖਿਆ ਲਈ ਆਈ-589 ਅਰਜ਼ੀ ਦਾਇਰ ਕਰਨਾ ਵੀ ਬਾਂਡ ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। ਸਮੇਂ ਸਿਰ ਦਾਇਰ ਕੀਤੀ ਗਈ ਸਟੇਟਸ ਬਦਲਣ ਜਾਂ ਮਿਆਦ ਵਧਾਉਣ ਦੀ ਅਰਜ਼ੀ ਆਪਣੇ ਆਪ ਬਾਂਡ ਦੀ ਉਲੰਘਣਾ ਨਹੀਂ ਹੋਵੇਗੀ, ਪਰ ਇਮੀਗ੍ਰੇਸ਼ਨ ਅਧਿਕਾਰੀ ਬਾਂਡ ਦੀ ਮੌਜੂਦਗੀ ਨੂੰ ਅਰਜ਼ੀ ਉੱਤੇ ਫ਼ੈਸਲਾ ਕਰਦੇ ਸਮੇਂ ਨਕਾਰਾਤਮਕ ਕਾਰਕ ਵਜੋਂ ਵਿਚਾਰ ਸਕਦੇ ਹਨ।

ਇਸ ਪ੍ਰੋਗਰਾਮ ਅਧੀਨ ਬਾਂਡ ਜਮ੍ਹਾਂ ਕਰਵਾਉਣ ਵਾਲੇ ਯਾਤਰੀਆਂ ਨੂੰ ਅਮਰੀਕਾ ਵਿਚ ਦਾਖ਼ਲਾ ਅਤੇ ਰਵਾਨਗੀ ਵਪਾਰਕ ਹਵਾਈ ਅੱਡਿਆਂ ਜਾਂ ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਦੀਆਂ ਮਨਜ਼ੂਰਸ਼ੁਦਾ ਪ੍ਰੀ-ਕਲੀਅਰੈਂਸ ਥਾਵਾਂ ਰਾਹੀਂ ਹੀ ਕਰਨੀ ਹੋਵੇਗੀ, ਤਾਂ ਜੋ ਉਨ੍ਹਾਂ ਦੀ ਵਾਪਸੀ ਦਾ ਸਰਕਾਰੀ ਰਿਕਾਰਡ ਸਹੀ ਢੰਗ ਨਾਲ ਦਰਜ ਹੋ ਸਕੇ। ਜ਼ਮੀਨੀ, ਸਮੁੰਦਰੀ, ਨਿੱਜੀ ਜਾਂ ਚਾਰਟਰ ਜਹਾਜ਼ ਰਾਹੀਂ ਕੀਤੀ ਗਈ ਯਾਤਰਾ ਬਾਂਡ ਦੀਆਂ ਸ਼ਰਤਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਬਿਨੈਕਾਰ ਨੂੰ ਕਿਸੇ ਵੀ ਸਰਕਾਰੀ ਅਧਿਕਾਰੀ ਦੀ ਲਿਖਤੀ ਹਦਾਇਤ ਤੋਂ ਪਹਿਲਾਂ ਆਪਣੇ ਤੌਰ ਉੱਤੇ ਕੋਈ ਬਾਂਡ ਰਕਮ ਜਮ੍ਹਾਂ ਨਹੀਂ ਕਰਵਾਉਣੀ ਚਾਹੀਦੀ। ਵਿਦੇਸ਼ ਵਿਭਾਗ ਅਨੁਸਾਰ ਇਹ ਪ੍ਰੋਗਰਾਮ ਉਨ੍ਹਾਂ ਦੇਸ਼ਾਂ ਉੱਤੇ ਲਾਗੂ ਕੀਤਾ ਜਾਂਦਾ ਹੈ, ਜਿੱਥੋਂ ਆਉਣ ਵਾਲੇ ਲੋਕਾਂ ਦੀ ਵੀਜ਼ਾ ਮਿਆਦ ਖ਼ਤਮ ਹੋਣ ਤੋਂ ਬਾਅਦ ਅਮਰੀਕਾ ਵਿਚ ਰਹਿਣ ਦੀ ਦਰ ਉੱਚੀ ਹੈ, ਪਛਾਣ ਅਤੇ ਅਪਰਾਧਿਕ ਰਿਕਾਰਡਾਂ ਦੀ ਜਾਂਚ ਲਈ ਜਾਣਕਾਰੀ ਸਾਂਝੀ ਕਰਨ ਦੀ ਪ੍ਰਣਾਲੀ ਕਮਜ਼ੋਰ ਹੈ ਜਾਂ ਯਾਤਰਾ ਦਸਤਾਵੇਜ਼ਾਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਹਨ। ਪ੍ਰੋਗਰਾਮ ਵਿਚ ਸ਼ਾਮਲ ਦੇਸ਼ਾਂ ਦੀ ਸੂਚੀ ਸਮੇਂ-ਸਮੇਂ ਉੱਤੇ ਬਦਲੀ ਜਾ ਸਕਦੀ ਹੈ ਅਤੇ ਕਿਸੇ ਨਵੇਂ ਦੇਸ਼ ਨੂੰ ਸ਼ਾਮਲ ਕਰਨ ਤੋਂ ਘੱਟੋ-ਘੱਟ 15 ਦਿਨ ਪਹਿਲਾਂ ਜਾਣਕਾਰੀ ਜਾਰੀ ਕੀਤੀ ਜਾਵੇਗੀ।

ਮੌਜੂਦਾ ਸੂਚੀ ਵਿਚ ਕੁੱਲ 50 ਦੇਸ਼ ਸ਼ਾਮਲ ਹਨ, ਜਿਨ੍ਹਾਂ ਵਿਚ ਬੰਗਲਾਦੇਸ਼, ਨੇਪਾਲ, ਨਾਈਜੀਰੀਆ, ਭੂਟਾਨ, ਕੰਬੋਡੀਆ, ਇਥੋਪੀਆ, ਕਿਊਬਾ, ਵੈਨੇਜ਼ੁਏਲਾ, ਤਨਜ਼ਾਨੀਆ, ਯੂਗਾਂਡਾ, ਜ਼ਿੰਬਾਬਵੇ ਅਤੇ ਕਈ ਅਫ਼ਰੀਕੀ ਤੇ ਛੋਟੇ ਟਾਪੂ ਦੇਸ਼ ਸ਼ਾਮਲ ਹਨ। ਭਾਰਤ ਅਤੇ ਪਾਕਿਸਤਾਨ ਇਸ ਵੇਲੇ ਜਾਰੀ ਕੀਤੀ ਗਈ 50 ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਨਹੀਂ ਹਨ, ਇਸ ਲਈ ਮੌਜੂਦਾ ਨਿਯਮ ਅਨੁਸਾਰ ਭਾਰਤੀ ਜਾਂ ਪਾਕਿਸਤਾਨੀ ਪਾਸਪੋਰਟ ਧਾਰਕਾਂ ਉੱਤੇ ਇਹ ਬਾਂਡ ਲਾਜ਼ਮੀ ਨਹੀਂ ਹੈ। ਹਾਲਾਂਕਿ ਵਿਦੇਸ਼ ਵਿਭਾਗ ਭਵਿੱਖ ਵਿਚ ਸੂਚੀ ਵਿਚ ਤਬਦੀਲੀ ਕਰ ਸਕਦਾ ਹੈ।

# ਅਮਰੀਕਾ ਵੱਲੋਂ ਵਿਦਿਆਰਥੀ, ਐਕਸਚੇਂਜ ਵਿਜ਼ਟਰ ਅਤੇ ਵਿਦੇਸ਼ੀ ਪੱਤਰਕਾਰ ਵੀਜ਼ਿਆਂ ਲਈ 'ਡਿਊਰੇਸ਼ਨ ਆਫ਼ ਸਟੇਟਸ' ਪ੍ਰਣਾਲੀ ਖ਼ਤਮ

**■ ਹੁਣ ਆਈ-94 ਉੱਤੇ ਮਿਲੇਗੀ ਪੱਕੀ ਮਿਆਦ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ 'ਐੱਫ਼, ਜੇ ਅਤੇ ਆਈ' ਸ਼੍ਰੇਣੀਆਂ ਅਧੀਨ ਅਮਰੀਕਾ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ, ਐਕਸਚੇਂਜ ਵਿਜ਼ਟਰਾਂ ਅਤੇ ਵਿਦੇਸ਼ੀ ਮੀਡੀਆ ਪ੍ਰਤੀਨਿਧੀਆਂ ਲਈ ਦਹਾਕਿਆਂ ਤੋਂ ਚੱਲ ਰਹੀ "ਡਿਊਰੇਸ਼ਨ ਆਫ਼ ਸਟੇਟਸ" ਪ੍ਰਣਾਲੀ ਨੂੰ ਖ਼ਤਮ ਕਰਕੇ ਉਨ੍ਹਾਂ ਦੇ ਅਮਰੀਕਾ ਵਿਚ ਕਾਨੂੰਨੀ ਠਹਿਰਾਅ ਲਈ ਇੱਕ ਨਿਸ਼ਚਿਤ ਆਖ਼ਰੀ ਤਾਰੀਖ਼ ਤੈਅ ਕਰਨ ਵਾਲਾ ਅੰਤਿਮ ਨਿਯਮ ਜਾਰੀ ਕਰ ਦਿੱਤਾ ਹੈ। ਇਹ ਨਿਯਮ 17 ਜੁਲਾਈ 2026 ਨੂੰ ਫੈਡਰਲ ਰਜਿਸਟਰ ਵਿਚ ਪ੍ਰਕਾਸ਼ਿਤ ਹੋਇਆ ਅਤੇ ਇਸ ਦੀ ਨਿਰਧਾਰਤ ਲਾਗੂ ਹੋਣ ਦੀ ਤਾਰੀਖ਼ 15 ਸਤੰਬਰ 2026 ਹੈ। ਹਾਲਾਂਕਿ ਇਸ ਨੂੰ ਇੱਕ ਵੱਡਾ ਨਿਯਮ ਮੰਨਦਿਆਂ ਕਾਂਗਰਸੀ ਸਮੀਖਿਆ ਦੇ ਅਧੀਨ ਰੱਖਿਆ ਗਿਆ ਹੈ ਅਤੇ ਜੇ ਸਮੀਖਿਆ ਤੋਂ ਬਾਅਦ ਲਾਗੂ ਹੋਣ ਦੀ ਤਾਰੀਖ਼ ਬਦਲਦੀ ਜਾਂ ਨਿਯਮ ਰੱਦ ਹੁੰਦਾ ਹੈ, ਤਾਂ ਡੀ.ਐੱਚ.ਐੱਸ. ਵੱਲੋਂ ਫੈਡਰਲ ਰਜਿਸਟਰ ਵਿਚ ਵੱਖਰਾ ਨੋਟਿਸ ਜਾਰੀ ਕੀਤਾ ਜਾਵੇਗਾ।

ਹੁਣ ਤੱਕ ਐੱਫ਼-1 ਵਿਦਿਆਰਥੀਆਂ, ਜੇ-1 ਐਕਸਚੇਂਜ ਵਿਜ਼ਟਰਾਂ ਅਤੇ ਆਈ ਵੀਜ਼ਾ ਧਾਰਕਾਂ ਦੇ ਆਈ-94 ਰਿਕਾਰਡ ਉੱਤੇ ਆਮ ਤੌਰ 'ਤੇ "ਡੀ/ਐੱਸ" ਲਿਖਿਆ ਹੁੰਦਾ ਸੀ, ਜਿਸਦਾ ਅਰਥ ਸੀ ਕਿ ਉਹ ਵਿਅਕਤੀ ਆਪਣੇ ਪੜ੍ਹਾਈ, ਟ੍ਰੇਨਿੰਗ, ਐਕਸਚੇਂਜ ਜਾਂ ਪੱਤਰਕਾਰੀ ਪ੍ਰੋਗਰਾਮ ਦੀਆਂ ਸ਼ਰਤਾਂ ਦੀ ਪਾਲਣਾ ਕਰਦਾ ਰਹੇ, ਤਾਂ ਉਸਦੀ ਰਿਹਾਇਸ਼ ਦੀ ਕੋਈ ਵੱਖਰੀ ਪੱਕੀ ਸਮਾਪਤੀ ਤਾਰੀਖ਼ ਨਹੀਂ ਹੁੰਦੀ ਸੀ। ਨਵੇਂ ਨਿਯਮ ਤਹਿਤ ਉਨ੍ਹਾਂ ਦੇ ਆਈ-94 ਉੱਤੇ ਇੱਕ ਸਪੱਸ਼ਟ "ਐਡਮਿਟ ਅੰਟਿਲ ਡੇਟ" ਦਰਜ ਕੀਤੀ ਜਾਵੇਗੀ ਅਤੇ ਉਸ ਤਾਰੀਖ਼ ਤੋਂ ਅੱਗੇ ਰਹਿਣ ਲਈ ਉਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਕੋਲ ਮਿਆਦ ਵਧਾਉਣ ਦੀ ਅਰਜ਼ੀ ਦਾਇਰ ਕਰਨੀ ਪਵੇਗੀ ਜਾਂ ਅਮਰੀਕਾ ਤੋਂ ਬਾਹਰ ਜਾ ਕੇ ਦੁਬਾਰਾ ਦਾਖ਼ਲਾ ਲੈਣਾ ਪਵੇਗਾ। ਡੀ.ਐੱਚ.ਐੱਸ. ਦਾ ਕਹਿਣਾ ਹੈ ਕਿ ਇਸ ਤਬਦੀਲੀ ਨਾਲ ਸਰਕਾਰ ਨੂੰ ਇਹ ਜਾਂਚਣ ਦਾ ਮੌਕਾ ਮਿਲੇਗਾ ਕਿ ਵੀਜ਼ਾ ਧਾਰਕ ਆਪਣਾ ਕਾਨੂੰਨੀ ਦਰਜਾ ਅਤੇ ਪ੍ਰੋਗਰਾਮ ਦੀਆਂ ਸ਼ਰਤਾਂ ਕਾਇਮ ਰੱਖ ਰਹੇ ਹਨ ਜਾਂ ਨਹੀਂ।

ਐੱਫ਼-1 ਵਿਦਿਆਰਥੀਆਂ ਨੂੰ ਆਮ ਤੌਰ 'ਤੇ ਉਨ੍ਹਾਂ ਦੇ ਫਾਰਮ ਆਈ-20 ਉੱਤੇ ਦਰਜ ਪੜ੍ਹਾਈ ਦੇ ਪ੍ਰੋਗਰਾਮ ਦੀ ਮਿਆਦ ਤੱਕ ਦਾਖ਼ਲਾ ਦਿੱਤਾ ਜਾਵੇਗਾ, ਪਰ ਇਹ ਮਿਆਦ ਇੱਕ ਵਾਰ ਵਿਚ ਵੱਧ ਤੋਂ ਵੱਧ ਚਾਰ ਸਾਲ ਹੋਵੇਗੀ। ਇਸਦੇ ਨਾਲ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ 30 ਦਿਨ ਅਤੇ ਪੜ੍ਹਾਈ ਜਾਂ ਮਨਜ਼ੂਰਸ਼ੁਦਾ ਪ੍ਰੈਕਟੀਕਲ ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ 30 ਦਿਨਾਂ ਦਾ ਰਵਾਨਗੀ ਸਮਾਂ ਦਿੱਤਾ ਜਾਵੇਗਾ। ਇਸ ਤਰ੍ਹਾਂ ਐੱਫ਼-1 ਵਿਦਿਆਰਥੀਆਂ ਨੂੰ ਪਹਿਲਾਂ ਮਿਲਣ ਵਾਲਾ 60 ਦਿਨਾਂ ਦਾ ਗ੍ਰੇਸ ਪੀਰੀਅਡ ਘਟਾ ਕੇ 30 ਦਿਨ ਕਰ ਦਿੱਤਾ ਗਿਆ ਹੈ। ਚਾਰ ਸਾਲਾਂ ਤੋਂ ਲੰਬੇ ਡਿਗਰੀ ਪ੍ਰੋਗਰਾਮਾਂ, ਪੜ੍ਹਾਈ ਪੂਰੀ ਕਰਨ ਲਈ ਵਾਧੂ ਸਮੇਂ, ਨਵੇਂ ਵਿਦਿਅਕ ਪ੍ਰੋਗਰਾਮ, ਓ.ਪੀ.ਟੀ. ਜਾਂ ਸਟੈਮ ਓ.ਪੀ.ਟੀ. ਲਈ ਵਿਦਿਆਰਥੀਆਂ ਨੂੰ ਯੂ.ਐੱਸ.ਸੀ.ਆਈ.ਐੱਸ. ਕੋਲ ਐਕਸਟੈਂਸ਼ਨ ਆਫ਼ ਸਟੇਅ ਦੀ ਅਰਜ਼ੀ ਦੇਣੀ ਪਵੇਗੀ।

ਨਵੇਂ ਨਿਯਮ ਤਹਿਤ ਐੱਫ਼-1 ਵਿਦਿਆਰਥੀਆਂ ਦੀ ਸਕੂਲ, ਵਿਸ਼ਾ ਅਤੇ ਸਿੱਖਿਆ ਦੇ ਪੱਧਰ ਨੂੰ ਬਦਲਣ ਦੀ ਆਜ਼ਾਦੀ ਉੱਤੇ ਵੀ ਨਵੀਆਂ ਪਾਬੰਦੀਆਂ ਲਗਾਈਆਂ ਗਈਆਂ ਹਨ। ਵਿਦਿਆਰਥੀ ਨੂੰ ਆਮ ਤੌਰ 'ਤੇ ਉਸੇ ਸੰਸਥਾ ਵਿਚ ਘੱਟੋ-ਘੱਟ ਇੱਕ ਅਕਾਦਮਿਕ ਸਾਲ ਪੂਰਾ ਕਰਨਾ ਪਵੇਗਾ, ਜਿਸ ਨੇ ਉਸਦਾ ਸ਼ੁਰੂਆਤੀ ਆਈ-20 ਜਾਰੀ ਕੀਤਾ ਸੀ, ਜਦੋਂ ਤੱਕ ਵਿਸ਼ੇਸ਼ ਹਾਲਾਤਾਂ ਵਿਚ ਮਨਜ਼ੂਰੀ ਨਾ ਮਿਲੇ। ਗ੍ਰੈਜੂਏਟ ਜਾਂ ਇਸ ਤੋਂ ਉੱਚੇ ਪੱਧਰ ਦੇ ਵਿਦਿਆਰਥੀਆਂ ਲਈ ਪ੍ਰੋਗਰਾਮ ਦੌਰਾਨ ਵਿਦਿਅਕ ਉਦੇਸ਼ ਬਦਲਣ ਜਾਂ ਕਿਸੇ ਹੋਰ ਸੰਸਥਾ ਵਿਚ ਤਬਦੀਲੀ ਕਰਨ ਉੱਤੇ ਹੋਰ ਸਖ਼ਤ ਸੀਮਾਵਾਂ ਲਾਗੂ ਹੋਣਗੀਆਂ। ਇੱਕ ਪੜ੍ਹਾਈ ਪੱਧਰ ਪੂਰਾ ਕਰਨ ਤੋਂ ਬਾਅਦ ਵਿਦਿਆਰਥੀ ਨੂੰ ਆਮ ਤੌਰ 'ਤੇ ਸਿਰਫ਼ ਉੱਚੇ ਪੱਧਰ ਦੇ ਪ੍ਰੋਗਰਾਮ ਵਿਚ ਹੀ ਜਾਣ ਦੀ ਇਜਾਜ਼ਤ ਹੋਵੇਗੀ ਅਤੇ ਉਸੇ ਜਾਂ ਹੇਠਲੇ ਪੱਧਰ ਦੀ ਹੋਰ ਡਿਗਰੀ ਲਈ ਐੱਫ਼-1 ਦਰਜਾ ਜਾਰੀ ਰੱਖਣ ਉੱਤੇ ਰੋਕ ਲੱਗ ਸਕਦੀ ਹੈ।

ਜੇ-1 ਐਕਸਚੇਂਜ ਵਿਜ਼ਟਰਾਂ ਨੂੰ ਉਨ੍ਹਾਂ ਦੇ ਡੀਐੱਸ-2019 ਉੱਤੇ ਦਰਜ ਪ੍ਰੋਗਰਾਮ ਦੀ ਮਿਆਦ ਅਨੁਸਾਰ ਇੱਕ ਨਿਸ਼ਚਿਤ ਆਈ-94 ਤਾਰੀਖ਼ ਦਿੱਤੀ ਜਾਵੇਗੀ। ਪ੍ਰੋਗਰਾਮ ਪੂਰਾ ਹੋਣ ਤੋਂ ਬਾਅਦ ਉਨ੍ਹਾਂ ਲਈ 30 ਦਿਨਾਂ ਦਾ ਗ੍ਰੇਸ ਪੀਰੀਅਡ ਪਹਿਲਾਂ ਵਾਂਗ ਜਾਰੀ ਰਹੇਗਾ। ਜੇ ਕਿਸੇ ਜੇ-1 ਵਿਜ਼ਟਰ ਨੂੰ ਆਪਣੀ ਟ੍ਰੇਨਿੰਗ, ਰਿਸਰਚ, ਮੈਡੀਕਲ ਰੈਜ਼ੀਡੈਂਸੀ, ਅਧਿਆਪਨ ਜਾਂ ਹੋਰ ਮਨਜ਼ੂਰਸ਼ੁਦਾ ਪ੍ਰੋਗਰਾਮ ਪੂਰਾ ਕਰਨ ਲਈ ਵਾਧੂ ਸਮੇਂ ਦੀ ਲੋੜ ਹੋਵੇ, ਤਾਂ ਉਸਨੂੰ ਆਈ-94 ਦੀ ਸਮਾਪਤੀ ਤੋਂ ਪਹਿਲਾਂ ਯੂ.ਐੱਸ.ਸੀ.ਆਈ.ਐੱਸ. ਕੋਲ ਮਿਆਦ ਵਧਾਉਣ ਦੀ ਅਰਜ਼ੀ ਦੇਣੀ ਹੋਵੇਗੀ। ਨਵਾਂ ਨਿਯਮ ਜੇ-1 ਸ਼੍ਰੇਣੀ ਦੇ ਕੁਝ ਵਿਅਕਤੀਆਂ ਉੱਤੇ ਲਾਗੂ ਦੋ ਸਾਲ ਆਪਣੇ ਦੇਸ਼ ਵਿਚ ਰਹਿਣ ਦੀ ਸ਼ਰਤ ਨੂੰ ਖ਼ਤਮ ਜਾਂ ਤਬਦੀਲ ਨਹੀਂ ਕਰਦਾ। ਆਈ ਸ਼੍ਰੇਣੀ ਅਧੀਨ ਅਮਰੀਕਾ ਆਉਣ ਵਾਲੇ ਵਿਦੇਸ਼ੀ ਪੱਤਰਕਾਰਾਂ, ਸੰਪਾਦਕਾਂ, ਕੈਮਰਾ ਕਰਮਚਾਰੀਆਂ ਅਤੇ ਹੋਰ ਵਿਦੇਸ਼ੀ ਮੀਡੀਆ ਪ੍ਰਤੀਨਿਧੀਆਂ ਨੂੰ ਉਨ੍ਹਾਂ ਦੇ ਕੰਮ ਜਾਂ ਅਸਾਈਨਮੈਂਟ ਦੀ ਮਿਆਦ ਤੱਕ, ਪਰ ਆਮ ਤੌਰ 'ਤੇ ਵੱਧ ਤੋਂ ਵੱਧ 240 ਦਿਨਾਂ ਲਈ ਦਾਖ਼ਲਾ ਦਿੱਤਾ ਜਾਵੇਗਾ।



# ਟਰੰਪ ਦੀ ਨਵੀਂ ਟੈਰਿਫ ਨੀਤੀ ਇੱਕ ਵਾਰ ਫਿਰ ਕਾਨੂੰਨੀ ਵਿਵਾਦਾਂ 'ਚ ਘਿਰੀ!

**■ 25 ਅਮਰੀਕੀ ਰਾਜਾਂ ਵੱਲੋਂ ਅਦਾਲਤ 'ਚ ਟਰੰਪ ਪ੍ਰਸ਼ਾਸਨ ਵਿਰੁੱਧ ਮੁਕੱਦਮਾ ਦਾਇਰ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਵੀਂ ਵਪਾਰ ਨੀਤੀ ਇੱਕ ਵਾਰ ਫਿਰ ਕਾਨੂੰਨੀ ਵਿਵਾਦਾਂ 'ਚ ਘਿਰ ਗਈ ਹੈ। ਡੈਮੋਕ੍ਰੇਟਿਕ ਪਾਰਟੀ ਦੀ ਅਗਵਾਈ ਵਾਲੇ 25 ਅਮਰੀਕੀ ਰਾਜਾਂ ਨੇ ਨਿਊਯਾਰਕ ਸਥਿਤ ਯੂ.ਐੱਸ. ਕੋਰਟ ਆਫ਼ ਇੰਟਰਨੈਸ਼ਨਲ ਟ੍ਰੇਡ ਵਿਚ ਟਰੰਪ ਪ੍ਰਸ਼ਾਸਨ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਪਟੀਸ਼ਨ ਭਾਰਤ ਸਮੇਤ ਦੁਨੀਆਂ ਭਰ ਦੇ 60 ਵਪਾਰਕ ਭਾਈਵਾਲਾਂ 'ਤੇ ਲਗਾਏ ਗਏ ਨਵੇਂ ਆਯਾਤ ਟੈਰਿਫਾਂ ਨੂੰ ਰੋਕਣ ਦੀ ਮੰਗ ਕਰਦੀ ਹੈ।

ਨਵੀਨਤਮ ਟੈਰਿਫਾਂ ਤੋਂ ਭਾਰਤ ਵੀ ਪ੍ਰਭਾਵਿਤ ਹੋਇਆ ਹੈ। ਹਾਲਾਂਕਿ, ਇੱਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਦੇ ਅਨੁਸਾਰ, ਲਾਗੂ ਕਰਨ ਦੇ ਉਪਾਵਾਂ ਨੂੰ ਮਜ਼ਬੂਤ ਕਰਨ ਤੋਂ ਬਾਅਦ ਭਾਰਤ ਲਈ ਟੈਰਿਫ ਦਰ 12.5 ਫੀਸਦੀ ਤੋਂ ਘਟਾ ਕੇ 10 ਫੀਸਦੀ ਕਰ ਦਿੱਤੀ ਗਈ ਹੈ। 24 ਜੁਲਾਈ ਨੂੰ ਐਲਾਨੇ ਗਏ ਇਹ ਟੈਰਿਫ, ਯੂਰਪੀਅਨ ਯੂਨੀਅਨ ਸਮੇਤ ਕਈ ਹੋਰ ਪ੍ਰਮੁੱਖ ਵਪਾਰਕ ਦੇਸ਼ਾਂ 'ਤੇ ਵੀ ਲਾਗੂ ਹੁੰਦੇ ਹਨ।

ਨਿਊਯਾਰਕ ਅਤੇ ਓਰੇਗਨ ਸਮੇਤ 25 ਰਾਜਾਂ ਦਾ ਤਰਕ ਹੈ ਕਿ ਟਰੰਪ ਪ੍ਰਸ਼ਾਸਨ ਆਪਣੇ ਕਾਨੂੰਨੀ ਅਧਿਕਾਰ ਖੇਤਰ ਤੋਂ ਬਾਹਰ ਕੰਮ ਕਰ ਰਿਹਾ ਹੈ। ਰਾਜਾਂ ਦਾ ਦੋਸ਼ ਹੈ ਕਿ ਪ੍ਰਸ਼ਾਸਨ "ਜ਼ਬਰਦਸਤੀ ਮਜ਼ਦੂਰੀ" ਨੂੰ ਉਨ੍ਹਾਂ ਟੈਰਿਫਾਂ ਨੂੰ ਦੁਬਾਰਾ ਲਾਗੂ ਕਰਨ ਦੇ ਬਹਾਨੇ ਵਜੋਂ ਵਰਤ ਰਿਹਾ ਹੈ, ਜਿਨ੍ਹਾਂ ਨੂੰ ਅਦਾਲਤਾਂ ਨੇ ਪਹਿਲਾਂ ਗੈਰ-ਕਾਨੂੰਨੀ ਐਲਾਨਿਆ ਸੀ। ਇੱਕ ਸਖ਼ਤ ਰੁਖ਼ ਅਪਣਾਉਂਦੇ ਹੋਏ, ਓਰੇਗਨ ਦੇ ਅਟਾਰਨੀ ਜਨਰਲ ਡੈਨ ਰੇਫੀਲਡ ਨੇ ਕਿਹਾ, "ਹਰ ਮੋੜ 'ਤੇ ਹਾਰਨ ਦੇ ਬਾਵਜੂਦ ਟਰੰਪ ਇੱਕ ਵਾਰ ਫਿਰ ਕੰਮ ਕਰਨ ਵਾਲੇ ਪਰਿਵਾਰਾਂ ਅਤੇ ਸਥਾਨਕ ਕਾਰੋਬਾਰਾਂ 'ਤੇ ਹਫੜਾ-ਦਫੜੀ ਮਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।"

ਦੂਜੇ ਪਾਸੇ, ਅਮਰੀਕੀ ਵਪਾਰ ਪ੍ਰਤੀਨਿਧੀ (ਯੂ.ਐੱਸ.ਟੀ.ਆਰ.) ਜੈਮੀਸਨ ਗ੍ਰੀਰ ਨੇ ਟੈਰਿਫਾਂ ਦਾ ਬਚਾਅ ਕੀਤਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਜ਼ਬਰਦਸਤੀ ਮਜ਼ਦੂਰੀ ਨਾਲ ਬਣੀਆਂ ਚੀਜ਼ਾਂ 'ਤੇ ਆਯਾਤ ਪਾਬੰਦੀਆਂ ਲਗਭਗ ਇੱਕ ਸਦੀ ਤੋਂ ਲਾਗੂ ਹਨ ਅਤੇ ਸਾਡੇ ਵਪਾਰਕ ਭਾਈਵਾਲਾਂ ਲਈ ਵੀ ਅਜਿਹਾ ਕਰਨ ਦਾ ਸਮਾਂ ਆ ਗਿਆ ਹੈ।

ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਟਰੰਪ ਦੇ ਟੈਰਿਫਾਂ ਨੂੰ ਅਦਾਲਤ ਵਿਚ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਪਹਿਲਾਂ, ਅਮਰੀਕੀ ਸੁਪਰੀਮ ਕੋਰਟ ਅਤੇ ਹੋਰ ਅਦਾਲਤਾਂ ਨੇ ਟਰੰਪ ਦੇ ਗਲੋਬਲ ਟੈਰਿਫ ਪਹਿਲਕਦਮੀਆਂ ਨੂੰ ਗੈਰ-ਕਾਨੂੰਨੀ ਘੋਸ਼ਿਤ ਕੀਤਾ ਸੀ। ਇਨ੍ਹਾਂ ਨਿਆਂਇਕ ਝਟਕਿਆਂ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਹੁਣ '1974 ਦੇ ਵਪਾਰ ਐਕਟ ਦੀ ਧਾਰਾ 301' ਦੀ ਵਰਤੋਂ ਕੀਤੀ ਹੈ, ਇੱਕ ਵਿਵਸਥਾ ਜੋ ਇਤਿਹਾਸਕ ਤੌਰ 'ਤੇ ਖਾਸ ਦੇਸ਼ਾਂ ਦੇ ਅਨੁਚਿਤ ਵਪਾਰਕ ਅਭਿਆਸਾਂ ਨੂੰ ਨਿਸ਼ਾਨਾ ਬਣਾਉਣ ਲਈ ਵਰਤੀ ਜਾਂਦੀ ਹੈ।

ਹਾਲਾਂਕਿ 60 ਦੇਸ਼ ਪ੍ਰਭਾਵਿਤ ਹੋਏ ਹਨ, ਤੇਲ, ਕੁਦਰਤੀ ਗੈਸ ਅਤੇ ਖਾਦਾਂ ਵਰਗੇ ਉਤਪਾਦਾਂ ਨਾਲ ਹੀ ਅਮਰੀਕਾ-ਮੈਕਸੀਕੋ-ਕੈਨੇਡਾ ਸਮਝੌਤੇ (ਯੂ.ਐੱਸ.ਐੱਮ.ਸੀ.ਏ.) ਦੇ ਅਧੀਨ ਆਉਣ ਵਾਲੀਆਂ ਕੁਝ ਚੀਜ਼ਾਂ ਨੂੰ ਵਰਤਮਾਨ ਵਿਚ ਇਨ੍ਹਾਂ ਨਵੇਂ ਟੈਰਿਫਾਂ ਤੋਂ ਛੋਟ ਦਿੱਤੀ ਗਈ ਹੈ। ਹੁਣ ਸਾਰੀਆਂ ਨਜ਼ਰਾਂ ਅਦਾਲਤ ਦੇ ਫੈਸਲੇ 'ਤੇ ਹਨ, ਜੋ ਇਹ ਨਿਰਧਾਰਤ ਕਰੇਗਾ ਕਿ ਕੀ ਟਰੰਪ ਦੀ 'ਟੈਰਿਫ ਰਣਨੀਤੀ' ਕਾਇਮ ਰਹੇਗੀ ਜਾਂ ਕੀ ਉਸ ਨੂੰ ਇੱਕ ਹੋਰ ਕਾਨੂੰਨੀ ਹਾਰ ਦਾ ਸਾਹਮਣਾ ਕਰਨਾ ਪਵੇਗਾ।

# ਹੁਨਰਮੰਦਾਂ ਲਈ ਆਸਟ੍ਰੇਲੀਆ ਨੇ ਖੋਲ੍ਹੇ ਦਰਵਾਜ਼ੇ

**■ ਆਸਟ੍ਰੇਲੀਆ ਦੀ ਨਵੀਂ ਪਰਵਾਸ ਯੋਜਨਾ ਤਹਿਤ 1.85 ਲੱਖ ਹੁਨਰਮੰਦਾਂ ਨੂੰ ਮਿਲੇਗੀ ਪੀ.ਆਰ.**

**■ ਸਾਲ 2026-27 ਲਈ 1 ਲੱਖ 85 ਹਜ਼ਾਰ ਪੀ.ਆਰ. ਦਾ ਕੋਟਾ ਨਿਰਧਾਰਤ**

ਸਿਡਨੀ, (ਪੰਜਾਬ ਮੇਲ)- ਆਸਟ੍ਰੇਲੀਆ ਸਰਕਾਰ ਨੇ ਸਾਲ 2026-27 ਦੇ ਪਰਵਾਸ ਪ੍ਰੋਗਰਾਮ ਲਈ ਆਪਣੀਆਂ ਨਵੀਆਂ ਤਰਜੀਹਾਂ ਸਪੱਸ਼ਟ ਕਰ ਦਿੱਤੀਆਂ ਹਨ। ਸਰਕਾਰ ਦਾ ਮੁੱਖ ਧਿਆਨ ਹੁਣ ਉਨ੍ਹਾਂ ਖੇਤਰਾਂ 'ਤੇ ਹੈ, ਜਿੱਥੇ ਹੁਨਰਮੰਦ ਕਰਮਚਾਰੀਆਂ ਦੀ ਸਭ ਤੋਂ ਵੱਧ ਘਾਟ ਹੈ। ਸਰਕਾਰੀ ਅੰਕੜਿਆਂ ਅਨੁਸਾਰ ਨਵੇਂ ਵਿੱਤੀ ਸਾਲ ਲਈ ਸਥਾਈ ਪਰਵਾਸ (ਪਰਮਾਨੈਂਟ ਮਾਈਗ੍ਰੇਸ਼ਨ ਪ੍ਰੋਗਰਾਮ) ਦਾ ਕੋਟਾ 1,85,000 ਰੱਖਿਆ ਗਿਆ ਹੈ। ਇਨ੍ਹਾਂ ਵਿਚੋਂ 1,32,200 ਤੋਂ ਵੱਧ ਥਾਵਾਂ ਹੁਨਰਮੰਦ ਪ੍ਰਵਾਸੀਆਂ ਲਈ ਹਨ, ਜਦੋਂ ਕਿ ਬਾਕੀ ਪਰਿਵਾਰਕ ਅਤੇ ਹੋਰ ਵੀਜ਼ਾ ਸ਼੍ਰੇਣੀਆਂ ਲਈ ਨਿਰਧਾਰਤ ਕੀਤੀਆਂ ਗਈਆਂ ਹਨ।

ਸਿਹਤ, ਬਜ਼ੁਰਗਾਂ ਦੀ ਦੇਖਭਾਲ, ਨਿਰਮਾਣ, ਸਿੱਖਿਆ, ਇੰਜੀਨੀਅਰਿੰਗ, ਆਈ.ਟੀ. ਅਤੇ ਖੇਤਰੀ ਇਲਾਕਿਆਂ ਵਿਚ ਕੰਮ ਕਰਨ ਵਾਲੇ ਯੋਗ ਉਮੀਦਵਾਰਾਂ ਨੂੰ ਵੀਜ਼ਾ ਪ੍ਰਕਿਰਿਆ ਵਿਚ ਪਹਿਲ ਦਿੱਤੀ ਜਾਵੇਗੀ। ਗ੍ਰਹਿ ਮੰਤਰੀ ਟੋਨੀ ਬਰਕ ਨੇ ਕਿਹਾ ਕਿ, "ਆਸਟ੍ਰੇਲੀਆ ਦੀ ਪਰਵਾਸ ਪ੍ਰਣਾਲੀ ਦਾ ਉਦੇਸ਼ ਸਿਰਫ਼ ਗਿਣਤੀ ਵਧਾਉਣਾ ਨਹੀਂ, ਸਗੋਂ ਦੇਸ਼ ਦੀ ਆਰਥਿਕਤਾ ਅਤੇ ਰੁਜ਼ਗਾਰ ਬਾਜ਼ਾਰ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ।" ਉਨ੍ਹਾਂ ਕਿਹਾ ਕਿ ਜਿਨ੍ਹਾਂ ਖੇਤਰਾਂ ਵਿਚ ਕਰਮਚਾਰੀਆਂ ਦੀ ਘਾਟ ਹੈ, ਉੱਥੇ ਹੁਨਰਮੰਦ ਲੋਕਾਂ ਨੂੰ ਪਹਿਲ ਮਿਲਣ ਨਾਲ ਹਸਪਤਾਲਾਂ, ਉਸਾਰੀ ਅਤੇ ਖੇਤਰੀ ਭਾਈਚਾਰਿਆਂ ਨੂੰ ਵੱਡਾ ਲਾਭ ਮਿਲੇਗਾ।ਇਸੇ ਦੌਰਾਨ ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ ਦੀ ਰਿਪੋਰਟ ਨੇ ਵਿਸ਼ੇਸ਼ ਧਿਆਨ ਖਿੱਚਿਆ ਹੈ। ਰਿਪੋਰਟ ਮੁਤਾਬਕ ਪਿਛਲੇ ਸਾਲਾਂ ਵਿਚ ਪਰਵਾਸ ਪ੍ਰੋਗਰਾਮ ਦੀਆਂ ਸਿਰਫ਼ 12 ਫ਼ੀਸਦੀ ਥਾਵਾਂ ਹੀ ਸਿੱਧੇ ਵਿਦੇਸ਼ਾਂ ਤੋਂ ਆਉਣ ਵਾਲੇ ਹੁਨਰਮੰਦ ਉਮੀਦਵਾਰਾਂ ਨੂੰ ਮਿਲੀਆਂ, ਜਦੋਂ ਕਿ ਬਾਕੀ ਜ਼ਿਆਦਾਤਰ ਥਾਵਾਂ ਪਹਿਲਾਂ ਹੀ ਆਸਟ੍ਰੇਲੀਆ ਵਿਚ ਮੌਜੂਦ ਅਸਥਾਈ ਵੀਜ਼ਾ ਧਾਰਕਾਂ ਨੂੰ ਸਥਾਈ ਨਿਵਾਸ ਦੇਣ ਲਈ ਵਰਤੀਆਂ ਗਈਆਂ। ਮਾਹਿਰਾਂ ਦਾ ਮੰਨਣਾ ਹੈ ਕਿ ਨਵੀਂ ਨੀਤੀ ਨਾਲ ਦੇਸ਼ ਵਿਚ ਹੁਨਰਮੰਦ ਕਰਮਚਾਰੀਆਂ ਦੀ ਘਾਟ ਦੂਰ ਕਰਨ ਵਿਚ ਅਹਿਮ ਮਦਦ ਮਿਲੇਗੀ, ਪਰ ਨਾਲ ਹੀ ਵਿਦੇਸ਼ਾਂ ਤੋਂ ਅਰਜ਼ੀ ਦੇਣ ਵਾਲੇ ਨਵੇਂ ਉਮੀਦਵਾਰਾਂ ਲਈ ਮੁਕਾਬਲਾ ਪਹਿਲਾਂ ਨਾਲੋਂ ਕਾਫ਼ੀ ਸਖ਼ਤ ਹੋ ਸਕਦਾ ਹੈ।

# ਟੋਰਾਂਟੋ ਪੁਲਿਸ ਵੱਲੋਂ ਠੱਗੀ ਮਾਰਨ ਦੇ ਦੋਸ਼ 'ਚ ਭਾਰਤੀ 'ਜੋਤਸ਼ੀ' ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ

**● ਕੈਨੇਡਾ 'ਚ 8 ਲੱਖ ਡਾਲਰ ਤੋਂ ਵੱਧ ਦੀ ਠੱਗੀ ਮਾਰਨ ਤੋਂ ਬਾਅਦ ਹੋਇਆ ਫਰਾਰ; ਪੁਲਿਸ ਵੱਲੋਂ ਭਾਲ ਜਾਰੀ**

ਟੋਰਾਂਟੋ, (ਪੰਜਾਬ ਮੇਲ)- ਟੋਰਾਂਟੋ ਪੁਲਿਸ ਨੇ ਇੱਕ 29 ਸਾਲਾ ਵਿਅਕਤੀ ਵਿਰੁੱਧ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਹੈ, ਜਿਸ 'ਤੇ ਖੁਦ ਨੂੰ ਜੋਤਸ਼ੀ ਅਤੇ ਰੂਹਾਨੀ ਮਾਹਰ ਦੱਸ ਕੇ ਇੱਕ ਵਿਅਕਤੀ ਨਾਲ ਲਗਭਗ 8 ਲੱਖ ਡਾਲਰ ਤੋਂ ਵੱਧ ਦੀ ਠੱਗੀ ਮਾਰਨ ਦਾ ਦੋਸ਼ ਹੈ। ਦੋਸ਼ੀ ਦੀ ਪਛਾਣ ਗੰਗਾਧਰ ਬਾਬੂ ਵਜੋਂ ਹੋਈ ਹੈ, ਜੋ ਕੈਨੇਡਾ ਤੋਂ ਫਰਾਰ ਹੋ ਚੁੱਕਾ ਹੈ ਤੇ ਪੁਲਿਸ ਨੂੰ ਸ਼ੱਕ ਹੈ ਕਿ ਉਹ ਭਾਰਤ ਵਾਪਸ ਆ ਗਿਆ ਹੈ। ਪੁਲਿਸ ਅਨੁਸਾਰ ਇਹ ਧੋਖਾਧੜੀ ਅਪ੍ਰੈਲ 2024 ਤੋਂ ਸਤੰਬਰ 2025 ਦੇ ਵਿਚਕਾਰ ਹੋਈ। ਬਾਬੂ ਨੇ 'ਇੰਡੀਅਨ ਸਾਈਕਿਕ ਐਂਡ ਸਪਿਰਿਚੁਅਲ ਹੀਲਰ' ਨਾਮ ਹੇਠ ਆਪਣਾ ਕਾਰੋਬਾਰ ਚਲਾਇਆ ਤੇ ਪੀੜਤ ਦਾ ਭਰੋਸਾ ਜਿੱਤਣ ਲਈ ਅਲੌਕਿਕ ਸ਼ਕਤੀਆਂ ਦਾ ਦਾਅਵਾ ਕੀਤਾ। ਜਾਂਚਕਰਤਾਵਾਂ ਨੇ ਦੱਸਿਆ ਕਿ ਦੋਸ਼ੀ ਨੇ ਪੀੜਤ ਨੂੰ ਇਹ ਕਹਿ ਕੇ ਡਰਾਇਆ ਕਿ ਜੇਕਰ ਉਸ ਨੇ 'ਅਧਿਆਤਮਿਕ ਸੁਰੱਖਿਆ' ਲਈ ਭੁਗਤਾਨ ਨਹੀਂ ਕੀਤਾ, ਤਾਂ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਮੌਤ ਜਾਂ ਗੰਭੀਰ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਡਰ ਕਾਰਨ ਪੀੜਤ ਨੇ ਲੰਬੇ ਸਮੇਂ ਤੱਕ ਵੱਡੀ ਰਕਮ ਉਸ ਨੂੰ ਟ੍ਰਾਂਸਫਰ ਕੀਤੀ। ਗੰਗਾਧਰ ਬਾਬੂ 'ਤੇ 5,000 ਡਾਲਰ ਤੋਂ ਵੱਧ ਦੀ ਧੋਖਾਧੜੀ, ਅਪਰਾਧ ਦੀ ਕਮਾਈ ਰੱਖਣ ਤੇ ਮਨੀ ਲਾਂਡਰਿੰਗ ਦੇ ਦੋਸ਼ ਲਗਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਦੋਸ਼ੀ ਦਾ ਕੱਦ ਲਗਭਗ 5 ਫੁੱਟ 6 ਇੰਚ ਹੈ, ਉਹ ਪਤਲੇ ਸਰੀਰ ਦਾ ਹੈ, ਉਸ ਦੇ ਵਾਲ ਕਾਲੇ ਅਤੇ ਘੁੰਗਰਾਲੇ ਹਨ ਅਤੇ ਉਸ ਦੇ ਮੂਹਰਲੇ ਦੰਦਾਂ ਵਿਚ ਇੱਕ ਨਜ਼ਰ ਆਉਣ ਵਾਲਾ ਫਰਕ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਕੈਨੇਡਾ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਮੀਗ੍ਰੇਸ਼ਨ ਨਿਯਮਾਂ 'ਚ ਬਦਲਾਅ

ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਦੀ ਮਾਰਕ ਕਾਰਨੀ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਲਈ ਇਮੀਗ੍ਰੇਸ਼ਨ ਨਿਯਮਾਂ ਵਿਚ ਵੱਡੇ ਬਦਲਾਅ ਕੀਤੇ ਹਨ। ਸਰਕਾਰ ਨੇ ਇਹ ਬਦਲਾਅ ਅਲਬਰਟਾ ਸੂਬੇ ਦੇ ਕੈਲਗਰੀ ਵਿਚ ਪੋਰਟੇਜ ਕਾਲਜ ਵਿਵਾਦ ਤੋਂ ਸਬਕ ਲੈਂਦੇ ਹੋਏ ਕੀਤੇ ਹਨ। ਇਮੀਗ੍ਰੇਸ਼ਨ ਸਬੰਧੀ ਨਵੇਂ ਨਿਯਮ ਸਭ ਤੋਂ ਵੱਧ ਭਾਰਤੀ ਖ਼ਾਸ ਕਰਕੇ ਪੰਜਾਬੀ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਨਗੇ। ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਭ ਤੋਂ ਵੱਡੀ ਆਬਾਦੀ ਭਾਰਤ ਤੋਂ ਹੈ। ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ (ਆਈ.ਆਰ.ਸੀ.ਸੀ.) ਨੇ ਸਟੱਡੀ ਪਰਮਿਟ ਅਤੇ ਪੋਸਟ-ਗ੍ਰੈਜੂਏਟ ਵਰਕ ਪਰਮਿਟ ਪ੍ਰੋਗਰਾਮ (ਪੀ.ਜੀ.ਡਬਲਯੂ.ਪੀ.ਪੀ.) ਦੇ ਪੁਰਾਣੇ ਨਿਯਮਾਂ ਨੂੰ ਰੱਦ ਕਰ ਦਿੱਤਾ ਹੈ। ਪੋਰਟੇਜ ਕਾਲਜ ਵਿਵਾਦ ਤੋਂ ਬਾਅਦ ਪੀ.ਜੀ.ਡਬਲਯੂ.ਪੀ.ਪੀ. ਯੋਗਤਾ ਅਤੇ ਕਾਲਜਾਂ ਦੇ ਅਨੁਪਾਲਨ ਸਬੰਧੀ ਦਿਸ਼ਾ-ਨਿਰਦੇਸ਼ਾਂ ਨੂੰ ਸਖ਼ਤ ਕਰ ਦਿੱਤਾ ਗਿਆ ਹੈ।



ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



# 2028 ਦੀ ਡੈਮੋਕ੍ਰੈਟਿਕ ਰਾਸ਼ਟਰਪਤੀ ਉਮੀਦਵਾਰੀ ਲਈ ਮੁਕਾਬਲਾ ਤੇਜ਼

# ਕਮਲਾ ਹੈਰਿਸ ਰਾਸ਼ਟਰੀ ਸਰਵੇਖਣਾਂ ਵਿਚ ਅੱਗੇ ਪਰ ਏ.ਓ.ਸੀ., ਗੈਵਿਨ ਨਿਊਸਮ ਅਤੇ ਪੀਟ ਬੁੱਟੀਜੀਜ ਬਣੇ ਵੱਡੇ ਚੁਣੌਤੀਕਾਰ









ਦੂਜੇ ਪਾਸੇ ਰਾਸ਼ਟਰੀ ਸਰਵੇਖਣਾਂ ਦੀ ਔਸਤ ਇੱਕ ਵੱਖਰੀ ਤਸਵੀਰ ਪੇਸ਼ ਕਰਦੀ ਹੈ। ਉਨ੍ਹਾਂ ਵਿਚ ਕਮਲਾ ਹੈਰਿਸ ਲਗਭਗ 28 ਫੀਸਦੀ ਸਮਰਥਨ ਨਾਲ ਪਹਿਲੇ ਸਥਾਨ 'ਤੇ ਹਨ। ਗੈਵਿਨ ਨਿਊਸਮ ਦੂਜੇ, ਪੀਟ ਬੁੱਟੀਜੀਜ ਤੀਜੇ ਅਤੇ ਏ.ਓ.ਸੀ. ਚੌਥੇ ਸਥਾਨ 'ਤੇ ਦਿਖਾਈ ਦਿੰਦੇ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕਮਲਾ ਹੈਰਿਸ ਦੀ ਰਾਸ਼ਟਰੀ ਪਛਾਣ ਅਤੇ ਉਪ ਰਾਸ਼ਟਰਪਤੀ ਵਜੋਂ ਤਜ਼ਰਬਾ ਅਜੇ ਵੀ ਉਨ੍ਹਾਂ ਨੂੰ ਵੱਡਾ ਫਾਇਦਾ ਦੇ ਰਿਹਾ ਹੈ, ਹਾਲਾਂਕਿ ਮੁਹਿੰਮ ਸ਼ੁਰੂ ਹੋਣ ਤੋਂ ਬਾਅਦ ਇਹ ਤਸਵੀਰ ਬਦਲ ਵੀ ਸਕਦੀ ਹੈ।

ਅਮਰੀਕਾ ਦੀਆਂ ਅਗਲੀਆਂ ਰਾਸ਼ਟਰਪਤੀ ਚੋਣਾਂ ਵਿਚ ਅਜੇ ਦੋ ਸਾਲ ਤੋਂ ਵੱਧ ਸਮਾਂ ਬਾਕੀ ਹੈ, ਪਰ ਡੈਮੋਕ੍ਰੈਟਿਕ ਪਾਰਟੀ ਦੇ ਅੰਦਰ ਅਗਲੇ ਰਾਸ਼ਟਰਪਤੀ ਉਮੀਦਵਾਰ ਨੂੰ ਲੈ ਕੇ ਚਰਚਾ ਹੁਣੇ ਤੋਂ ਹੀ ਤੇਜ਼ ਹੋ ਚੁੱਕੀ ਹੈ। ਵੱਖ-ਵੱਖ ਰਾਸ਼ਟਰੀ ਸਰਵੇਖਣਾਂ ਅਤੇ ਰਾਜਨੀਤਿਕ ਵਿਸ਼ਲੇਸ਼ਣਾਂ ਨੇ ਇਹ ਸੰਕੇਤ ਦੇਣਾ ਸ਼ੁਰੂ ਕਰ ਦਿੱਤਾ ਹੈ ਕਿ ਪਾਰਟੀ ਦੀ ਅਗਲੀ ਲੀਡਰਸ਼ਿਪ ਲਈ ਕਈ ਵੱਡੇ ਚਿਹਰਿਆਂ ਵਿਚਾਲੇ ਸਖ਼ਤ ਮੁਕਾਬਲਾ ਹੋ ਸਕਦਾ ਹੈ। ਅੱਜ ਅਸੀਂ ਜਾਣਾਂਗੇ ਕਿ ਕਿਹੜੇ ਆਗੂ ਇਸ ਦੌੜ ਵਿਚ ਸਭ ਤੋਂ ਅੱਗੇ ਦਿਖਾਈ ਦੇ ਰਹੇ ਹਨ, ਕਿਸ ਦੀਆਂ ਮਜ਼ਬੂਤੀਆਂ ਕੀ ਹਨ ਅਤੇ ਕਿਹੜੇ ਕਾਰਕ 2028 ਦੀ ਡੈਮੋਕ੍ਰੈਟਿਕ ਪ੍ਰਾਇਮਰੀ ਦੀ ਦਿਸ਼ਾ ਤੈਅ ਕਰ ਸਕਦੇ ਹਨ।

ਅਮਰੀਕਾ ਵਿਚ 2028 ਦੀਆਂ ਰਾਸ਼ਟਰਪਤੀ ਚੋਣਾਂ ਨੂੰ ਅਜੇ ਸਮਾਂ ਬਾਕੀ ਹੈ ਅਤੇ ਡੈਮੋਕ੍ਰੈਟਿਕ ਪਾਰਟੀ ਵੱਲੋਂ ਕਿਸੇ ਨੇ ਵੀ ਅਧਿਕਾਰਕ ਤੌਰ 'ਤੇ ਆਪਣੀ ਦਾਅਵੇਦਾਰੀ ਦਾ ਐਲਾਨ ਨਹੀਂ ਕੀਤਾ। ਫਿਰ ਵੀ ਰਾਸ਼ਟਰੀ ਮੀਡੀਆ, ਸਰਵੇਖਣ ਏਜੰਸੀਆਂ ਅਤੇ ਰਾਜਨੀਤਿਕ ਵਿਸ਼ਲੇਸ਼ਕ ਸੰਭਾਵੀ ਉਮੀਦਵਾਰਾਂ ਦੀ ਤਾਕਤ ਦਾ ਅੰਦਾਜ਼ਾ ਲਗਾਉਣ ਲੱਗੇ ਹਨ। ਹੁਣ ਤੱਕ ਸਾਹਮਣੇ ਆਏ ਸਰਵੇਖਣ ਇਹ ਦੱਸਦੇ ਹਨ ਕਿ ਪਾਰਟੀ ਕੋਲ ਕੋਈ ਇੱਕ ਸਰਬਸੰਮਤੀ ਵਾਲਾ ਆਗੂ ਨਹੀਂ ਹੈ। ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਰਾਸ਼ਟਰੀ ਸਰਵੇਖਣਾਂ ਵਿਚ ਅੱਗੇ ਹਨ, ਪਰ ਨਿਊ ਹੈਂਪਸ਼ਾਇਰ ਵਰਗੇ ਅਹਿਮ ਸ਼ੁਰੂਆਤੀ ਪ੍ਰਾਇਮਰੀ ਰਾਜ ਵਿਚ ਅਲੈਕਜ਼ੈਂਡਰੀਆ ਓਕਾਸਿਓ-ਕੋਰਟੇਜ਼ (ਏ.ਓ.ਸੀ.) ਅਤੇ ਪੀਟ ਬੁੱਟੀਜੀਜ ਸਭ ਤੋਂ ਅੱਗੇ ਨਜ਼ਰ ਆ ਰਹੇ ਹਨ। ਇਸ ਤੋਂ ਇਲਾਵਾ ਗੈਵਿਨ ਨਿਊਸਮ, ਮਾਰਕ ਕੈਲੀ, ਜੋਸ਼ ਸ਼ੈਪੀਰੋ, ਵੇਸ ਮੂਰ ਅਤੇ ਹੋਰ ਕਈ ਚਿਹਰੇ ਵੀ ਸੰਭਾਵੀ ਦਾਅਵੇਦਾਰ ਮੰਨੇ ਜਾ ਰਹੇ ਹਨ।

ਸਭ ਤੋਂ ਵੱਧ ਚਰਚਾ ਉਸ ਸਰਵੇਖਣ ਦੀ ਹੋਈ, ਜਿਸ ਵਿਚ ਨਿਊ ਹੈਂਪਸ਼ਾਇਰ ਦੇ ਸੰਭਾਵੀ ਡੈਮੋਕ੍ਰੈਟਿਕ ਵੋਟਰਾਂ ਨੇ ਏ.ਓ.ਸੀ. ਨੂੰ 22 ਫੀਸਦੀ ਅਤੇ ਪੀਟ ਬੁੱਟੀਜੀਜ ਨੂੰ 21 ਫੀਸਦੀ ਸਮਰਥਨ ਦਿੱਤਾ। ਇਸੇ ਸਰਵੇਖਣ ਵਿਚ ਮਾਰਕ ਕੈਲੀ ਨੂੰ 9 ਫੀਸਦੀ, ਗੈਵਿਨ ਨਿਊਸਮ ਨੂੰ 8 ਫੀਸਦੀ, ਬਰਨੀ ਸੈਂਡਰਜ਼ ਨੂੰ 6 ਫੀਸਦੀ ਅਤੇ ਕਮਲਾ ਹੈਰਿਸ ਨੂੰ 5 ਫੀਸਦੀ ਸਮਰਥਨ ਮਿਲਿਆ। ਹਾਲਾਂਕਿ ਇਹ ਪੂਰੇ ਅਮਰੀਕਾ ਦਾ ਸਰਵੇਖਣ ਨਹੀਂ ਸੀ, ਪਰ ਨਿਊ ਹੈਂਪਸ਼ਾਇਰ ਦੀ ਸ਼ੁਰੂਆਤੀ ਪ੍ਰਾਇਮਰੀ ਨੂੰ ਦੇਖਦਿਆਂ ਇਸ ਨੂੰ ਕਾਫ਼ੀ ਮਹੱਤਵ ਦਿੱਤਾ ਜਾ ਰਿਹਾ ਹੈ, ਕਿਉਂਕਿ ਇੱਥੇ ਦੀ ਜਿੱਤ ਕਿਸੇ ਵੀ ਉਮੀਦਵਾਰ ਨੂੰ ਰਾਸ਼ਟਰੀ ਪੱਧਰ 'ਤੇ ਤੇਜ਼ੀ ਨਾਲ ਅੱਗੇ ਲਿਆ ਸਕਦੀ ਹੈ।

ਦੂਜੇ ਪਾਸੇ ਰਾਸ਼ਟਰੀ ਸਰਵੇਖਣਾਂ ਦੀ ਔਸਤ ਇੱਕ ਵੱਖਰੀ ਤਸਵੀਰ ਪੇਸ਼ ਕਰਦੀ ਹੈ। ਉਨ੍ਹਾਂ ਵਿਚ ਕਮਲਾ ਹੈਰਿਸ ਲਗਭਗ 28 ਫੀਸਦੀ ਸਮਰਥਨ ਨਾਲ ਪਹਿਲੇ ਸਥਾਨ 'ਤੇ ਹਨ। ਗੈਵਿਨ ਨਿਊਸਮ ਦੂਜੇ, ਪੀਟ ਬੁੱਟੀਜੀਜ ਤੀਜੇ ਅਤੇ ਏ.ਓ.ਸੀ. ਚੌਥੇ ਸਥਾਨ 'ਤੇ ਦਿਖਾਈ ਦਿੰਦੇ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕਮਲਾ ਹੈਰਿਸ ਦੀ ਰਾਸ਼ਟਰੀ ਪਛਾਣ ਅਤੇ ਉਪ ਰਾਸ਼ਟਰਪਤੀ ਵਜੋਂ ਤਜ਼ਰਬਾ ਅਜੇ ਵੀ ਉਨ੍ਹਾਂ ਨੂੰ ਵੱਡਾ ਫਾਇਦਾ ਦੇ ਰਿਹਾ ਹੈ, ਹਾਲਾਂਕਿ ਮੁਹਿੰਮ ਸ਼ੁਰੂ ਹੋਣ ਤੋਂ ਬਾਅਦ ਇਹ ਤਸਵੀਰ ਬਦਲ ਵੀ ਸਕਦੀ ਹੈ।

ਕਮਲਾ ਹੈਰਿਸ ਦੀ ਸਭ ਤੋਂ ਵੱਡੀ ਤਾਕਤ ਡੈਮੋਕ੍ਰੈਟਿਕ ਪਾਰਟੀ ਦੇ ਕਾਲੇ ਵੋਟਰਾਂ ਵਿਚ ਉਨ੍ਹਾਂ ਦੀ ਮਜ਼ਬੂਤ ਪਕੜ ਮੰਨੀ ਜਾਂਦੀ ਹੈ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਦੱਖਣੀ ਕੈਰੋਲੀਨਾ ਸਮੇਤ ਕਈ ਦੱਖਣੀ ਰਾਜਾਂ ਵਿਚ ਕਾਲੇ ਵੋਟਰ ਪ੍ਰਾਇਮਰੀ ਨਤੀਜਿਆਂ 'ਤੇ ਵੱਡਾ ਪ੍ਰਭਾਵ ਪਾ ਸਕਦੇ ਹਨ। ਇਸ ਤੋਂ ਇਲਾਵਾ ਰਾਸ਼ਟਰੀ ਪੱਧਰ 'ਤੇ ਚੋਣ ਲੜਨ, ਵੱਡੇ ਪੱਧਰ 'ਤੇ ਫੰਡ ਇਕੱਠਾ ਕਰਨ ਅਤੇ ਦੇਸ਼ ਭਰ ਵਿਚ ਸੰਗਠਨ ਖੜ੍ਹਾ ਕਰਨ ਦਾ ਤਜ਼ਰਬਾ ਵੀ ਉਨ੍ਹਾਂ ਦੇ ਹੱਕ ਵਿਚ ਜਾਂਦਾ ਹੈ। ਪਰ ਦੂਜੇ ਪਾਸੇ 2024 ਦੀ ਚੋਣੀ ਮੁਹਿੰਮ ਅਤੇ ਪਿਛਲੇ ਪ੍ਰਸ਼ਾਸਨ ਦੇ ਰਿਕਾਰਡ ਨੂੰ ਲੈ ਕੇ ਉਨ੍ਹਾਂ ਨੂੰ ਸਖ਼ਤ ਸਵਾਲਾਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਪਾਰਟੀ ਦੇ ਅੰਦਰ ਇੱਕ ਧੜਾ ਇਹ ਵੀ ਮੰਨਦਾ ਹੈ ਕਿ ਹੁਣ ਡੈਮੋਕ੍ਰੈਟਿਕ ਪਾਰਟੀ ਨੂੰ ਇੱਕ ਨਵੇਂ ਚਿਹਰੇ ਅਤੇ ਨਵੀਂ ਦਿਸ਼ਾ ਦੀ ਲੋੜ ਹੈ।

ਏ.ਓ.ਸੀ. ਨੂੰ ਡੈਮੋਕ੍ਰੈਟਿਕ ਪਾਰਟੀ ਦੇ ਪ੍ਰਗਤੀਸ਼ੀਲ ਧੜੇ ਦੀ ਸਭ ਤੋਂ ਪ੍ਰਭਾਵਸ਼ਾਲੀ ਆਵਾਜ਼ ਮੰਨਿਆ ਜਾਂਦਾ ਹੈ। ਆਰਥਿਕ ਅਸਮਾਨਤਾ, ਸਿਹਤ ਸੇਵਾਵਾਂ, ਜਲਵਾਯੂ ਪਰਿਵਰਤਨ, ਮਜ਼ਦੂਰਾਂ ਦੇ ਹੱਕ ਅਤੇ ਵਿਦਿਆਰਥੀ ਕਰਜ਼ਿਆਂ ਵਰਗੇ ਮੁੱਦਿਆਂ 'ਤੇ ਉਨ੍ਹਾਂ ਦੀ ਸਪੱਸ਼ਟ ਰਾਇ ਨੇ ਉਨ੍ਹਾਂ ਨੂੰ ਨੌਜਵਾਨ ਵੋਟਰਾਂ ਵਿਚ ਬਹੁਤ ਲੋਕਪ੍ਰਿਯ ਬਣਾਇਆ ਹੈ। ਕਈ ਵਿਸ਼ਲੇਸ਼ਕ ਮੰਨਦੇ ਹਨ ਕਿ ਜੇ ਬਰਨੀ ਸੈਂਡਰਜ਼ ਵਰਗੇ ਪ੍ਰਗਤੀਸ਼ੀਲ ਆਗੂ ਉਨ੍ਹਾਂ ਦਾ ਸਮਰਥਨ ਕਰਦੇ ਹਨ, ਤਾਂ ਉਹ ਡੈਮੋਕ੍ਰੈਟਿਕ ਪ੍ਰਾਇਮਰੀ ਵਿਚ ਵੱਡੀ ਤਾਕਤ ਬਣ ਸਕਦੇ ਹਨ। ਹਾਲਾਂਕਿ ਉਨ੍ਹਾਂ ਦੇ ਆਲੋਚਕ ਇਹ ਵੀ ਕਹਿੰਦੇ ਹਨ ਕਿ ਆਮ ਚੋਣ ਵਿਚ ਉਨ੍ਹਾਂ ਦੀਆਂ ਖੱਬੇ ਪੱਖ ਵਾਲੀਆਂ ਨੀਤੀਆਂ ਮੱਧਮਾਰਗੀ ਵੋਟਰਾਂ ਨੂੰ ਦੂਰ ਕਰ ਸਕਦੀਆਂ ਹਨ।

ਪੀਟ ਬੁੱਟੀਜੀਜ ਦੀ ਪਛਾਣ ਇੱਕ ਅਜਿਹੇ ਆਗੂ ਵਜੋਂ ਬਣੀ ਹੈ, ਜੋ ਨਵੀਂ ਪੀੜ੍ਹੀ ਦੀ ਨੁਮਾਇੰਦਗੀ ਕਰਨ ਦੇ ਨਾਲ-ਨਾਲ ਪ੍ਰਸ਼ਾਸਨਿਕ ਤਜ਼ਰਬਾ ਵੀ ਰੱਖਦੇ ਹਨ। 2020 ਦੀ ਪ੍ਰਾਇਮਰੀ ਵਿਚ ਉਨ੍ਹਾਂ ਨੇ ਆਪਣੀ ਮਜ਼ਬੂਤ ਛਾਪ ਛੱਡੀ ਸੀ ਅਤੇ ਬਾਅਦ ਵਿਚ ਟਰਾਂਸਪੋਰਟੇਸ਼ਨ ਸਕੱਤਰ ਵਜੋਂ ਕੰਮ ਕਰਦੇ ਹੋਏ ਰਾਸ਼ਟਰੀ ਪੱਧਰ ਦਾ ਤਜ਼ਰਬਾ ਹਾਸਲ ਕੀਤਾ। ਉਨ੍ਹਾਂ ਦੀ ਬਹਿਸ ਕਰਨ ਦੀ ਸਮਰੱਥਾ, ਮੱਧਮਾਰਗੀ ਸੋਚ ਅਤੇ ਵੱਖ-ਵੱਖ ਧੜਿਆਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਉਨ੍ਹਾਂ ਨੂੰ ਡੈਮੋਕ੍ਰੈਟਿਕ ਪਾਰਟੀ ਦਾ ਇੱਕ ਮਜ਼ਬੂਤ ਦਾਅਵੇਦਾਰ ਬਣਾਉਂਦੀ ਹੈ। ਹਾਲਾਂਕਿ ਉਨ੍ਹਾਂ ਨੂੰ ਕਾਲੇ ਵੋਟਰਾਂ ਅਤੇ ਦੱਖਣੀ ਰਾਜਾਂ ਵਿਚ ਆਪਣਾ ਸਮਰਥਨ ਹੋਰ ਮਜ਼ਬੂਤ ਕਰਨਾ ਪਵੇਗਾ।

ਗੈਵਿਨ ਨਿਊਸਮ ਨੂੰ ਕਈ ਸਾਲਾਂ ਤੋਂ 2028 ਲਈ ਸਭ ਤੋਂ ਮਜ਼ਬੂਤ ਸੰਭਾਵੀ ਉਮੀਦਵਾਰਾਂ ਵਿਚ ਗਿਣਿਆ ਜਾ ਰਿਹਾ ਹੈ। ਕੈਲੀਫੋਰਨੀਆ ਦੇ ਗਵਰਨਰ ਹੋਣ ਦੇ ਨਾਤੇ ਉਨ੍ਹਾਂ ਕੋਲ ਵੱਡਾ ਪ੍ਰਸ਼ਾਸਨਿਕ ਤਜ਼ਰਬਾ, ਦੇਸ਼ ਭਰ ਵਿਚ ਦਾਨਦਾਤਾਵਾਂ ਦਾ ਮਜ਼ਬੂਤ ਨੈੱਟਵਰਕ ਅਤੇ ਰਾਸ਼ਟਰੀ ਪੱਧਰ ਦੀ ਪਛਾਣ ਹੈ। ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਦੇ ਵਿਰੋਧ ਵਿਚ ਉਹ ਲਗਾਤਾਰ ਮੁਖਰ ਰਹੇ ਹਨ, ਜਿਸ ਕਾਰਨ ਡੈਮੋਕ੍ਰੈਟਿਕ ਪਾਰਟੀ ਦੇ ਇੱਕ ਵੱਡੇ ਵਰਗ ਵਿਚ ਉਨ੍ਹਾਂ ਦੀ ਸਵੀਕਾਰਤਾ ਬਣੀ ਹੋਈ ਹੈ। ਪਰ ਕੈਲੀਫੋਰਨੀਆ ਵਿਚ ਮਕਾਨਾਂ ਦੀਆਂ ਵਧਦੀਆਂ ਕੀਮਤਾਂ, ਬੇਘਰ ਲੋਕਾਂ ਦੀ ਸਮੱਸਿਆ, ਉੱਚ ਟੈਕਸ ਅਤੇ ਅਪਰਾਧ ਦੇ ਮੁੱਦੇ ਰਿਪਬਲਿਕਨ ਪਾਰਟੀ ਵੱਲੋਂ ਉਨ੍ਹਾਂ ਖ਼ਿਲਾਫ਼ ਵੱਡਾ ਚੋਣ ਹਥਿਆਰ ਬਣ ਸਕਦੇ ਹਨ।

ਪਿਛਲੇ ਕੁਝ ਮਹੀਨਿਆਂ ਦੌਰਾਨ ਨਿਊਸਮ ਨੇ ਇਹ ਸੰਕੇਤ ਵੀ ਦਿੱਤਾ ਹੈ ਕਿ ਡੈਮੋਕ੍ਰੈਟਿਕ ਪਾਰਟੀ ਨੂੰ ਸਿਰਫ਼ ਵਿਚਾਰਧਾਰਾ ਦੀ ਨਹੀਂ, ਸਗੋਂ ਆਮ ਅਮਰੀਕੀ ਪਰਿਵਾਰਾਂ ਨਾਲ ਮੁੜ ਜੁੜਨ ਦੀ ਲੋੜ ਹੈ। ਇਮੀਗ੍ਰੇਸ਼ਨ, ਅਪਰਾਧ, ਪੁਲਿਸ ਅਤੇ ਜੀਵਨ-ਜੀਵਿਕਾ ਨਾਲ ਜੁੜੇ ਮੁੱਦਿਆਂ 'ਤੇ ਉਨ੍ਹਾਂ ਦੀ ਭਾਸ਼ਾ ਪਹਿਲਾਂ ਨਾਲੋਂ ਵੱਧ ਮੱਧਮਾਰਗੀ ਦਿਖਾਈ ਦੇ ਰਹੀ ਹੈ। ਇਹ ਬਦਲਾਅ ਦੱਸਦਾ ਹੈ ਕਿ ਪਾਰਟੀ ਦੇ ਕਈ ਸੰਭਾਵੀ ਉਮੀਦਵਾਰ 2020 ਦੀਆਂ ਪ੍ਰਾਇਮਰੀਆਂ ਨਾਲੋਂ ਵੱਖਰੀ ਰਣਨੀਤੀ ਅਪਣਾ ਰਹੇ ਹਨ। ਕਮਲਾ ਹੈਰਿਸ ਅਤੇ ਗੈਵਿਨ ਨਿਊਸਮ ਦੋਵੇਂ ਕੈਲੀਫੋਰਨੀਆ ਤੋਂ ਹਨ। ਜੇ ਦੋਵੇਂ 2028 ਵਿਚ ਚੋਣ ਲੜਦੇ ਹਨ, ਤਾਂ ਇੱਕੋ ਰਾਜ ਦੇ ਦਾਨਦਾਤਾਵਾਂ, ਕਾਰਕੁਨਾਂ ਅਤੇ ਪਾਰਟੀ ਆਗੂਆਂ ਦਾ ਸਮਰਥਨ ਵੰਡਿਆ ਜਾ ਸਕਦਾ ਹੈ। ਇਸ ਨਾਲ ਏ.ਓ.ਸੀ., ਪੀਟ ਬੁੱਟੀਜੀਜ ਜਾਂ ਕਿਸੇ ਹੋਰ ਉਮੀਦਵਾਰ ਨੂੰ ਅੱਗੇ ਆਉਣ ਦਾ ਮੌਕਾ ਮਿਲ ਸਕਦਾ ਹੈ। ਇੱਕ ਰੈਂਕਡ-ਚੋਇਸ ਸਰਵੇਖਣ ਵਿਚ ਕਮਲਾ ਹੈਰਿਸ ਅਤੇ ਨਿਊਸਮ ਵਿਚਕਾਰ ਬਹੁਤ ਕਰੀਬੀ ਮੁਕਾਬਲਾ ਸਾਹਮਣੇ ਆਇਆ, ਜਿਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਡੈਮੋਕ੍ਰੈਟਿਕ ਵੋਟਰਾਂ ਵਿਚ ਦੋਵੇਂ ਦੀ ਮਜ਼ਬੂਤ ਪਕੜ ਹੈ।

ਇਸ ਸਰਵੇਖਣ ਦੀ ਇੱਕ ਹੋਰ ਦਿਲਚਸਪ ਗੱਲ ਇਹ ਰਹੀ ਕਿ ਬਹੁਤ ਸਾਰੇ ਵੋਟਰਾਂ ਨੇ ਕਮਲਾ ਹੈਰਿਸ, ਗੈਵਿਨ ਨਿਊਸਮ ਅਤੇ ਪੀਟ ਬੁੱਟੀਜੀਜ ਨੂੰ ਆਪਣੀਆਂ ਪਹਿਲੀਆਂ ਤਿੰਨ ਪਸੰਦਾਂ ਵਿਚ ਰੱਖਿਆ। ਏ.ਓ.ਸੀ. ਦੇ ਸਮਰਥਕਾਂ ਵਿਚ ਵੀ ਕਮਲਾ ਹੈਰਿਸ ਲਈ ਦੂਜੀ ਪਸੰਦ ਦਾ ਰੁਝਾਨ ਦਿਖਾਈ ਦਿੱਤਾ। ਇਸ ਤੋਂ ਸੰਕੇਤ ਮਿਲਦਾ ਹੈ ਕਿ ਡੈਮੋਕ੍ਰੈਟਿਕ ਵੋਟਰ ਅਜੇ ਕਿਸੇ ਇੱਕ ਉਮੀਦਵਾਰ 'ਤੇ ਪੂਰੀ ਤਰ੍ਹਾਂ ਇਕੱਠੇ ਨਹੀਂ ਹੋਏ।

ਪੈਨਸਿਲਵੇਨੀਆ ਦੇ ਗਵਰਨਰ ਜੋਸ਼ ਸ਼ੈਪੀਰੋ ਵੀ 2028 ਦੀ ਦੌੜ ਵਿਚ ਇੱਕ ਮਹੱਤਵਪੂਰਨ ਨਾਮ ਬਣ ਕੇ ਉਭਰ ਰਹੇ ਹਨ। ਪੈਨਸਿਲਵੇਨੀਆ ਅਮਰੀਕਾ ਦੇ ਸਭ ਤੋਂ ਅਹਿਮ ਸਵਿੰਗ ਰਾਜਾਂ ਵਿਚੋਂ ਇੱਕ ਹੈ ਅਤੇ ਉੱਥੇ ਜਿੱਤ ਹਾਸਲ ਕਰਨ ਕਾਰਨ ਉਨ੍ਹਾਂ ਨੂੰ ਇੱਕ ਅਜਿਹੇ ਆਗੂ ਵਜੋਂ ਦੇਖਿਆ ਜਾਂਦਾ ਹੈ, ਜੋ ਆਮ ਚੋਣ ਵਿਚ ਵੀ ਡੈਮੋਕ੍ਰੈਟਿਕ ਪਾਰਟੀ ਲਈ ਲਾਭਦਾਇਕ ਸਾਬਤ ਹੋ ਸਕਦੇ ਹਨ। ਉਨ੍ਹਾਂ ਦੀ ਛਵੀ ਇੱਕ ਮੱਧਮਾਰਗੀ ਅਤੇ ਪ੍ਰਸ਼ਾਸਨਿਕ ਨੇਤਾ ਦੀ ਹੈ, ਹਾਲਾਂਕਿ ਰਾਸ਼ਟਰੀ ਪਛਾਣ ਦੇ ਮਾਮਲੇ ਵਿਚ ਉਹ ਅਜੇ ਕਮਲਾ ਹੈਰਿਸ, ਏ.ਓ.ਸੀ., ਨਿਊਸਮ ਅਤੇ ਬੁੱਟੀਜੀਜ ਤੋਂ ਪਿੱਛੇ ਹਨ।

ਐਰੀਜ਼ੋਨਾ ਦੇ ਸੈਨੇਟਰ ਮਾਰਕ ਕੈਲੀ ਨੂੰ ਵੀ ਗੰਭੀਰ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਸਾਬਕਾ ਨੇਵੀ ਪਾਇਲਟ ਅਤੇ ਅੰਤਰਿਕਸ਼ ਯਾਤਰੀ ਹੋਣ ਕਾਰਨ ਉਨ੍ਹਾਂ ਦੀ ਨਿੱਜੀ ਪਛਾਣ ਕਾਫ਼ੀ ਪ੍ਰਭਾਵਸ਼ਾਲੀ ਹੈ। ਸਰਹੱਦੀ ਰਾਜ ਐਰੀਜ਼ੋਨਾ ਤੋਂ ਆਉਣ ਕਾਰਨ ਇਮੀਗ੍ਰੇਸ਼ਨ ਅਤੇ ਰਾਸ਼ਟਰੀ ਸੁਰੱਖਿਆ ਵਰਗੇ ਮੁੱਦਿਆਂ 'ਤੇ ਉਨ੍ਹਾਂ ਦੀ ਭਰੋਸੇਯੋਗਤਾ ਹੋਰ ਵੱਧ ਜਾਂਦੀ ਹੈ। ਪਰ ਉਨ੍ਹਾਂ ਨੂੰ ਨੌਜਵਾਨ ਅਤੇ ਪ੍ਰਗਤੀਸ਼ੀਲ ਵੋਟਰਾਂ ਵਿਚ ਆਪਣਾ ਪ੍ਰਭਾਵ ਹੋਰ ਵਧਾਉਣਾ ਪਵੇਗਾ।

ਮੈਰੀਲੈਂਡ ਦੇ ਗਵਰਨਰ ਵੇਸ ਮੂਰ ਨੂੰ ਡੈਮੋਕ੍ਰੈਟਿਕ ਪਾਰਟੀ ਦੀ ਨਵੀਂ ਪੀੜ੍ਹੀ ਦਾ ਉਭਰਦਾ ਚਿਹਰਾ ਮੰਨਿਆ ਜਾ ਰਿਹਾ ਹੈ। ਸਾਬਕਾ ਫੌਜੀ ਅਧਿਕਾਰੀ ਅਤੇ ਅਫ਼ਰੀਕੀ-ਅਮਰੀਕੀ ਆਗੂ ਹੋਣ ਕਾਰਨ ਉਹ ਭਵਿੱਖ ਵਿਚ ਵੱਡੀ ਭੂਮਿਕਾ ਨਿਭਾ ਸਕਦੇ ਹਨ। ਇਸੇ ਤਰ੍ਹਾਂ ਇਲਿਨੋਇਸ ਦੇ ਗਵਰਨਰ ਜੇ.ਬੀ. ਪ੍ਰਿਟਜ਼ਕਰ ਅਤੇ ਕੈਂਟਕੀ ਦੇ ਗਵਰਨਰ ਐਂਡੀ ਬੇਸ਼ੀਅਰ ਵੀ ਸੰਭਾਵੀ ਉਮੀਦਵਾਰਾਂ ਵਿਚ ਸ਼ਾਮਲ ਹਨ। ਪ੍ਰਿਟਜ਼ਕਰ ਆਪਣੀ ਆਰਥਿਕ ਸਮਰੱਥਾ ਅਤੇ ਰਾਸ਼ਟਰੀ ਪੱਧਰ ਦੀ ਰਾਜਨੀਤੀ ਲਈ ਜਾਣੇ ਜਾਂਦੇ ਹਨ, ਜਦਕਿ ਬੇਸ਼ੀਅਰ ਇੱਕ ਰਿਪਬਲਿਕਨ ਝੁਕਾਅ ਵਾਲੇ ਰਾਜ ਵਿਚ ਡੈਮੋਕ੍ਰੈਟਿਕ ਗਵਰਨਰ ਵਜੋਂ ਜਿੱਤ ਹਾਸਲ ਕਰਕੇ ਆਪਣੀ ਚੋਣਯੋਗਤਾ ਸਾਬਤ ਕਰ ਚੁੱਕੇ ਹਨ।

ਇਸ ਤੋਂ ਇਲਾਵਾ ਕੋਰੀ ਬੁੱਕਰ, ਜੌਨ ਔਸੌਫ ਅਤੇ ਰਾਹਮ ਇਮੈਨੁਅਲ ਵਰਗੇ ਆਗੂਆਂ ਦੇ ਨਾਮ ਵੀ ਚਰਚਾ ਵਿਚ ਹਨ। ਹਾਲਾਂਕਿ ਇਸ ਵੇਲੇ ਉਨ੍ਹਾਂ ਨੂੰ ਪਹਿਲੀ ਕਤਾਰ ਦੇ ਦਾਅਵੇਦਾਰਾਂ ਵਿਚ ਨਹੀਂ ਗਿਣਿਆ ਜਾ ਰਿਹਾ, ਪਰ ਜੇ ਰਾਜਨੀਤਿਕ ਹਾਲਾਤ ਬਦਲਦੇ ਹਨ, ਤਾਂ ਉਹ ਵੀ ਮੁਕਾਬਲੇ ਵਿਚ ਅੱਗੇ ਆ ਸਕਦੇ ਹਨ।

ਇੱਕ ਹੋਰ ਅਹਿਮ ਗੱਲ ਇਹ ਹੈ ਕਿ ਬਰਨੀ ਸੈਂਡਰਜ਼ ਭਾਵੇਂ ਖੁਦ 2028 ਦੀ ਦੌੜ ਵਿਚ ਨਾ ਉਤਰਣ, ਪਰ ਉਨ੍ਹਾਂ ਦਾ ਸਮਰਥਨ ਕਿਸੇ ਵੀ ਪ੍ਰਗਤੀਸ਼ੀਲ ਉਮੀਦਵਾਰ ਲਈ ਬਹੁਤ ਮਹੱਤਵਪੂਰਨ ਹੋਵੇਗਾ। ਜੇ ਉਹ ਏ.ਓ.ਸੀ. ਦਾ ਖੁੱਲ੍ਹ ਕੇ ਸਮਰਥਨ ਕਰਦੇ ਹਨ, ਤਾਂ ਡੈਮੋਕ੍ਰੈਟਿਕ ਪ੍ਰਾਇਮਰੀ ਦੀ ਤਸਵੀਰ ਕਾਫ਼ੀ ਬਦਲ ਸਕਦੀ ਹੈ। ਇਸੇ ਤਰ੍ਹਾਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਭਾਵੇਂ ਸਿੱਧੇ ਤੌਰ 'ਤੇ ਕਿਸੇ ਮੁਹਿੰਮ ਦਾ ਹਿੱਸਾ ਨਾ ਬਣਨ, ਪਰ ਉਨ੍ਹਾਂ ਦਾ ਪ੍ਰਭਾਵ ਅਜੇ ਵੀ ਡੈਮੋਕ੍ਰੈਟਿਕ ਪਾਰਟੀ ਵਿਚ ਕਾਫ਼ੀ ਮਜ਼ਬੂਤ ਹੈ।

2028 ਦੀ ਡੈਮੋਕ੍ਰੈਟਿਕ ਪ੍ਰਾਇਮਰੀ ਵਿਚ ਸਿਰਫ਼ ਵਿਅਕਤੀਆਂ ਦਾ ਨਹੀਂ, ਸਗੋਂ ਪਾਰਟੀ ਦੀ ਭਵਿੱਖੀ ਦਿਸ਼ਾ ਦਾ ਵੀ ਫੈਸਲਾ ਹੋਵੇਗਾ। ਇੱਕ ਧੜਾ ਕਮਲਾ ਹੈਰਿਸ ਦੀ ਅਗਵਾਈ ਹੇਠ ਪਾਰਟੀ ਦੇ ਮੌਜੂਦਾ ਗਠਜੋੜ ਅਤੇ ਤਜ਼ਰਬੇ ਨੂੰ ਅੱਗੇ ਲੈ ਕੇ ਜਾਣਾ ਚਾਹੁੰਦਾ ਹੈ। ਦੂਜਾ ਧੜਾ ਏ.ਓ.ਸੀ. ਰਾਹੀਂ ਨਵੀਂ ਪੀੜ੍ਹੀ ਅਤੇ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪਾਰਟੀ ਦਾ ਕੇਂਦਰ ਬਣਾਉਣਾ ਚਾਹੁੰਦਾ ਹੈ। ਤੀਜਾ ਧੜਾ ਗੈਵਿਨ ਨਿਊਸਮ, ਪੀਟ ਬੁੱਟੀਜੀਜ, ਜੋਸ਼ ਸ਼ੈਪੀਰੋ ਅਤੇ ਮਾਰਕ ਕੈਲੀ ਵਰਗੇ ਆਗੂਆਂ ਨੂੰ ਅਜਿਹੇ ਉਮੀਦਵਾਰ ਵਜੋਂ ਦੇਖ ਰਿਹਾ ਹੈ, ਜੋ ਆਮ ਚੋਣ ਵਿਚ ਰਿਪਬਲਿਕਨ ਪਾਰਟੀ ਨੂੰ ਸਖ਼ਤ ਟੱਕਰ ਦੇ ਸਕਣ।

2026 ਦੀਆਂ ਮੱਧਕਾਲੀ ਚੋਣਾਂ ਵੀ ਇਸ ਦੌੜ 'ਤੇ ਵੱਡਾ ਪ੍ਰਭਾਵ ਪਾਉਣਗੀਆਂ। ਜਿਹੜੇ ਆਗੂ ਆਪਣੇ-ਆਪਣੇ ਰਾਜਾਂ ਵਿਚ ਡੈਮੋਕ੍ਰੈਟਿਕ ਉਮੀਦਵਾਰਾਂ ਨੂੰ ਜਿਤਾਉਣ ਅਤੇ ਫੰਡ ਇਕੱਠਾ ਕਰਨ ਵਿਚ ਸਫ਼ਲ ਰਹਿਣਗੇ, ਉਨ੍ਹਾਂ ਦੀ 2028 ਦੀ ਦਾਅਵੇਦਾਰੀ ਹੋਰ ਮਜ਼ਬੂਤ ਹੋਵੇਗੀ। ਜੇ ਪ੍ਰਗਤੀਸ਼ੀਲ ਉਮੀਦਵਾਰ ਵਧੀਆ ਪ੍ਰਦਰਸ਼ਨ ਕਰਦੇ ਹਨ, ਤਾਂ ਏ.ਓ.ਸੀ. ਦਾ ਦਾਅਵਾ ਮਜ਼ਬੂਤ ਹੋ ਸਕਦਾ ਹੈ, ਜਦਕਿ ਸਵਿੰਗ ਰਾਜਾਂ ਵਿਚ ਮੱਧਮਾਰਗੀ ਡੈਮੋਕ੍ਰੈਟਾਂ ਦੀ ਜਿੱਤ ਸ਼ੈਪੀਰੋ, ਕੈਲੀ ਜਾਂ ਬੁੱਟੀਜੀਜ ਵਰਗੇ ਚਿਹਰਿਆਂ ਨੂੰ ਅੱਗੇ ਲਿਆ ਸਕਦੀ ਹੈ।

ਇਮੀਗ੍ਰੇਸ਼ਨ, ਸਰਹੱਦੀ ਸੁਰੱਖਿਆ, ਅਰਥਵਿਵਸਥਾ, ਮਹਿੰਗਾਈ, ਘਰਾਂ ਦੀਆਂ ਕੀਮਤਾਂ, ਸਿਹਤ ਸੇਵਾਵਾਂ ਅਤੇ ਰੋਜ਼ਗਾਰ 2028 ਦੀ ਚੋਣ ਦੇ ਸਭ ਤੋਂ ਵੱਡੇ ਮੁੱਦੇ ਬਣ ਸਕਦੇ ਹਨ। ਇਨ੍ਹਾਂ ਮੁੱਦਿਆਂ 'ਤੇ ਵੋਟਰਾਂ ਨੂੰ ਸਭ ਤੋਂ ਭਰੋਸੇਯੋਗ ਯੋਜਨਾ ਦੇਣ ਵਾਲਾ ਉਮੀਦਵਾਰ ਹੀ ਪਾਰਟੀ ਦੇ ਅੰਦਰ ਆਪਣੀ ਸਥਿਤੀ ਮਜ਼ਬੂਤ ਕਰੇਗਾ। ਇਸਦੇ ਨਾਲ ਹੀ ਨੌਜਵਾਨ ਵੋਟਰਾਂ, ਕਾਲੇ ਵੋਟਰਾਂ, ਹਿਸਪੈਨਿਕ ਭਾਈਚਾਰੇ ਅਤੇ ਆਜ਼ਾਦ ਵੋਟਰਾਂ ਨੂੰ ਆਪਣੇ ਨਾਲ ਜੋੜਨਾ ਹਰ ਉਮੀਦਵਾਰ ਲਈ ਲਾਜ਼ਮੀ ਹੋਵੇਗਾ। ਮੌਜੂਦਾ ਸਰਵੇਖਣਾਂ ਨੂੰ ਦੇਖਦਿਆਂ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਡੈਮੋਕ੍ਰੈਟਿਕ ਪਾਰਟੀ ਨੇ ਆਪਣਾ ਭਵਿੱਖ ਦਾ ਉਮੀਦਵਾਰ ਤੈਅ ਕਰ ਲਿਆ ਹੈ। ਰਾਸ਼ਟਰੀ ਪੱਧਰ 'ਤੇ ਕਮਲਾ ਹੈਰਿਸ ਅਜੇ ਵੀ ਸਭ ਤੋਂ ਅੱਗੇ ਹਨ, ਪਰ ਏ.ਓ.ਸੀ. ਦੀ ਲੋਕਪ੍ਰਿਯਤਾ ਤੇਜ਼ੀ ਨਾਲ ਵਧ ਰਹੀ ਹੈ। ਗੈਵਿਨ ਨਿਊਸਮ ਆਪਣੀ ਰਾਸ਼ਟਰੀ ਪਛਾਣ ਅਤੇ ਰਾਜਨੀਤਿਕ ਤਜ਼ਰਬੇ ਦੇ ਆਧਾਰ 'ਤੇ ਮਜ਼ਬੂਤ ਦਾਅਵੇਦਾਰ ਹਨ, ਜਦਕਿ ਪੀਟ ਬੁੱਟੀਜੀਜ ਆਪਣੀ ਸੰਚਾਰ ਸਮਰੱਥਾ ਅਤੇ ਮੱਧਮਾਰਗੀ ਛਵੀ ਨਾਲ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤੋਂ ਇਲਾਵਾ ਜੋਸ਼ ਸ਼ੈਪੀਰੋ, ਮਾਰਕ ਕੈਲੀ, ਵੇਸ ਮੂਰ ਅਤੇ ਐਂਡੀ ਬੇਸ਼ੀਅਰ ਵਰਗੇ ਆਗੂ ਵੀ ਕਿਸੇ ਵੀ ਸਮੇਂ ਇਸ ਦੌੜ ਨੂੰ ਨਵਾਂ ਮੋੜ ਦੇ ਸਕਦੇ ਹਨ।

ਇਸ ਵੇਲੇ ਸਭ ਤੋਂ ਵੱਡਾ ਸੱਚ ਇਹ ਹੈ ਕਿ ਡੈਮੋਕ੍ਰੈਟਿਕ ਪਾਰਟੀ ਇੱਕ ਨਵੇਂ ਦੌਰ ਵਿਚ ਦਾਖ਼ਲ ਹੋ ਰਹੀ ਹੈ। ਜੋਅ ਬਾਈਡਨ ਅਤੇ ਕਮਲਾ ਹੈਰਿਸ ਦੇ ਯੁੱਗ ਤੋਂ ਬਾਅਦ ਪਾਰਟੀ ਦੇ ਸਾਹਮਣੇ ਇਹ ਸਵਾਲ ਖੜ੍ਹਾ ਹੈ ਕਿ ਕੀ ਉਹ ਨਵੀਂ ਪੀੜ੍ਹੀ ਨੂੰ ਅੱਗੇ ਲਿਆਵੇਗੀ ਜਾਂ ਤਜ਼ਰਬੇਕਾਰ ਲੀਡਰਸ਼ਿਪ 'ਤੇ ਭਰੋਸਾ ਜਾਰੀ ਰੱਖੇਗੀ। ਇਸ ਸਵਾਲ ਦਾ ਜਵਾਬ ਆਉਣ ਵਾਲੇ ਦੋ ਸਾਲਾਂ ਦੀ ਰਾਜਨੀਤੀ, ਮੱਧਕਾਲੀ ਚੋਣਾਂ, ਆਰਥਿਕ ਹਾਲਾਤ ਅਤੇ ਅਮਰੀਕੀ ਵੋਟਰਾਂ ਦੇ ਬਦਲਦੇ ਰੁਝਾਨ ਤੈਅ ਕਰਨਗੇ।

# 2028 ਦੀ ਰਿਪਬਲਿਕਨ ਦੌੜ: ਟਰੰਪ ਤੋਂ ਬਾਅਦ ਵਾਰਸ ਕੌਣ, ਅਮਰੀਕਾ ਦੀ ਅਗਲੀ ਸਿਆਸਤ ਕਿਧਰ ਜਾਵੇਗੀ?

ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA







**ਇਸ ਸਮੇਂ ਸਭ ਤੋਂ ਮਜ਼ਬੂਤ ਦਾਅਵੇਦਾਰ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੂੰ ਮੰਨਿਆ ਜਾ ਰਿਹਾ ਹੈ। ਉਹ ਟਰੰਪ ਦੇ ਸਭ ਤੋਂ ਨੇੜਲੇ ਸਿਆਸੀ ਸਾਥੀਆਂ ਵਿਚ ਗਿਣੇ ਜਾਂਦੇ ਹਨ ਅਤੇ ਲਗਭਗ ਹਰ ਵੱਡੇ ਮੁੱਦੇ 'ਤੇ ਟਰੰਪ ਦੀ ਨੀਤੀ ਦਾ ਖੁੱਲ੍ਹ ਕੇ ਸਮਰਥਨ ਕਰਦੇ ਰਹੇ ਹਨ। ਰਿਪਬਲਿਕਨ ਵੋਟਰਾਂ ਵਿਚ ਉਨ੍ਹਾਂ ਦੀ ਪਕੜ ਮਜ਼ਬੂਤ ਹੈ ਅਤੇ ਕਈ ਸਰਵੇਖਣ ਉਨ੍ਹਾਂ ਨੂੰ 2028 ਦੀ ਦੌੜ ਵਿਚ ਪਹਿਲੇ ਸਥਾਨ 'ਤੇ ਰੱਖ ਰਹੇ ਹਨ।**

ਭਾਵੇਂ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਹਾਲੇ ਦੋ ਸਾਲ ਤੋਂ ਵੱਧ ਸਮਾਂ ਹੈ, ਪਰ ਵਾਈਟ ਹਾਊਸ ਦੀ ਅਗਲੀ ਦੌੜ ਲਈ ਚਿਹਰੇ ਹੁਣੇ ਤੋਂ ਉਭਰਨ ਲੱਗ ਪਏ ਹਨ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਡੋਨਾਲਡ ਟਰੰਪ ਤੋਂ ਬਾਅਦ ਮੈਗਾ (MAGA) ਅੰਦੋਲਨ ਦੀ ਕਮਾਨ ਕਿਸ ਦੇ ਹੱਥ ਵਿਚ ਜਾਵੇਗੀ ਅਤੇ ਰਿਪਬਲਿਕਨ ਪਾਰਟੀ ਦਾ ਅਗਲਾ ਰਾਸ਼ਟਰਪਤੀ ਉਮੀਦਵਾਰ ਕੌਣ ਬਣ ਸਕਦਾ ਹੈ।

ਅਮਰੀਕੀ ਸੰਵਿਧਾਨ ਮੁਤਾਬਕ ਡੋਨਾਲਡ ਟਰੰਪ 2028 ਵਿਚ ਤੀਜੀ ਵਾਰ ਰਾਸ਼ਟਰਪਤੀ ਦੀ ਚੋਣ ਨਹੀਂ ਲੜ ਸਕਦੇ। ਇਸ ਲਈ ਪਾਰਟੀ ਦੇ ਅੰਦਰ ਹੁਣ ਇੱਕ ਨਵਾਂ ਦੌਰ ਸ਼ੁਰੂ ਹੋ ਚੁੱਕਾ ਹੈ। ਅੱਜ ਵੀ ਟਰੰਪ ਰਿਪਬਲਿਕਨ ਪਾਰਟੀ ਦੇ ਸਭ ਤੋਂ ਪ੍ਰਭਾਵਸ਼ਾਲੀ ਆਗੂ ਹਨ ਅਤੇ ਜ਼ਿਆਦਾਤਰ ਰਿਪਬਲਿਕਨ ਵੋਟਰ ਮੰਨਦੇ ਹਨ ਕਿ ਪਾਰਟੀ ਨੂੰ ਟਰੰਪ ਦੀਆਂ ਨੀਤੀਆਂ ਵਾਲੇ ਰਸਤੇ 'ਤੇ ਹੀ ਅੱਗੇ ਵਧਣਾ ਚਾਹੀਦਾ ਹੈ।

ਇਸ ਸਮੇਂ ਸਭ ਤੋਂ ਮਜ਼ਬੂਤ ਦਾਅਵੇਦਾਰ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੂੰ ਮੰਨਿਆ ਜਾ ਰਿਹਾ ਹੈ। ਉਹ ਟਰੰਪ ਦੇ ਸਭ ਤੋਂ ਨੇੜਲੇ ਸਿਆਸੀ ਸਾਥੀਆਂ ਵਿਚ ਗਿਣੇ ਜਾਂਦੇ ਹਨ ਅਤੇ ਲਗਭਗ ਹਰ ਵੱਡੇ ਮੁੱਦੇ 'ਤੇ ਟਰੰਪ ਦੀ ਨੀਤੀ ਦਾ ਖੁੱਲ੍ਹ ਕੇ ਸਮਰਥਨ ਕਰਦੇ ਰਹੇ ਹਨ। ਰਿਪਬਲਿਕਨ ਵੋਟਰਾਂ ਵਿਚ ਉਨ੍ਹਾਂ ਦੀ ਪਕੜ ਮਜ਼ਬੂਤ ਹੈ ਅਤੇ ਕਈ ਸਰਵੇਖਣ ਉਨ੍ਹਾਂ ਨੂੰ 2028 ਦੀ ਦੌੜ ਵਿਚ ਪਹਿਲੇ ਸਥਾਨ 'ਤੇ ਰੱਖ ਰਹੇ ਹਨ।

ਦੂਜੇ ਵੱਡੇ ਨਾਂ ਵਜੋਂ ਵਿਦੇਸ਼ ਮੰਤਰੀ ਮਾਰਕੋ ਰੁਬਿਓ ਨੂੰ ਦੇਖਿਆ ਜਾ ਰਿਹਾ ਹੈ। ਦੂਜੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਵਿਦੇਸ਼ ਨੀਤੀ ਵਿਚ ਅਹਿਮ ਭੂਮਿਕਾ ਨਿਭਾਈ ਹੈ ਅਤੇ ਪਾਰਟੀ ਦੇ ਰਵਾਇਤੀ ਧੜੇ ਨਾਲ ਨਾਲ ਕਈ ਪ੍ਰਭਾਵਸ਼ਾਲੀ ਦਾਨਦਾਤਿਆਂ ਦਾ ਵੀ ਉਨ੍ਹਾਂ ਨੂੰ ਸਮਰਥਨ ਮਿਲਦਾ ਹੈ। ਹਾਲਾਂਕਿ ਰੁਬਿਓ ਨੇ ਕਈ ਮੌਕਿਆਂ 'ਤੇ ਕਿਹਾ ਹੈ ਕਿ ਜੇ ਜੇ.ਡੀ. ਵੈਂਸ ਮੈਦਾਨ ਵਿਚ ਹੁੰਦੇ ਹਨ, ਤਾਂ ਉਹ ਉਨ੍ਹਾਂ ਦਾ ਸਮਰਥਨ ਕਰਨਗੇ, ਫਿਰ ਵੀ ਸਿਆਸੀ ਵਿਸ਼ਲੇਸ਼ਕ ਮੰਨਦੇ ਹਨ ਕਿ ਹਾਲਾਤ ਬਦਲਣ 'ਤੇ ਉਹ ਖੁਦ ਵੀ ਦੌੜ ਵਿਚ ਆ ਸਕਦੇ ਹਨ।

ਫਲੋਰਿਡਾ ਦੇ ਗਵਰਨਰ ਰਹਿ ਚੁੱਕੇ ਰੌਨ ਡੀਸੈਂਟਿਸ ਦਾ ਨਾਂ ਵੀ ਅਜੇ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। 2024 ਵਿਚ ਟਰੰਪ ਤੋਂ ਹਾਰਨ ਦੇ ਬਾਵਜੂਦ ਉਹ ਰਿਪਬਲਿਕਨ ਪਾਰਟੀ ਦੇ ਇੱਕ ਵੱਡੇ ਚਿਹਰੇ ਹਨ। ਜੇ ਪਾਰਟੀ ਵਿਚ ਟਰੰਪ ਤੋਂ ਵੱਖਰੀ ਸੋਚ ਵਾਲਾ ਧੜਾ ਮਜ਼ਬੂਤ ਹੁੰਦਾ ਹੈ ਤਾਂ ਡੀਸੈਂਟਿਸ ਨੂੰ ਫਿਰ ਮੌਕਾ ਮਿਲ ਸਕਦਾ ਹੈ।

ਇਸੇ ਤਰ੍ਹਾਂ ਵਿਵੇਕ ਰਾਮਾਸਵਾਮੀ ਨੌਜਵਾਨ ਅਤੇ ਜੋਸ਼ੀਲੇ ਨੇਤਾ ਵਜੋਂ ਆਪਣੀ ਪਛਾਣ ਬਣਾ ਚੁੱਕੇ ਹਨ। ਭਾਰਤੀ ਮੂਲ ਦੇ ਹੋਣ ਦੇ ਬਾਵਜੂਦ ਉਨ੍ਹਾਂ ਨੇ ਮੈਗਾ ਵੋਟਰਾਂ ਵਿਚ ਆਪਣੀ ਵੱਖਰੀ ਥਾਂ ਬਣਾਈ ਹੈ। ਉਹ ਸਰਕਾਰ ਦਾ ਆਕਾਰ ਘਟਾਉਣ, ਨਿਯਮਾਂ ਵਿਚ ਕਟੌਤੀ ਅਤੇ ਅਮਰੀਕੀ ਰਾਸ਼ਟਰਵਾਦ ਨੂੰ ਹੋਰ ਮਜ਼ਬੂਤ ਕਰਨ ਦੀ ਗੱਲ ਕਰਦੇ ਹਨ। ਜੇ ਉਹ ਆਪਣਾ ਜਨ ਆਧਾਰ ਹੋਰ ਵਧਾ ਲੈਂਦੇ ਹਨ, ਤਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਗਲੈਨ ਯੰਗਕਿਨ, ਕ੍ਰਿਸਟੀ ਨੋਇਮ, ਸਾਰਾ ਹਕਾਬੀ ਸੈਂਡਰਜ਼, ਟੌਮ ਕਾਟਨ, ਜੋਸ਼ ਹੌਲੀ ਅਤੇ ਕੁਝ ਹੋਰ ਰਿਪਬਲਿਕਨ ਗਵਰਨਰ ਅਤੇ ਸੈਨੇਟਰ ਵੀ ਸੰਭਾਵੀ ਉਮੀਦਵਾਰਾਂ ਦੀ ਸੂਚੀ ਵਿਚ ਸ਼ਾਮਲ ਹਨ। ਹਾਲਾਂਕਿ ਇਸ ਵੇਲੇ ਉਹ ਵੈਂਸ ਅਤੇ ਰੁਬਿਓ ਤੋਂ ਕਾਫ਼ੀ ਪਿੱਛੇ ਨਜ਼ਰ ਆ ਰਹੇ ਹਨ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਡੋਨਾਲਡ ਟਰੰਪ ਕਿਸ ਦੇ ਨਾਲ ਖੜ੍ਹੇ ਹੋਣਗੇ। ਟਰੰਪ ਨੇ ਕਈ ਵਾਰ ਜਨਤਕ ਤੌਰ 'ਤੇ ਜੇ.ਡੀ. ਵੈਂਸ ਅਤੇ ਮਾਰਕੋ ਰੁਬਿਓ ਦੋਵਾਂ ਦੀ ਤਾਰੀਫ਼ ਕੀਤੀ ਹੈ। ਹਾਲੀਆ ਰਿਪੋਰਟਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਟਰੰਪ ਦੀ ਟੀਮ ਦੇ ਕਈ ਲੋਕ ਵੈਂਸ ਨੂੰ ਮੈਗਾ ਅੰਦੋਲਨ ਦਾ ਕੁਦਰਤੀ ਵਾਰਸ ਮੰਨਦੇ ਹਨ, ਜਦਕਿ ਕੁਝ ਹੋਰ ਰੁਬਿਓ ਨੂੰ ਵੀ ਮਜ਼ਬੂਤ ਵਿਕਲਪ ਸਮਝਦੇ ਹਨ। ਇਸ ਕਰਕੇ ਆਉਣ ਵਾਲੇ ਦੋ ਸਾਲਾਂ ਵਿਚ ਟਰੰਪ ਦਾ ਇੱਕ ਬਿਆਨ ਵੀ ਪੂਰੀ ਦੌੜ ਦਾ ਰੁਖ਼ ਬਦਲ ਸਕਦਾ ਹੈ।

ਜੇ ਅੱਜ ਦੀ ਸਥਿਤੀ ਦੇ ਆਧਾਰ 'ਤੇ ਅੰਦਾਜ਼ਾ ਲਗਾਇਆ ਜਾਵੇ, ਤਾਂ ਰਿਪਬਲਿਕਨ ਪਾਰਟੀ ਦੀ ਫਾਈਨਲ ਦੌੜ ਮੁੱਖ ਤੌਰ 'ਤੇ ਜੇ.ਡੀ. ਵੈਂਸ ਅਤੇ ਮਾਰਕੋ ਰੁਬਿਓ ਦੇ ਆਲੇ-ਦੁਆਲੇ ਘੁੰਮਦੀ ਦਿਖਾਈ ਦਿੰਦੀ ਹੈ। ਬਾਕੀ ਉਮੀਦਵਾਰਾਂ ਲਈ ਕੋਈ ਵੱਡੀ ਸਿਆਸੀ ਘਟਨਾ ਜਾਂ ਹਾਲਾਤਾਂ ਵਿਚ ਵੱਡਾ ਬਦਲਾਅ ਹੀ ਉਨ੍ਹਾਂ ਦੀ ਸਥਿਤੀ ਨੂੰ ਮਜ਼ਬੂਤ ਕਰ ਸਕਦਾ ਹੈ।

ਹੁਣ ਗੱਲ ਕਰਦੇ ਹਾਂ ਇਮੀਗ੍ਰੇਸ਼ਨ ਦੀ। ਇਹ ਮੁੱਦਾ 2028 ਦੀ ਚੋਣ ਵਿਚ ਵੀ ਸਭ ਤੋਂ ਵੱਡੇ ਵਿਸ਼ਿਆਂ ਵਿਚੋਂ ਇੱਕ ਰਹੇਗਾ। ਜੇ ਰਿਪਬਲਿਕਨ ਪਾਰਟੀ ਸੱਤਾ ਵਿਚ ਰਹਿੰਦੀ ਹੈ ਜਾਂ ਕੋਈ ਰਿਪਬਲਿਕਨ ਉਮੀਦਵਾਰ ਰਾਸ਼ਟਰਪਤੀ ਬਣਦਾ ਹੈ, ਤਾਂ ਸਰਹੱਦੀ ਸੁਰੱਖਿਆ ਹੋਰ ਸਖ਼ਤ ਹੋਣ, ਗੈਰ-ਕਾਨੂੰਨੀ ਦਾਖ਼ਲੇ ਖ਼ਿਲਾਫ਼ ਕਾਰਵਾਈ ਤੇਜ਼ ਹੋਣ, ਅਸਾਇਲਮ ਨਿਯਮਾਂ ਨੂੰ ਹੋਰ ਕੜਾ ਕਰਨ ਅਤੇ ਡਿਪੋਰਟੇਸ਼ਨ ਨੂੰ ਤਰਜੀਹ ਦੇਣ ਦੀ ਸੰਭਾਵਨਾ ਹੈ। ਨਾਲ ਹੀ ਕਾਨੂੰਨੀ ਇਮੀਗ੍ਰੇਸ਼ਨ ਨੂੰ ਪੂਰੀ ਤਰ੍ਹਾਂ ਬੰਦ ਕਰਨ ਦੀ ਬਜਾਏ ਇਸ ਨੂੰ ਹੁਨਰ, ਯੋਗਤਾ ਅਤੇ ਅਮਰੀਕੀ ਆਰਥਿਕ ਲੋੜਾਂ ਨਾਲ ਹੋਰ ਜੋੜਿਆ ਜਾ ਸਕਦਾ ਹੈ। ਇਸ ਲਈ ਵਿਦਿਆਰਥੀ ਵੀਜ਼ਾ, ਰੁਜ਼ਗਾਰ ਵੀਜ਼ਾ ਅਤੇ ਮੈਰਿਟ-ਅਧਾਰਿਤ ਇਮੀਗ੍ਰੇਸ਼ਨ ਪ੍ਰੋਗਰਾਮਾਂ ਵਿਚ ਵੀ ਨੀਤੀਗਤ ਤਬਦੀਲੀਆਂ ਦੇਖਣ ਨੂੰ ਮਿਲ ਸਕਦੀਆਂ ਹਨ।

ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ 2028 ਦੀ ਚੋਣ ਹਾਲੇ ਕਾਫ਼ੀ ਦੂਰ ਹੈ। ਸਰਵੇਖਣ, ਉਮੀਦਵਾਰ ਅਤੇ ਰਾਜਨੀਤਿਕ ਹਾਲਾਤ ਸਮੇਂ ਦੇ ਨਾਲ ਬਦਲ ਸਕਦੇ ਹਨ। ਪਰ ਮੌਜੂਦਾ ਤਸਵੀਰ ਇਹ ਦੱਸਦੀ ਹੈ ਕਿ ਰਿਪਬਲਿਕਨ ਪਾਰਟੀ ਵਿਚ ਟਰੰਪ ਦਾ ਪ੍ਰਭਾਵ ਅਜੇ ਵੀ ਬਹੁਤ ਮਜ਼ਬੂਤ ਹੈ ਅਤੇ ਜੋ ਵੀ ਉਮੀਦਵਾਰ ਮੈਗਾ ਵੋਟਰਾਂ ਦਾ ਭਰੋਸਾ ਜਿੱਤ ਲਏਗਾ, ਉਸ ਦੇ ਨਾਮਜ਼ਦ ਬਣਨ ਦੀ ਸੰਭਾਵਨਾ ਸਭ ਤੋਂ ਵੱਧ ਹੋਵੇਗੀ।

# ਟਰੰਪ ਦੀ ਸਖ਼ਤ ਇਮੀਗ੍ਰੇਸ਼ਨ ਮੁਹਿੰਮ ਦੌਰਾਨ ICE ਦੀਆਂ ਗ੍ਰਿਫ਼ਤਾਰੀਆਂ ਦਾ ਇਤਿਹਾਸਕ ਰਿਕਾਰਡ; ਜੁਲਾਈ ਵਿਚ ਕਰੀਬ 51 ਹਜ਼ਾਰ ਲੋਕ ਕਾਬੂ

ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਚੱਲ ਰਹੀ ਦੇਸ਼-ਵਿਆਪੀ ਮੁਹਿੰਮ ਹੁਣ ਇੱਕ ਨਵੇਂ ਅਤੇ ਬਹੁਤ ਸਖ਼ਤ ਪੜਾਅ ਵਿਚ ਦਾਖ਼ਲ ਹੋ ਗਈ ਹੈ। ਫਾਕਸ ਨਿਊਜ਼ ਵੱਲੋਂ ਸੰਘੀ ਸੂਤਰਾਂ ਦੇ ਹਵਾਲੇ ਨਾਲ ਦਿੱਤੀ ਜਾਣਕਾਰੀ ਅਨੁਸਾਰ ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ, ਜਿਸਨੂੰ ਆਮ ਤੌਰ 'ਤੇ ICE (ਆਈਸ) ਕਿਹਾ ਜਾਂਦਾ ਹੈ, ਨੇ ਜੁਲਾਈ 2026 ਦੌਰਾਨ ਲਗਭਗ 51 ਹਜ਼ਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਇਹ ਏਜੰਸੀ ਦੇ 23 ਸਾਲਾਂ ਦੇ ਇਤਿਹਾਸ ਵਿਚ ਕਿਸੇ ਇੱਕ ਮਹੀਨੇ ਦੌਰਾਨ ਹੋਈਆਂ ਸਭ ਤੋਂ ਵੱਧ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਦੱਸੀਆਂ ਜਾ ਰਹੀਆਂ ਹਨ। ਇਸ ਹਿਸਾਬ ਨਾਲ ਜੁਲਾਈ ਵਿਚ ਹਰ ਰੋਜ਼ ਔਸਤਨ ਲਗਭਗ 1,645 ਲੋਕ ਆਈਸ ਦੀ ਕਾਰਵਾਈ ਦੇ ਘੇਰੇ ਵਿਚ ਆਏ। ਇਹ ਅੰਕੜਾ ਦਰਸਾਉਂਦਾ ਹੈ ਕਿ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਹੁਣ ਸਿਰਫ਼ ਸਿਆਸੀ ਬਿਆਨਾਂ ਜਾਂ ਚੋਣ ਵਾਅਦਿਆਂ ਤੱਕ ਸੀਮਤ ਨਹੀਂ ਰਹੀ, ਸਗੋਂ ਉਸਨੂੰ ਵੱਡੇ ਪੱਧਰ 'ਤੇ ਅਮਲ ਵਿਚ ਲਿਆਂਦਾ ਜਾ ਰਿਹਾ ਹੈ।

ਜੁਲਾਈ ਦਾ ਇਹ ਰਿਕਾਰਡ ਜੂਨ 2026 ਵਿਚ ਹੋਈਆਂ 43,138 ਗ੍ਰਿਫ਼ਤਾਰੀਆਂ ਤੋਂ ਵੀ ਕਾਫ਼ੀ ਵੱਧ ਹੈ। ਜੂਨ ਵਿਚ ਹਰ ਰੋਜ਼ ਔਸਤਨ ਲਗਭਗ 1,438 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦਕਿ ਜੁਲਾਈ ਦੇ ਪਹਿਲੇ ਦਿਨਾਂ ਤੋਂ ਹੀ ਕਾਰਵਾਈਆਂ ਹੋਰ ਤੇਜ਼ ਹੋਣ ਲੱਗੀਆਂ ਸਨ। ਰਿਪੋਰਟਾਂ ਮੁਤਾਬਕ ਜੁਲਾਈ ਦੇ ਪਹਿਲੇ 11 ਦਿਨਾਂ ਵਿਚ ਰੋਜ਼ਾਨਾ ਗ੍ਰਿਫ਼ਤਾਰੀਆਂ ਦੀ ਔਸਤ ਲਗਭਗ 1,593 ਤੱਕ ਪਹੁੰਚ ਗਈ ਸੀ। ਜੂਨ ਦੇ ਅਖੀਰਲੇ ਪੰਜ ਦਿਨਾਂ ਵਿਚ ਲਗਭਗ 10 ਹਜ਼ਾਰ ਗ੍ਰਿਫ਼ਤਾਰੀਆਂ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਸਨ। ਇਸ ਤੋਂ ਇਹ ਸਪੱਸ਼ਟ ਹੋ ਗਿਆ ਸੀ ਕਿ ਪ੍ਰਸ਼ਾਸਨ ਗੈਰ-ਕਾਨੂੰਨੀ ਢੰਗ ਨਾਲ ਦੇਸ਼ ਵਿਚ ਰਹਿ ਰਹੇ ਲੋਕਾਂ ਦੀ ਪਛਾਣ, ਗ੍ਰਿਫ਼ਤਾਰੀ ਅਤੇ ਸੰਭਾਵਤ ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਜਾ ਰਿਹਾ ਹੈ।

ਹਾਲਾਂਕਿ ਜੁਲਾਈ ਦੇ ਅੰਕੜਿਆਂ ਬਾਰੇ ਵੱਖ-ਵੱਖ ਮੀਡੀਆ ਰਿਪੋਰਟਾਂ ਵਿਚ ਕੁਝ ਅੰਤਰ ਹੈ। ਫਾਕਸ ਨਿਊਜ਼ ਨੇ ਸੰਘੀ ਸੂਤਰਾਂ ਦੇ ਆਧਾਰ 'ਤੇ ਕਰੀਬ 51 ਹਜ਼ਾਰ ਗ੍ਰਿਫ਼ਤਾਰੀਆਂ ਦੱਸੀਆਂ ਹਨ, ਜਦਕਿ ਹੋਰ ਰਿਪੋਰਟਾਂ ਵਿਚ 46 ਹਜ਼ਾਰ ਤੋਂ ਵੱਧ ਲੋਕਾਂ ਦੇ ਆਈਸ ਹਿਰਾਸਤੀ ਪ੍ਰਬੰਧ ਵਿਚ ਦਾਖ਼ਲ ਹੋਣ ਦੀ ਜਾਣਕਾਰੀ ਦਿੱਤੀ ਗਈ ਹੈ। ਇਹ ਫ਼ਰਕ ਗ੍ਰਿਫ਼ਤਾਰੀ ਅਤੇ ਹਿਰਾਸਤ ਵਿਚ ਦਾਖ਼ਲੇ ਦੀ ਵੱਖਰੀ ਗਿਣਤੀ ਕਾਰਨ ਹੋ ਸਕਦਾ ਹੈ। ਹਰ ਗ੍ਰਿਫ਼ਤਾਰ ਵਿਅਕਤੀ ਨੂੰ ਤੁਰੰਤ ਹਿਰਾਸਤੀ ਕੇਂਦਰ ਵਿਚ ਨਹੀਂ ਭੇਜਿਆ ਜਾਂਦਾ। ਕੁਝ ਲੋਕਾਂ ਨੂੰ ਜਾਂਚ ਤੋਂ ਬਾਅਦ ਨਿਗਰਾਨੀ ਜਾਂ ਨਿਯਮਿਤ ਹਾਜ਼ਰੀ ਦੀਆਂ ਸ਼ਰਤਾਂ ਨਾਲ ਰਿਹਾਅ ਕੀਤਾ ਜਾ ਸਕਦਾ ਹੈ, ਜਦਕਿ ਕੁਝ ਲੋਕ ਸਥਾਨਕ ਜੇਲ੍ਹਾਂ ਤੋਂ ਆਈਸ ਦੇ ਹਵਾਲੇ ਕੀਤੇ ਜਾਂਦੇ ਹਨ।

ਇਨ੍ਹਾਂ ਰਿਕਾਰਡ ਗ੍ਰਿਫ਼ਤਾਰੀਆਂ ਦੇ ਪਿੱਛੇ ਸਭ ਤੋਂ ਵੱਡੇ ਕਾਰਨਾਂ ਵਿੱਚ ਆਈਸ ਦੇ ਅਧਿਕਾਰੀਆਂ ਅਤੇ ਏਜੰਟਾਂ ਦੀ ਗਿਣਤੀ ਵਿੱਚ ਹੋਇਆ ਵੱਡਾ ਵਾਧਾ ਮੰਨਿਆ ਜਾ ਰਿਹਾ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਅਨੁਸਾਰ ਦੇਸ਼-ਵਿਆਪੀ ਭਰਤੀ ਮੁਹਿੰਮ ਤਹਿਤ ਇੱਕ ਸਾਲ ਤੋਂ ਵੀ ਘੱਟ ਸਮੇਂ ਵਿਚ 12 ਹਜ਼ਾਰ ਤੋਂ ਵੱਧ ਨਵੇਂ ਆਈਸ ਅਫ਼ਸਰ ਅਤੇ ਏਜੰਟ ਭਰਤੀ ਕੀਤੇ ਗਏ। ਇਸ ਨਾਲ ਕਾਰਵਾਈ ਕਰਨ ਵਾਲੇ ਅਧਿਕਾਰੀਆਂ ਦੀ ਕੁੱਲ ਗਿਣਤੀ ਲਗਭਗ 10 ਹਜ਼ਾਰ ਤੋਂ ਵਧ ਕੇ 22 ਹਜ਼ਾਰ ਦੇ ਨੇੜੇ ਪਹੁੰਚ ਗਈ, ਜੋ ਕਰੀਬ 120 ਫ਼ੀਸਦੀ ਦਾ ਵਾਧਾ ਹੈ। ਹਜ਼ਾਰਾਂ ਨਵੇਂ ਅਧਿਕਾਰੀ ਗ੍ਰਿਫ਼ਤਾਰੀਆਂ, ਜਾਂਚਾਂ, ਨਿਗਰਾਨੀ, ਹਿਰਾਸਤੀ ਪ੍ਰਬੰਧਾਂ ਅਤੇ ਦੇਸ਼ ਨਿਕਾਲੇ ਦੀਆਂ ਕਾਰਵਾਈਆਂ ਵਿਚ ਤਾਇਨਾਤ ਕੀਤੇ ਜਾ ਚੁੱਕੇ ਹਨ। ਇਸ ਵਾਧੇ ਨਾਲ ਆਈਸ ਹੁਣ ਇੱਕੋ ਸਮੇਂ ਕਈ ਰਾਜਾਂ ਅਤੇ ਸ਼ਹਿਰਾਂ ਵਿਚ ਕਾਰਵਾਈ ਕਰਨ ਦੇ ਯੋਗ ਹੋ ਗਿਆ ਹੈ।




ਟਰੰਪ ਪ੍ਰਸ਼ਾਸਨ ਵੱਲੋਂ ਦਿੱਤੀ ਗਈ ਵਾਧੂ ਫੰਡਿੰਗ ਨੇ ਵੀ ਆਈਸ ਦੀ ਸਮਰੱਥਾ ਕਈ ਗੁਣਾ ਵਧਾਈ ਹੈ। ਨਵੇਂ ਫੰਡਾਂ ਰਾਹੀਂ ਹੋਰ ਅਧਿਕਾਰੀਆਂ ਦੀ ਭਰਤੀ, ਗੱਡੀਆਂ, ਸਾਜ਼ੋ-ਸਾਮਾਨ, ਨਿਗਰਾਨੀ ਤਕਨੀਕ, ਡਿਜ਼ੀਟਲ ਰਿਕਾਰਡ ਪ੍ਰਣਾਲੀਆਂ, ਵਾਧੂ ਹਿਰਾਸਤੀ ਬਿਸਤਰੇ, ਮੈਡੀਕਲ ਸਹੂਲਤਾਂ ਅਤੇ ਦੇਸ਼ ਨਿਕਾਲੇ ਲਈ ਉਡਾਣਾਂ ਦੀ ਗਿਣਤੀ ਵਧਾਈ ਗਈ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਦੀ ਬੰਦਸ਼ ਖ਼ਤਮ ਹੋਣ, ਵਾਧੂ ਫੰਡ ਉਪਲਬਧ ਹੋਣ ਅਤੇ ਨਵੇਂ ਅਧਿਕਾਰੀਆਂ ਦੀ ਸਿਖਲਾਈ ਪੂਰੀ ਹੋਣ ਤੋਂ ਬਾਅਦ ਪ੍ਰਸ਼ਾਸਨ ਨੇ ਦੇਸ਼-ਵਿਆਪੀ ਗ੍ਰਿਫ਼ਤਾਰੀ ਮੁਹਿੰਮ ਨੂੰ ਹੋਰ ਤੇਜ਼ ਕਰ ਦਿੱਤਾ। ਹੁਣ ਆਈਸ ਸਿਰਫ਼ ਵੱਡੇ ਸ਼ਹਿਰਾਂ ਵਿਚ ਕਦੇ-ਕਦਾਈਂ ਹੋਣ ਵਾਲੇ ਛਾਪਿਆਂ ਤੱਕ ਸੀਮਤ ਨਹੀਂ ਰਹੀ। ਏਜੰਸੀ ਦੀਆਂ ਛੋਟੀਆਂ ਅਤੇ ਨਿਸ਼ਾਨਾਬੱਧ ਟੀਮਾਂ ਰੋਜ਼ਾਨਾ ਆਧਾਰ 'ਤੇ ਕਾਰਵਾਈ ਕਰ ਰਹੀਆਂ ਹਨ।

ਕਈ ਮਾਮਲਿਆਂ ਵਿਚ ਅਧਿਕਾਰੀਆਂ ਕੋਲ ਪਹਿਲਾਂ ਤੋਂ ਤਿਆਰ ਸੂਚੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਦੇਸ਼ ਨਿਕਾਲੇ ਦੇ ਅੰਤਿਮ ਹੁਕਮ ਵਾਲੇ ਲੋਕ, ਅਪਰਾਧਿਕ ਦੋਸ਼ਾਂ ਜਾਂ ਸਜ਼ਾਵਾਂ ਵਾਲੇ ਵਿਅਕਤੀ, ਪਹਿਲਾਂ ਦੇਸ਼ ਤੋਂ ਕੱਢੇ ਜਾਣ ਤੋਂ ਬਾਅਦ ਮੁੜ ਦਾਖ਼ਲ ਹੋਏ ਲੋਕ ਜਾਂ ਇਮੀਗ੍ਰੇਸ਼ਨ ਅਦਾਲਤ ਵਿਚ ਪੇਸ਼ ਨਾ ਹੋਣ ਵਾਲੇ ਵਿਅਕਤੀ ਸ਼ਾਮਲ ਹੋ ਸਕਦੇ ਹਨ। ਰਾਸ਼ਟਰਪਤੀ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਹੀ ਕਿਹਾ ਸੀ ਕਿ ਗੈਰ-ਕਾਨੂੰਨੀ ਦਾਖ਼ਲੇ, ਵੀਜ਼ਾ ਖ਼ਤਮ ਹੋਣ ਤੋਂ ਬਾਅਦ ਵੀ ਰਹਿਣ ਅਤੇ ਦੇਸ਼ ਨਿਕਾਲੇ ਦੇ ਅੰਤਿਮ ਹੁਕਮ ਵਾਲੇ ਮਾਮਲਿਆਂ ਵਿਚ ਕਾਰਵਾਈ ਕੀਤੀ ਜਾਵੇਗੀ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕਈ ਸਾਲਾਂ ਤੋਂ ਇਮੀਗ੍ਰੇਸ਼ਨ ਕਾਨੂੰਨੀ ਢੰਗ ਨਾਲ ਲਾਗੂ ਨਹੀਂ ਕੀਤੇ ਗਏ ਅਤੇ ਹੁਣ ਉਨ੍ਹਾਂ ਲੋਕਾਂ ਦੀ ਪਛਾਣ ਕੀਤੀ ਜਾ ਰਹੀ ਹੈ, ਜਿਨ੍ਹਾਂ ਕੋਲ ਦੇਸ਼ ਵਿਚ ਕਾਨੂੰਨੀ ਤੌਰ 'ਤੇ ਰਹਿਣ ਦਾ ਅਧਿਕਾਰ ਨਹੀਂ ਹੈ।

ਪ੍ਰਸ਼ਾਸਨ ਵਾਰ-ਵਾਰ ਇਹ ਦਾਅਵਾ ਕਰਦਾ ਹੈ ਕਿ ਆਈਸ ਗੰਭੀਰ ਅਪਰਾਧੀਆਂ, ਗੈਂਗ ਮੈਂਬਰਾਂ, ਨਸ਼ਾ ਤਸਕਰਾਂ, ਕਤਲ, ਯੌਨ ਹਿੰਸਾ, ਘਰੇਲੂ ਹਿੰਸਾ, ਬੱਚਿਆਂ ਦੇ ਸ਼ੋਸ਼ਣ, ਅਗਵਾ ਅਤੇ ਹੋਰ ਗੰਭੀਰ ਅਪਰਾਧਾਂ ਵਿਚ ਸ਼ਾਮਲ ਲੋਕਾਂ ਨੂੰ ਪਹਿਲ ਦੇ ਰਹੀ ਹੈ। ਹੋਮਲੈਂਡ ਸਕਿਓਰਿਟੀ ਵਿਭਾਗ ਅਨੁਸਾਰ ਗ੍ਰਿਫ਼ਤਾਰ ਕੀਤੇ ਜਾ ਰਹੇ ਲਗਭਗ 70 ਫ਼ੀਸਦੀ ਲੋਕਾਂ ਉੱਤੇ ਅਪਰਾਧਿਕ ਦੋਸ਼ ਲੱਗੇ ਹੋਏ ਹਨ ਜਾਂ ਉਹ ਪਹਿਲਾਂ ਕਿਸੇ ਅਪਰਾਧ ਵਿਚ ਦੋਸ਼ੀ ਠਹਿਰਾਏ ਜਾ ਚੁੱਕੇ ਹਨ। ਸਰਕਾਰ ਅਜਿਹੀਆਂ ਗ੍ਰਿਫ਼ਤਾਰੀਆਂ ਨੂੰ ਜਨਤਕ ਸੁਰੱਖਿਆ ਲਈ ਵੱਡੀ ਸਫ਼ਲਤਾ ਵਜੋਂ ਪੇਸ਼ ਕਰਦੀ ਹੈ ਅਤੇ ਕਹਿੰਦੀ ਹੈ ਕਿ ਖ਼ਤਰਨਾਕ ਲੋਕਾਂ ਨੂੰ ਕਮਿਊਨਿਟੀਆਂ ਤੋਂ ਹਟਾਇਆ ਜਾ ਰਿਹਾ ਹੈ।

ਪਰ ਸਿਰਫ਼ ਅਪਰਾਧਿਕ ਰਿਕਾਰਡ ਵਾਲੇ ਲੋਕ ਹੀ ਆਈਸ ਦੀ ਕਾਰਵਾਈ ਦੇ ਘੇਰੇ ਵਿਚ ਨਹੀਂ ਹਨ। ਕੋਈ ਵਿਅਕਤੀ ਜਿਸਦਾ ਕੋਈ ਅਪਰਾਧਿਕ ਰਿਕਾਰਡ ਨਹੀਂ, ਉਹ ਵੀ ਗ੍ਰਿਫ਼ਤਾਰ ਹੋ ਸਕਦਾ ਹੈ ਜੇਕਰ ਉਸਨੇ ਗੈਰ-ਕਾਨੂੰਨੀ ਤੌਰ 'ਤੇ ਸਰਹੱਦ ਪਾਰ ਕੀਤੀ ਹੋਵੇ, ਵੀਜ਼ੇ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਦੇਸ਼ ਵਿਚ ਰਹਿ ਰਿਹਾ ਹੋਵੇ, ਇਮੀਗ੍ਰੇਸ਼ਨ ਅਦਾਲਤ ਦੀ ਤਾਰੀਖ਼ 'ਤੇ ਪੇਸ਼ ਨਾ ਹੋਇਆ ਹੋਵੇ ਜਾਂ ਉਸਦੇ ਖ਼ਿਲਾਫ਼ ਦੇਸ਼ ਨਿਕਾਲੇ ਦਾ ਅੰਤਿਮ ਹੁਕਮ ਹੋਵੇ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਕਿਸੇ ਵਿਅਕਤੀ ਉੱਤੇ ਦੋਸ਼ ਲੱਗਣਾ ਅਤੇ ਅਦਾਲਤ ਵੱਲੋਂ ਉਸਨੂੰ ਦੋਸ਼ੀ ਠਹਿਰਾਇਆ ਜਾਣਾ ਦੋ ਵੱਖਰੀਆਂ ਸਥਿਤੀਆਂ ਹਨ। ਆਈਸ ਆਪਣੇ ਅੰਕੜਿਆਂ ਵਿਚ ਪਹਿਲਾਂ ਦੋਸ਼ੀ ਠਹਿਰਾਏ ਲੋਕਾਂ, ਲੰਬਿਤ ਅਪਰਾਧਿਕ ਦੋਸ਼ਾਂ ਵਾਲੇ ਲੋਕਾਂ ਅਤੇ ਸਿਰਫ਼ ਇਮੀਗ੍ਰੇਸ਼ਨ ਉਲੰਘਣਾ ਵਾਲੇ ਲੋਕਾਂ ਨੂੰ ਵੱਖ-ਵੱਖ ਸ਼੍ਰੇਣੀਆਂ ਵਿਚ ਦਰਸਾਉਂਦੀ ਹੈ।

ਆਈਸ ਦੀ ਨਵੀਂ ਮੁਹਿੰਮ ਵਿਚ ਕਾਰਵਾਈ ਕਰਨ ਦੀ ਰਣਨੀਤੀ ਵੀ ਬਦਲੀ ਹੋਈ ਨਜ਼ਰ ਆ ਰਹੀ ਹੈ। ਪਹਿਲਾਂ ਵੱਡੇ ਸ਼ਹਿਰਾਂ ਵਿਚ ਵੱਡੇ ਛਾਪੇ ਮਾਰ ਕੇ ਉਨ੍ਹਾਂ ਦੀ ਮੀਡੀਆ ਵਿਚ ਚਰਚਾ ਕੀਤੀ ਜਾਂਦੀ ਸੀ, ਪਰ ਹੁਣ ਛੋਟੀਆਂ ਅਤੇ ਨਿਸ਼ਾਨਾਬੱਧ ਟੀਮਾਂ ਰੋਜ਼ਾਨਾ ਵੱਡੀ ਗਿਣਤੀ ਵਿਚ ਲੋਕਾਂ ਨੂੰ ਗ੍ਰਿਫ਼ਤਾਰ ਕਰ ਰਹੀਆਂ ਹਨ। ਅਧਿਕਾਰੀ ਘਰਾਂ, ਕੰਮ ਵਾਲੀਆਂ ਥਾਵਾਂ, ਸੜਕਾਂ, ਅਦਾਲਤਾਂ ਦੇ ਨੇੜੇ, ਇਮੀਗ੍ਰੇਸ਼ਨ ਦਫ਼ਤਰਾਂ ਵਿਚ ਨਿਯਮਿਤ ਹਾਜ਼ਰੀ ਦੇ ਸਮੇਂ ਅਤੇ ਹਵਾਈ ਅੱਡਿਆਂ 'ਤੇ ਵੀ ਕਾਰਵਾਈ ਕਰ ਰਹੇ ਹਨ। ਕਈ ਮਾਮਲਿਆਂ ਵਿਚ ਵਿਅਕਤੀ ਨੂੰ ਉਸ ਵੇਲੇ ਗ੍ਰਿਫ਼ਤਾਰ ਕੀਤਾ ਜਾਂਦਾ ਹੈ, ਜਦੋਂ ਉਹ ਆਪਣੇ ਇਮੀਗ੍ਰੇਸ਼ਨ ਮਾਮਲੇ ਨਾਲ ਸੰਬੰਧਿਤ ਸਰਕਾਰੀ ਦਫ਼ਤਰ ਵਿਚ ਹਾਜ਼ਰੀ ਲਗਾਉਣ ਜਾਂਦਾ ਹੈ। ਇਸ ਕਾਰਨ ਪ੍ਰਵਾਸੀ ਭਾਈਚਾਰਿਆਂ ਵਿਚ ਡਰ ਵਧਿਆ ਹੈ ਕਿ ਨਿਯਮਿਤ ਹਾਜ਼ਰੀ ਵੀ ਗ੍ਰਿਫ਼ਤਾਰੀ ਦਾ ਕਾਰਨ ਬਣ ਸਕਦੀ ਹੈ।

ਸਥਾਨਕ ਪੁਲਿਸ, ਕਾਊਂਟੀ ਜੇਲ੍ਹਾਂ ਅਤੇ ਰਾਜ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਸਹਿਯੋਗ ਵੀ ਇਸ ਮੁਹਿੰਮ ਦਾ ਅਹਿਮ ਹਿੱਸਾ ਹੈ। ਜਦੋਂ ਕੋਈ ਗੈਰ-ਨਾਗਰਿਕ ਸਥਾਨਕ ਪੁਲਿਸ ਵੱਲੋਂ ਗ੍ਰਿਫ਼ਤਾਰ ਹੁੰਦਾ ਹੈ, ਤਾਂ ਉਸਦੀ ਪਛਾਣ ਅਤੇ ਉਂਗਲਾਂ ਦੇ ਨਿਸ਼ਾਨ ਸੰਘੀ ਡਾਟਾਬੇਸਾਂ ਨਾਲ ਮਿਲਾਏ ਜਾ ਸਕਦੇ ਹਨ। ਜੇਕਰ ਆਈਸ ਨੂੰ ਲੱਗਦਾ ਹੈ ਕਿ ਉਸ ਵਿਅਕਤੀ ਖ਼ਿਲਾਫ਼ ਇਮੀਗ੍ਰੇਸ਼ਨ ਕਾਰਵਾਈ ਬਣਦੀ ਹੈ, ਤਾਂ ਏਜੰਸੀ ਜੇਲ੍ਹ ਨੂੰ ਇਮੀਗ੍ਰੇਸ਼ਨ ਡਿਟੇਨਰ ਭੇਜ ਸਕਦੀ ਹੈ, ਜਿਸ ਨਾਲ ਆਮ ਰਿਹਾਈ ਤੋਂ ਬਾਅਦ ਉਸਨੂੰ ਆਈਸ ਹਵਾਲੇ ਕੀਤਾ ਜਾ ਸਕਦਾ ਹੈ।

ਜੁਲਾਈ ਦੇ ਅੰਕੜਿਆਂ ਬਾਰੇ ਵੱਖ-ਵੱਖ ਮੀਡੀਆ ਰਿਪੋਰਟਾਂ ਵਿਚ ਕੁਝ ਅੰਤਰ ਹੈ। ਫਾਕਸ ਨਿਊਜ਼ ਨੇ ਸੰਘੀ ਸੂਤਰਾਂ ਦੇ ਆਧਾਰ 'ਤੇ ਕਰੀਬ 51 ਹਜ਼ਾਰ ਗ੍ਰਿਫ਼ਤਾਰੀਆਂ ਦੱਸੀਆਂ ਹਨ, ਜਦਕਿ ਹੋਰ ਰਿਪੋਰਟਾਂ ਵਿਚ 46 ਹਜ਼ਾਰ ਤੋਂ ਵੱਧ ਲੋਕਾਂ ਦੇ ਆਈਸ ਹਿਰਾਸਤੀ ਪ੍ਰਬੰਧ ਵਿਚ ਦਾਖ਼ਲ ਹੋਣ ਦੀ ਜਾਣਕਾਰੀ ਦਿੱਤੀ ਗਈ ਹੈ।

ਸੈਂਕਚੁਅਰੀ ਖੇਤਰਾਂ ਵਿਚ ਸਥਾਨਕ ਸਹਿਯੋਗ ਸੀਮਤ ਹੋਣ ਕਾਰਨ ਆਈਸ ਨੂੰ ਕਮਿਊਨਿਟੀ ਅੰਦਰ ਵੱਖਰੀ ਕਾਰਵਾਈ ਕਰਨੀ ਪੈਂਦੀ ਹੈ।

ਵਧਦੀਆਂ ਗ੍ਰਿਫ਼ਤਾਰੀਆਂ ਨੇ ਆਈਸ ਦੇ ਹਿਰਾਸਤੀ ਕੇਂਦਰਾਂ ਉੱਤੇ ਵੀ ਭਾਰੀ ਦਬਾਅ ਪਾਇਆ ਹੈ। ਜੁਲਾਈ ਦੇ ਮੱਧ ਤੱਕ ਹਿਰਾਸਤ ਵਿਚ 65 ਹਜ਼ਾਰ ਤੋਂ ਵੱਧ ਲੋਕ ਹੋਣ ਦੀਆਂ ਰਿਪੋਰਟਾਂ ਸਨ ਅਤੇ ਮਹੀਨੇ ਦੇ ਅੰਤ ਤੱਕ ਇਹ ਗਿਣਤੀ ਲਗਭਗ 68 ਹਜ਼ਾਰ ਦੇ ਨੇੜੇ ਦੱਸੀ ਗਈ। ਇੰਨੀ ਵੱਡੀ ਗਿਣਤੀ ਲਈ ਹੋਰ ਬਿਸਤਰਿਆਂ, ਸੁਰੱਖਿਆ ਕਰਮਚਾਰੀਆਂ, ਮੈਡੀਕਲ ਸਹੂਲਤਾਂ, ਭੋਜਨ, ਆਵਾਜਾਈ ਅਤੇ ਕਾਨੂੰਨੀ ਪ੍ਰਬੰਧਾਂ ਦੀ ਲੋੜ ਪੈਂਦੀ ਹੈ। ਮਨੁੱਖੀ ਅਧਿਕਾਰ ਸੰਸਥਾਵਾਂ ਨੇ ਭੀੜ, ਮੈਡੀਕਲ ਸੇਵਾਵਾਂ ਦੀ ਘਾਟ, ਵਕੀਲਾਂ ਤੱਕ ਪਹੁੰਚ ਅਤੇ ਲੰਬੇ ਸਮੇਂ ਦੀ ਹਿਰਾਸਤ ਬਾਰੇ ਚਿੰਤਾ ਜਤਾਈ ਹੈ, ਜਦਕਿ ਸਰਕਾਰ ਕਹਿੰਦੀ ਹੈ ਕਿ ਨਵੀਂ ਫੰਡਿੰਗ ਰਾਹੀਂ ਸਹੂਲਤਾਂ ਵਧਾਈਆਂ ਜਾ ਰਹੀਆਂ ਹਨ।

ਟਰੰਪ ਪ੍ਰਸ਼ਾਸਨ ਰਿਕਾਰਡ ਗ੍ਰਿਫ਼ਤਾਰੀਆਂ ਨੂੰ ਆਪਣੀ ਇਮੀਗ੍ਰੇਸ਼ਨ ਨੀਤੀ ਦੀ ਵੱਡੀ ਸਫ਼ਲਤਾ ਵਜੋਂ ਪੇਸ਼ ਕਰ ਰਿਹਾ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਪਿਛਲੇ ਸਾਲਾਂ ਦੌਰਾਨ ਦੇਸ਼ ਨਿਕਾਲੇ ਦੇ ਹੁਕਮ ਹੋਣ ਦੇ ਬਾਵਜੂਦ ਬਹੁਤ ਸਾਰੇ ਲੋਕ ਅਮਰੀਕਾ ਵਿਚ ਰਹਿੰਦੇ ਰਹੇ ਅਤੇ ਕਾਨੂੰਨਾਂ ਨੂੰ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ। ਹੁਣ ਸਰਕਾਰ ਉਨ੍ਹਾਂ ਹੁਕਮਾਂ ਨੂੰ ਲਾਗੂ ਕਰ ਰਹੀ ਹੈ ਅਤੇ ਇਹ ਸੰਦੇਸ਼ ਦੇ ਰਹੀ ਹੈ ਕਿ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ। ਪ੍ਰਸ਼ਾਸਨ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਜੇਕਰ ਕਿਸੇ ਵਿਅਕਤੀ ਕੋਲ ਦੇਸ਼ ਵਿਚ ਰਹਿਣ ਦਾ ਕਾਨੂੰਨੀ ਹੱਕ ਨਹੀਂ ਜਾਂ ਅਦਾਲਤ ਨੇ ਉਸਨੂੰ ਦੇਸ਼ ਛੱਡਣ ਦਾ ਹੁਕਮ ਦਿੱਤਾ ਹੈ, ਤਾਂ ਸਰਕਾਰ ਦਾ ਫਰਜ਼ ਹੈ ਕਿ ਉਹ ਉਸ ਹੁਕਮ ਨੂੰ ਲਾਗੂ ਕਰੇ।

ਦੂਜੇ ਪਾਸੇ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ, ਡੈਮੋਕ੍ਰੇਟਿਕ ਆਗੂਆਂ, ਧਾਰਮਿਕ ਜਥੇਬੰਦੀਆਂ ਅਤੇ ਕੁਝ ਸਾਬਕਾ ਆਈਸ ਅਧਿਕਾਰੀਆਂ ਨੇ ਇਸ ਮੁਹਿੰਮ ਦੀ ਤੇਜ਼ ਰਫ਼ਤਾਰ ਉੱਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਅਧਿਕਾਰੀਆਂ ਉੱਤੇ ਹਰ ਰੋਜ਼ ਵੱਡੀ ਗਿਣਤੀ 'ਚ ਗ੍ਰਿਫ਼ਤਾਰੀਆਂ ਕਰਨ ਦਾ ਦਬਾਅ ਹੁੰਦਾ ਹੈ, ਤਾਂ ਗੰਭੀਰ ਅਪਰਾਧੀਆਂ ਦੀ ਥਾਂ ਅਜਿਹੇ ਲੋਕ ਵੀ ਨਿਸ਼ਾਨੇ 'ਤੇ ਆ ਸਕਦੇ ਹਨ, ਜਿਨ੍ਹਾਂ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਅਤੇ ਜੋ ਕਈ ਸਾਲਾਂ ਤੋਂ ਅਮਰੀਕਾ ਵਿਚ ਆਪਣੇ ਪਰਿਵਾਰਾਂ ਨਾਲ ਰਹਿ ਰਹੇ ਹਨ। ਵੱਡੇ ਪੱਧਰ ਦੀਆਂ ਗ੍ਰਿਫ਼ਤਾਰੀਆਂ ਨਾਲ ਪਰਿਵਾਰ ਵੱਖ ਹੋ ਸਕਦੇ ਹਨ, ਬੱਚਿਆਂ ਦੀ ਦੇਖਭਾਲ ਪ੍ਰਭਾਵਿਤ ਹੋ ਸਕਦੀ ਹੈ ਅਤੇ ਖੇਤੀਬਾੜੀ, ਨਿਰਮਾਣ, ਹੋਟਲ, ਰੈਸਟੋਰੈਂਟ ਅਤੇ ਘਰੇਲੂ ਸੇਵਾਵਾਂ ਵਰਗੇ ਖੇਤਰਾਂ ਵਿਚ ਮਜ਼ਦੂਰਾਂ ਦੀ ਘਾਟ ਪੈਦਾ ਹੋ ਸਕਦੀ ਹੈ।

ਇਮੀਗ੍ਰੇਸ਼ਨ ਅਦਾਲਤਾਂ ਪਹਿਲਾਂ ਹੀ ਬਹੁਤ ਵੱਡੇ ਬਕਾਇਆ ਮਾਮਲਿਆਂ ਦਾ ਸਾਹਮਣਾ ਕਰ ਰਹੀਆਂ ਹਨ। ਵਧਦੀਆਂ ਗ੍ਰਿਫ਼ਤਾਰੀਆਂ ਨਾਲ ਹੋਰ ਹਜ਼ਾਰਾਂ ਕੇਸ ਅਦਾਲਤਾਂ ਵਿਚ ਪਹੁੰਚ ਸਕਦੇ ਹਨ। ਜਿਨ੍ਹਾਂ ਲੋਕਾਂ ਕੋਲ ਅਸਾਇਲਮ, ਗ੍ਰੀਨ ਕਾਰਡ, ਪਰਿਵਾਰਕ ਪਟੀਸ਼ਨ ਜਾਂ ਹੋਰ ਕਾਨੂੰਨੀ ਰਾਹ ਲਈ ਲੰਬਿਤ ਅਰਜ਼ੀਆਂ ਹਨ, ਉਨ੍ਹਾਂ ਨੂੰ ਇਮੀਗ੍ਰੇਸ਼ਨ ਜੱਜ ਸਾਹਮਣੇ ਪੇਸ਼ ਹੋਣ ਦਾ ਹੱਕ ਮਿਲ ਸਕਦਾ ਹੈ, ਜਿਸ ਨਾਲ ਅਦਾਲਤਾਂ ਉੱਤੇ ਹੋਰ ਦਬਾਅ ਵਧੇਗਾ। ਕਿਸੇ ਵਿਅਕਤੀ ਦੀ ਆਈਸ ਵੱਲੋਂ ਗ੍ਰਿਫ਼ਤਾਰੀ ਦਾ ਮਤਲਬ ਇਹ ਨਹੀਂ ਹੁੰਦਾ ਕਿ ਉਸਨੂੰ ਤੁਰੰਤ ਅਮਰੀਕਾ ਤੋਂ ਬਾਹਰ ਭੇਜ ਦਿੱਤਾ ਜਾਵੇਗਾ। ਗ੍ਰਿਫ਼ਤਾਰੀ ਤੋਂ ਬਾਅਦ ਉਸਦੀ ਪਛਾਣ, ਇਮੀਗ੍ਰੇਸ਼ਨ ਇਤਿਹਾਸ, ਅਪਰਾਧਿਕ ਰਿਕਾਰਡ, ਪਿਛਲੇ ਅਦਾਲਤੀ ਹੁਕਮਾਂ ਅਤੇ ਮੌਜੂਦਾ ਕਾਨੂੰਨੀ ਮਾਮਲੇ ਦੀ ਜਾਂਚ ਕੀਤੀ ਜਾਂਦੀ ਹੈ।

ਇਸ ਸਥਿਤੀ ਕਾਰਨ ਪ੍ਰਵਾਸੀ ਭਾਈਚਾਰਿਆਂ ਵਿਚ ਡਰ ਅਤੇ ਚਿੰਤਾ ਵਧਣਾ ਸੁਭਾਵਿਕ ਹੈ। ਕਈ ਲੋਕਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦਾ ਪੁਰਾਣਾ ਇਮੀਗ੍ਰੇਸ਼ਨ ਮਾਮਲਾ ਕਿਸ ਪੜਾਅ 'ਤੇ ਹੈ, ਉਨ੍ਹਾਂ ਖ਼ਿਲਾਫ਼ ਕਦੇ ਦੇਸ਼ ਨਿਕਾਲੇ ਦਾ ਹੁਕਮ ਜਾਰੀ ਹੋਇਆ ਸੀ ਜਾਂ ਨਹੀਂ ਜਾਂ ਉਨ੍ਹਾਂ ਦੀ ਅਦਾਲਤੀ ਤਾਰੀਖ਼ ਕਦੋਂ ਹੈ। ਇਸ ਲਈ ਲੋਕਾਂ ਨੂੰ ਅਫ਼ਵਾਹਾਂ ਜਾਂ ਸੋਸ਼ਲ ਮੀਡੀਆ ਦੀ ਅਧੂਰੀ ਜਾਣਕਾਰੀ 'ਤੇ ਭਰੋਸਾ ਕਰਨ ਦੀ ਥਾਂ ਆਪਣੇ ਕੇਸ ਦੀ ਸਹੀ ਕਾਨੂੰਨੀ ਸਥਿਤੀ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਅਮਰੀਕੀ ਨਾਗਰਿਕਾਂ, ਕਾਨੂੰਨੀ ਸਥਾਈ ਨਿਵਾਸੀਆਂ, ਵੈਧ ਵੀਜ਼ਾ ਧਾਰਕਾਂ ਅਤੇ ਲੰਬਿਤ ਇਮੀਗ੍ਰੇਸ਼ਨ ਮਾਮਲਿਆਂ ਵਾਲੇ ਲੋਕਾਂ ਲਈ ਆਪਣੀ ਪਛਾਣ ਅਤੇ ਇਮੀਗ੍ਰੇਸ਼ਨ ਦਸਤਾਵੇਜ਼ ਸੁਰੱਖਿਅਤ ਰੱਖਣਾ ਬਹੁਤ ਮਹੱਤਵਪੂਰਨ ਹੈ।

ਜਿਨ੍ਹਾਂ ਲੋਕਾਂ ਦੀ ਇਮੀਗ੍ਰੇਸ਼ਨ ਅਦਾਲਤ ਵਿਚ ਤਾਰੀਖ਼ ਹੈ, ਉਨ੍ਹਾਂ ਨੂੰ ਸਮੇਂ ਸਿਰ ਹਾਜ਼ਰ ਹੋਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਨੂੰ ਆਈਸ ਕੋਲ ਨਿਯਮਿਤ ਹਾਜ਼ਰੀ ਲਗਾਉਣੀ ਪੈਂਦੀ ਹੈ, ਉਨ੍ਹਾਂ ਨੂੰ ਆਪਣੀ ਕਾਨੂੰਨੀ ਸਥਿਤੀ ਅਤੇ ਸੰਭਾਵਤ ਖ਼ਤਰੇ ਬਾਰੇ ਪਹਿਲਾਂ ਹੀ ਕਿਸੇ ਯੋਗ ਇਮੀਗ੍ਰੇਸ਼ਨ ਵਕੀਲ ਨਾਲ ਸਲਾਹ ਕਰਨੀ ਚਾਹੀਦੀ ਹੈ। ਕਿਸੇ ਵੀ ਸਰਕਾਰੀ ਦਸਤਾਵੇਜ਼, ਅਦਾਲਤੀ ਨੋਟਿਸ ਜਾਂ ਪਤੇ ਦੀ ਤਬਦੀਲੀ ਨੂੰ ਨਜ਼ਰਅੰਦਾਜ਼ ਕਰਨਾ ਗੰਭੀਰ ਨਤੀਜੇ ਪੈਦਾ ਕਰ ਸਕਦਾ ਹੈ। ਲੋਕਾਂ ਨੂੰ ਆਪਣੇ ਪਰਿਵਾਰ ਲਈ ਐਮਰਜੈਂਸੀ ਯੋਜਨਾ, ਜ਼ਰੂਰੀ ਸੰਪਰਕ ਨੰਬਰ ਅਤੇ ਮਹੱਤਵਪੂਰਨ ਦਸਤਾਵੇਜ਼ਾਂ ਦੀਆਂ ਨਕਲਾਂ ਵੀ ਸੁਰੱਖਿਅਤ ਥਾਂ 'ਤੇ ਰੱਖਣੀਆਂ ਚਾਹੀਦੀਆਂ ਹਨ।

ਆਉਣ ਵਾਲੇ ਮਹੀਨਿਆਂ ਵਿਚ ਸਭ ਤੋਂ ਮਹੱਤਵਪੂਰਨ ਸਵਾਲ ਇਹ ਹੋਵੇਗਾ ਕਿ ਕੀ ਆਈਸ ਦੀਆਂ ਗ੍ਰਿਫ਼ਤਾਰੀਆਂ ਦੀ ਰਫ਼ਤਾਰ ਹੋਰ ਵਧਦੀ ਹੈ, ਕਿੰਨੇ ਲੋਕਾਂ ਨੂੰ ਅਸਲ ਵਿਚ ਦੇਸ਼ ਤੋਂ ਬਾਹਰ ਭੇਜਿਆ ਜਾਂਦਾ ਹੈ, ਕਿੰਨੇ ਲੋਕਾਂ ਨੂੰ ਅਦਾਲਤ ਜਾਂ ਜ਼ਮਾਨਤ ਰਾਹੀਂ ਰਾਹਤ ਮਿਲਦੀ ਹੈ ਅਤੇ ਵਧਦੀਆਂ ਕਾਰਵਾਈਆਂ ਨਾਲ ਇਮੀਗ੍ਰੇਸ਼ਨ ਅਦਾਲਤਾਂ, ਹਿਰਾਸਤੀ ਕੇਂਦਰਾਂ, ਸਥਾਨਕ ਕਾਰੋਬਾਰਾਂ ਅਤੇ ਅਮਰੀਕਾ ਵਿਚ ਰਹਿੰਦੇ ਲੱਖਾਂ ਪ੍ਰਵਾਸੀ ਪਰਿਵਾਰਾਂ ਉੱਤੇ ਕੀ ਅਸਰ ਪੈਂਦਾ ਹੈ। ਫ਼ਿਲਹਾਲ ਇੱਕ ਗੱਲ ਸਪੱਸ਼ਟ ਹੈ ਕਿ ਅਮਰੀਕਾ ਵਿਚ ਇਮੀਗ੍ਰੇਸ਼ਨ ਕਾਨੂੰਨਾਂ ਦੀ ਲਾਗੂਕਰਨ ਨੀਤੀ ਪਹਿਲਾਂ ਨਾਲੋਂ ਕਿਤੇ ਵੱਧ ਸਖ਼ਤ ਹੋ ਚੁੱਕੀ ਹੈ ਅਤੇ ਕਿਸੇ ਵੀ ਵਿਅਕਤੀ ਲਈ ਆਪਣੇ ਇਮੀਗ੍ਰੇਸ਼ਨ ਮਾਮਲੇ ਨੂੰ ਲਾਪ੍ਰਵਾਹੀ ਨਾਲ ਲੈਣਾ ਹੁਣ ਵੱਡਾ ਖ਼ਤਰਾ ਬਣ ਸਕਦਾ ਹੈ।

# ਕਾਨੂੰਨ ਪ੍ਰਬੰਧ, ਚੁੱਪ ਅਤੇ ਉੱਠਦੇ ਸਵਾਲ



ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਇਤਿਹਾਸ ਗਵਾਹ ਹੈ ਕਿ ਸਿਫ਼ਾਰਸ਼ੀ ਕਮੇਟੀਆਂ ਬਣਦੀਆਂ ਹਨ, ਰਿਪੋਰਟਾਂ ਆਉਂਦੀਆਂ ਹਨ, ਪਰ ਫਿਰ ਵੀ ਪ੍ਰਬੰਧ ਉੱਥੇ ਦਾ ਉੱਥੇ ਹੀ ਖੜ੍ਹਾ ਰਹਿੰਦਾ ਹੈ। ਸਾਲ-ਦਰ-ਸਾਲ ਪ੍ਰੀਖਿਆਵਾਂ ਦੇ ਪਰਚੇ ਲੀਕ ਹੁੰਦੇ ਰਹਿੰਦੇ ਹਨ। ਸਰਕਾਰ, ਪ੍ਰੀਖਿਆ ਪ੍ਰਣਾਲੀ ਅਤੇ ਪ੍ਰਬੰਧ ਵਿਚ ਸੁਧਾਰ ਲਿਆਉਣ ਪ੍ਰਤੀ ਆਖ਼ਰ ਚੁੱਪ ਵੱਟੀ ਕਿਉਂ ਬੈਠੀ ਰਹਿੰਦੀ ਹੈ?

ਸਾਲ 2020 ਤੋਂ 2025 ਦੇ ਵਿਚਕਾਰ 45 ਵੱਡੇ ਪੇਪਰ ਲੀਕ ਹੋਏ, ਪਰ ਸਿਰਫ਼ ਦੋ ਮਾਮਲਿਆਂ ਵਿਚ ਹੀ ਦੋਸ਼ੀਆਂ ਨੂੰ ਸਜ਼ਾ ਮਿਲ ਸਕੀ। ਸਾਲ 2024 ਵਿਚ ਪੇਪਰ ਲੀਕ ਦੇ ਮਾਮਲਿਆਂ ਨੂੰ ਰੋਕਣ ਲਈ ਕੇਂਦਰ ਸਰਕਾਰ ਵੱਲੋਂ 'ਪਬਲਿਕ ਐਗਜ਼ਾਮੀਨੇਸ਼ਨ (ਪ੍ਰੀਵੈਂਸ਼ਨ ਆਫ਼ ਅਨਫੇਅਰ ਮੀਨਜ਼) ਐਕਟ' ਬਣਾਇਆ ਗਿਆ ਸੀ। ਪਰ 2026 ਵਿਚ ਫਿਰ ਤੋਂ ਨੀਟ ਵਰਗੀਆਂ ਮੁੱਖ ਪ੍ਰੀਖਿਆਵਾਂ ਦੇ ਪਰਚੇ ਲੀਕ ਹੋ ਗਏ। ਇਸ ਤੋਂ ਬਾਅਦ ਇੱਕ ਹੋਰ ਨਵਾਂ ਸੋਧ ਬਿੱਲ ਪਾਸ ਕਰਕੇ ਸਜ਼ਾ ਵਧਾ ਦਿੱਤੀ ਗਈ ਹੈ।

ਨਵੇਂ ਕਾਨੂੰਨ ਦੇ ਮੁੱਖ ਤੱਥਾਂ 'ਤੇ ਨਜ਼ਰ ਮਾਰੀਏ, ਤਾਂ ਇਸ ਵਿਚ ਅਪਰਾਧੀਆਂ ਲਈ 3 ਤੋਂ 5 ਸਾਲ ਦੀ ਕੈਦ ਨੂੰ ਵਧਾ ਕੇ 5 ਤੋਂ 10 ਸਾਲ ਤੱਕ ਕਰ ਦਿੱਤਾ ਗਿਆ ਹੈ ਅਤੇ ਜੁਰਮਾਨਾ 10 ਲੱਖ ਤੋਂ ਵਧਾ ਕੇ 1 ਕਰੋੜ ਰੁਪਏ ਤੱਕ ਮਿੱਥਿਆ ਗਿਆ ਹੈ। ਸੰਗਠਿਤ ਅਪਰਾਧਿਕ ਗਿਰੋਹਾਂ ਦੀਆਂ ਸੰਪਤੀਆਂ ਜ਼ਬਤ ਕਰਨ, ਪ੍ਰੀਖਿਆ ਸੰਚਾਲਨ ਕਰਨ ਵਾਲੀਆਂ ਏਜੰਸੀਆਂ ਦੇ ਦੋਸ਼ੀ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਕਰਨ ਅਤੇ ਕੇਸਾਂ ਨੂੰ ਗੈਰ-ਜ਼ਮਾਨਤੀ ਸ਼੍ਰੇਣੀ ਵਿਚ ਰੱਖਣ ਦੇ ਉਪਬੰਧ ਕੀਤੇ ਗਏ ਹਨ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਸਿਰਫ਼ ਕਾਨੂੰਨ ਦੀਆਂ ਕਿਤਾਬਾਂ ਵਿਚ ਸਜ਼ਾਵਾਂ ਸਖ਼ਤ ਲਿਖ ਦੇਣ ਨਾਲ ਪੇਪਰ ਲੀਕ ਹੋਣਾ ਬੰਦ ਹੋ ਜਾਵੇਗਾ? ਅਸਲ ਮੁੱਦਾ ਤਾਂ ਇਹ ਹੈ ਕਿ ਪੇਪਰ ਲੀਕ ਹੋਣ ਦੇ ਮੁੱਖ ਕਾਰਨਾਂ ਅਤੇ ਪ੍ਰਬੰਧਕੀ ਨਾਕਾਮੀਆਂ 'ਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ? ਇਸ ਦਾ ਜਵਾਬ ਫਿਲਹਾਲ ਕਿਧਰੇ ਨਜ਼ਰ ਨਹੀਂ ਆਉਂਦਾ।

ਜੇਕਰ ਹਾਲੀਆ ਘਟਨਾਵਾਂ 'ਤੇ ਝਾਤ ਮਾਰੀਏ, ਤਾਂ ਸਰਕਾਰ ਅਤੇ ਪ੍ਰੀਖਿਆ ਏਜੰਸੀਆਂ ਦੇ ਭੈੜੇ ਪ੍ਰਬੰਧ ਦੀ ਪੋਲ ਖੁੱਲ੍ਹ ਜਾਂਦੀ ਹੈ। ਨੀਟ-ਯੂ.ਜੀ.ਸੀ.- 2024 ਪ੍ਰੀਖਿਆ ਦੌਰਾਨ ਪਟਨਾ ਵਿਚ ਉਮੀਦਵਾਰਾਂ ਨੂੰ ਪ੍ਰਸ਼ਨ ਪੱਤਰ ਰਟਵਾਏ ਜਾਣ ਦੇ ਖੁਲਾਸੇ ਹੋਏ, ਗੋਧਰਾ ਵਿਚ ਕੇਂਦਰ ਸੈਟਿੰਗ ਦੇ ਮਾਮਲੇ ਸਾਹਮਣੇ ਆਏ ਅਤੇ ਅਚਾਨਕ ਦਰਜਨਾਂ ਵਿਦਿਆਰਥੀਆਂ ਦੇ ਪੂਰੇ ਅੰਕ ਆਉਣ ਨਾਲ ਦੇਸ਼ ਭਰ ਵਿਚ ਹਾਹਾਕਾਰ ਮਚ ਗਈ। ਇਸ ਤੋਂ ਤੁਰੰਤ ਬਾਅਦ ਯੂ.ਜੀ.ਸੀ.-ਨੀਟ ਪ੍ਰੀਖਿਆ ਨੂੰ ਗ੍ਰਹਿ ਮੰਤਰਾਲੇ ਦੀਆਂ ਰਿਪੋਰਟਾਂ ਤੋਂ ਬਾਅਦ ਰੱਦ ਕਰਨਾ ਪਿਆ ਅਤੇ ਸੀ.ਐੱਸ.ਆਈ.ਆਰ.-ਨੀਟ ਦੀਆਂ ਪ੍ਰੀਖਿਆਵਾਂ ਮੁਲਤਵੀ ਕਰਨੀਆਂ ਪਈਆਂ। ਹੱਦ ਤਾਂ ਉਦੋਂ ਹੋ ਗਈ, ਜਦੋਂ 2026 ਵਿਚ ਸੀਕਰ ਗਿਰੋਹ ਵੱਲੋਂ ਫਿਰ ਤੋਂ ਪਰਚਾ ਲੀਕ ਕਰਨ ਦਾ ਮਾਮਲਾ ਸਾਹਮਣੇ ਆਇਆ। ਇਹ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਸਰਕਾਰ ਦਾ ਪ੍ਰਬੰਧਕੀ ਢਾਂਚਾ ਅੰਦਰੋਂ ਬਿਲਕੁਲ ਖੋਖਲਾ ਹੋ ਚੁੱਕਾ ਹੈ।

ਪੇਪਰ ਲੀਕ ਮਾਮਲੇ 'ਤੇ ਇੱਕ ਬਹੁਤ ਹੀ ਮਹੱਤਵਪੂਰਨ ਸਮਿਤੀ 'ਇਸਰੋ' ਦੇ ਸਾਬਕਾ ਮੁਖੀ ਡਾ. ਰਾਧਾਕ੍ਰਿਸ਼ਨਨ ਦੀ ਅਗਵਾਈ ਹੇਠ ਬਣਾਈ ਗਈ ਸੀ। ਉਸ ਸਮਿਤੀ ਨੇ 101 ਮਹੱਤਵਪੂਰਨ ਸਿਫ਼ਾਰਸ਼ਾਂ ਦਿੱਤੀਆਂ ਸਨ, ਪਰ ਅਫ਼ਸੋਸ ਕਿ ਉਨ੍ਹਾਂ ਵਿਚੋਂ ਇੱਕ ਵੀ ਲਾਗੂ ਨਹੀਂ ਕੀਤੀ ਗਈ। ਹੁਣ ਇੱਕ ਹੋਰ ਨਵੀਂ ਕਮੇਟੀ ਨੰਦਨ ਨੀਲੇਕਣੀ ਦੀ ਅਗਵਾਈ ਵਿਚ ਗਠਿਤ ਕਰ ਦਿੱਤੀ ਗਈ ਹੈ। ਇੱਥੇ ਸਵਾਲ ਉੱਠਦਾ ਹੈ ਕਿ ਪ੍ਰਾਪਤ ਹੋਈਆਂ ਪੁਰਾਣੀਆਂ ਸਿਫ਼ਾਰਸ਼ਾਂ ਨੂੰ ਕਦੋਂ ਲਾਗੂ ਕੀਤਾ ਜਾਵੇਗਾ ਅਤੇ ਨਵੀਂ ਕਮੇਟੀ ਦੀਆਂ ਰਿਪੋਰਟਾਂ ਕਦੋਂ ਆਉਣਗੀਆਂ? ਇਸ ਬਾਰੇ ਕੋਈ ਨਹੀਂ ਜਾਣਦਾ।

ਨਵਾਂ ਕਾਨੂੰਨ ਪਾਸ ਕਰਨ ਪਿੱਛੇ ਆਖ਼ਰ ਸਰਕਾਰ ਦਾ ਕੀ ਮਕਸਦ ਸੀ? ਕੀ ਸਿਰਫ਼ ਨੌਜਵਾਨਾਂ ਵਿਚ ਵਧ ਰਹੇ ਰੋਸ ਨੂੰ ਠੰਢਾ ਕਰਨਾ ਸੀ, ਜਾਂ ਇਹ ਦਿਖਾਉਣਾ ਸੀ ਕਿ ਸਰਕਾਰ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਹੈ?

ਦਿਲਚਸਪ ਗੱਲ ਇਹ ਹੈ ਕਿ ਦੇਸ਼ ਦੇ ਕਈ ਰਾਜਾਂ ਵਿਚ ਪੇਪਰ ਲੀਕ ਮਾਮਲਿਆਂ ਲਈ ਪਹਿਲਾਂ ਹੀ ਬਹੁਤ ਸਖ਼ਤ ਸਜ਼ਾਵਾਂ ਦਾ ਉਪਬੰਧ ਹੈ। ਉੱਤਰ ਪ੍ਰਦੇਸ਼ ਵਿਚ 2024 ਦੇ ਕਾਨੂੰਨ ਅਨੁਸਾਰ ਅਪਰਾਧ ਕਰਨ ਵਾਲੇ ਨੂੰ 1 ਕਰੋੜ ਰੁਪਏ ਜੁਰਮਾਨਾ, ਉਮਰ ਕੈਦ ਦੀ ਸਜ਼ਾ ਅਤੇ ਬਿਨਾਂ ਜ਼ਮਾਨਤ ਦਾ ਪ੍ਰਬੰਧ ਹੈ। ਰਾਜਸਥਾਨ ਵਿਚ 2023 ਦੀ ਸੋਧ ਅਨੁਸਾਰ 10 ਸਾਲ ਤੋਂ ਲੈ ਕੇ ਉਮਰ ਕੈਦ ਅਤੇ 10 ਲੱਖ ਤੋਂ 10 ਕਰੋੜ ਰੁਪਏ ਤੱਕ ਦਾ ਜੁਰਮਾਨਾ ਹੈ। ਉੜੀਸਾ, ਗੁਜਰਾਤ, ਝਾਰਖੰਡ, ਛੱਤੀਸਗੜ੍ਹ ਅਤੇ ਉੱਤਰਾਖੰਡ ਵਿਚ ਵੀ ਅਜਿਹੇ ਹੀ ਸਖ਼ਤ ਕਾਨੂੰਨ ਹਨ। ਇਨ੍ਹਾਂ ਸਾਰੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਉੱਤਰ ਪ੍ਰਦੇਸ਼ ਸਮੇਤ ਕਈ ਰਾਜਾਂ ਵਿਚ ਪਰਚੇ ਲੀਕ ਹੁੰਦੇ ਰਹੇ। ਜਦੋਂ 2026 ਵਿਚ ਪਰਚਾ ਲੀਕ ਹੋਇਆ, ਤਾਂ ਲਗਭਗ 2.27 ਕਰੋੜ ਵਿਦਿਆਰਥੀ ਪ੍ਰਭਾਵਿਤ ਹੋਏ ਅਤੇ ਪ੍ਰੀਖਿਆਵਾਂ ਰੱਦ ਕਰਨੀਆਂ ਪਈਆਂ। ਸੰਸਦ ਵਿਚ ਸੋਧ ਕਰਕੇ ਸਜ਼ਾਵਾਂ ਵਧਾਈਆਂ ਗਈਆਂ, ਫਾਸਟ-ਟ੍ਰੈਕ ਅਦਾਲਤਾਂ ਅਤੇ ਐੱਸ.ਟੀ.ਐੱਫ. ਦੀ ਜਾਂਚ ਦਾ ਅਧਿਕਾਰ ਦਿੱਤਾ ਗਿਆ। ਪਰ ਇੱਕ ਰਿਪੋਰਟ ਅਨੁਸਾਰ, 30 ਅਪ੍ਰੈਲ 2026 ਤੱਕ ਦੇਸ਼ ਵਿਚ 775 ਫਾਸਟ-ਟ੍ਰੈਕ ਅਦਾਲਤਾਂ ਹਨ, ਜਿਨ੍ਹਾਂ ਵਿਚ 2,45,000 ਮਾਮਲੇ ਲੰਬਿਤ ਪਏ ਹਨ। ਸਾਲ 2024 ਵਿਚ ਇਨ੍ਹਾਂ ਅਦਾਲਤਾਂ ਨੇ 85,595 ਮਾਮਲੇ ਨਿਪਟਾਏ, ਜੋ 2025 ਵਿਚ ਘੱਟ ਕੇ 66,500 ਰਹਿ ਗਏ। ਜੇਕਰ ਫਾਸਟ-ਟ੍ਰੈਕ ਅਦਾਲਤਾਂ ਦੀ ਰਫ਼ਤਾਰ ਹੀ ਇਹ ਰਹੇਗੀ, ਤਾਂ ਤੁਰੰਤ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ?

ਇਸ ਪੂਰੀ ਖੇਡ ਵਿਚ ਸਭ ਤੋਂ ਖ਼ਤਰਨਾਕ ਅਤੇ ਸ਼ਰਮਨਾਕ ਭੂਮਿਕਾ ਦੇਸ਼ ਵਿਚ ਫੈਲੇ 'ਕੋਚਿੰਗ ਮਾਫ਼ੀਆ' ਦੀ ਹੈ। ਅਖ਼ਬਾਰਾਂ ਦੇ ਪੂਰੇ-ਪੂਰੇ ਸਫ਼ਿਆਂ 'ਤੇ ਛਪਣ ਵਾਲੇ ਕਰੋੜਾਂ ਰੁਪਏ ਦੇ ਦਿਲ ਖਿੱਚਵੇਂ ਇਸ਼ਤਿਹਾਰ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਇਹ ਕੋਚਿੰਗ ਸੈਂਟਰ ਹੁਣ ਵਿੱਦਿਆ ਦੇ ਮੰਦਰ ਨਹੀਂ, ਸਗੋਂ ਵਪਾਰਕ ਅੱਡੇ ਬਣ ਚੁੱਕੇ ਹਨ। ਲੱਖਾਂ ਰੁਪਏ ਦੀਆਂ ਮੋਟੀਆਂ ਫੀਸਾਂ ਬਟੋਰ ਕੇ ਇਹ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਖੁੱਲ੍ਹੇਆਮ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਜੋ ਵਿਦਿਆਰਥੀ ਭਾਰੀ ਫੀਸਾਂ ਭਰਨ ਤੋਂ ਅਸਮਰੱਥ ਹੁੰਦੇ ਹਨ, ਉਨ੍ਹਾਂ ਨੂੰ ਜਿਸ ਮਾਨਸਿਕ ਤਸ਼ੱਦਦ, ਹੀਣ ਭਾਵਨਾ ਅਤੇ ਤਣਾਅ ਵਿਚੋਂ ਲੰਘਣਾ ਪੈਂਦਾ ਹੈ, ਉਸ ਦਾ ਅੰਦਾਜ਼ਾ ਲਗਾਉਣਾ ਵੀ ਔਖਾ ਹੈ। ਇਹੋ ਕੋਚਿੰਗ ਸੰਸਥਾਵਾਂ ਅਤੇ ਉਨ੍ਹਾਂ ਦੇ ਦਲਾਲ ਕਰੋੜਾਂ ਰੁਪਏ ਦੇ ਕਾਲੇ ਧਨ ਦੇ ਦਮ 'ਤੇ ਪ੍ਰੀਖਿਆ ਪ੍ਰਣਾਲੀ ਵਿਚ ਅੰਦਰ ਤੱਕ ਘੁਸਪੈਠ ਕਰਦੇ ਹਨ। ਅਖੌਤੀ ਸਫ਼ਲਤਾ ਦੇ ਦਾਅਵੇ ਵੇਚਣ ਲਈ ਇਹ ਮਾਫ਼ੀਆ ਆਪ ਹੀ ਕਰੋੜਾਂ ਰੁਪਏ ਲਗਾ ਕੇ ਪੇਪਰ ਲੀਕ ਕਰਵਾਉਣ ਵਿਚ ਸਹਾਈ ਹੁੰਦਾ ਹੈ। ਇਹ ਸਿਰਫ਼ ਇੱਕ ਪ੍ਰੀਖਿਆ ਦੀ ਗੜਬੜੀ ਨਹੀਂ, ਸਗੋਂ ਪੂਰੇ ਦੇਸ਼ ਵਿਚ ਫੈਲਿਆ ਇੱਕ ਅਜਿਹਾ ਸੰਗਠਿਤ ਅਪਰਾਧਿਕ ਜਾਲ ਹੈ, ਜਿਸ ਦਾ ਮੁੱਖ ਮਕਸਦ ਵਿਦਿਆਰਥੀਆਂ ਦੇ ਹੱਕਾਂ 'ਤੇ ਡਾਕਾ ਮਾਰਨਾ ਅਤੇ ਲਾਚਾਰੀ ਦਾ ਫਾਇਦਾ ਚੁੱਕਣਾ ਹੈ।

ਜਾਂਚ ਰਿਪੋਰਟਾਂ ਦੱਸਦੀਆਂ ਹਨ ਕਿ ਪੇਪਰ ਲੀਕ ਦੇ ਨੈੱਟਵਰਕ ਵਿਚ ਪ੍ਰੀਖਿਆ ਕੇਂਦਰ, ਛਪਾਈ ਪ੍ਰੈੱਸ, ਵਿਚੋਲੇ ਅਤੇ ਇਹ ਕੋਚਿੰਗ ਗਿਰੋਹ ਆਪਸ ਵਿਚ ਮਿਲੇ ਹੁੰਦੇ ਹਨ। ਨੀਟ 2024 (ਪਟਨਾ), ਯੂ.ਜੀ.ਸੀ. ਨੈੱਟ ਅਤੇ ਨੀਟ 2026 (ਸੀਕਰ ਗਿਰੋਹ) ਦੇ ਮਾਮਲਿਆਂ ਵਿਚ ਗ੍ਰਿਫ਼ਤਾਰੀਆਂ ਤਾਂ ਹੋਈਆਂ, ਪਰ ਅੰਤ ਵਿਚ ਮਾਮਲਾ ਠੰਢਾ ਪੈ ਜਾਂਦਾ ਹੈ।

ਸਾਲ 2022 ਤੋਂ 2025 ਤੱਕ 43 ਮਾਮਲਿਆਂ ਵਿਚੋਂ ਸਿਰਫ਼ 2 ਵਿਚ ਹੀ ਸਜ਼ਾ ਹੋ ਸਕੀ। ਬਾਕੀ ਮਾਮਲਿਆਂ ਵਿਚ ਦੋਸ਼ੀ ਕੌਣ ਸਨ, ਕੋਈ ਨਹੀਂ ਜਾਣਦਾ। ਸਰਕਾਰ ਦੀ ਸਭ ਤੋਂ ਵੱਡੀ ਨਾਕਾਮੀ ਇਹ ਹੈ ਕਿ ਉਹ ਅਫ਼ਸਰਸ਼ਾਹੀ ਦੀ ਅਣਗਹਿਲੀ, ਰਾਜਨੀਤਿਕ ਸਰਪ੍ਰਸਤੀ ਅਤੇ ਇਸ ਕੋਚਿੰਗ ਮਾਫ਼ੀਆ 'ਤੇ ਚੁੱਪ ਧਾਰੀ ਬੈਠੀ ਹੈ।

ਸਾਲ 2024 ਵਿਚ ਚਰਚਾ ਵਿਚ ਆਈ ਨੈਸ਼ਨਲ ਟੈਸਟਿੰਗ ਏਜੰਸੀ ਯਾਨੀ 'ਐੱਨ.ਟੀ.ਏ.' ਵੱਲੋਂ ਹੁਣ ਤੱਕ 5.4 ਕਰੋੜ ਤੋਂ ਵੱਧ ਉਮੀਦਵਾਰਾਂ ਲਈ 240 ਤੋਂ ਵੱਧ ਪ੍ਰੀਖਿਆਵਾਂ ਕਰਵਾਈਆਂ ਗਈਆਂ ਹਨ, ਪਰ ਇਸ ਸੰਸਥਾ ਦੀ ਸਮਰੱਥਾ ਅਤੇ ਕਾਰਜ-ਕੁਸ਼ਲਤਾ ਵਿਚ ਕੋਈ ਸੁਧਾਰ ਨਹੀਂ ਹੋਇਆ। ਇਹ ਏਜੰਸੀ ਅਚਾਨਕ ਪ੍ਰੀਖਿਆ ਦੀਆਂ ਤਾਰੀਖਾਂ ਅਤੇ ਸ਼ਡਿਊਲ ਵਿਚ ਬਦਲਾਅ ਕਰ ਦਿੰਦੀ ਹੈ, ਜਿਸ ਨਾਲ ਵਿਦਿਆਰਥੀਆਂ 'ਤੇ ਮਾਨਸਿਕ ਬੋਝ ਹੋਰ ਵਧ ਜਾਂਦਾ ਹੈ।

ਸਾਲ 2022 ਤੋਂ 2025 ਤੱਕ 43 ਮਾਮਲਿਆਂ ਵਿਚੋਂ ਸਿਰਫ਼ 2 ਵਿਚ ਹੀ ਸਜ਼ਾ ਹੋ ਸਕੀ। ਬਾਕੀ ਮਾਮਲਿਆਂ ਵਿਚ ਦੋਸ਼ੀ ਕੌਣ ਸਨ, ਕੋਈ ਨਹੀਂ ਜਾਣਦਾ। ਸਰਕਾਰ ਦੀ ਸਭ ਤੋਂ ਵੱਡੀ ਨਾਕਾਮੀ ਇਹ ਹੈ ਕਿ ਉਹ ਅਫ਼ਸਰਸ਼ਾਹੀ ਦੀ ਅਣਗਹਿਲੀ, ਰਾਜਨੀਤਿਕ ਸਰਪ੍ਰਸਤੀ ਅਤੇ ਇਸ ਕੋਚਿੰਗ ਮਾਫ਼ੀਆ 'ਤੇ ਚੁੱਪ ਧਾਰੀ ਬੈਠੀ ਹੈ। ਸਾਲ 2024 ਵਿਚ ਚਰਚਾ ਵਿਚ ਆਈ ਨੈਸ਼ਨਲ ਟੈਸਟਿੰਗ ਏਜੰਸੀ ਯਾਨੀ 'ਐੱਨ.ਟੀ.ਏ.' ਵੱਲੋਂ ਹੁਣ ਤੱਕ 5.4 ਕਰੋੜ ਤੋਂ ਵੱਧ ਉਮੀਦਵਾਰਾਂ ਲਈ 240 ਤੋਂ ਵੱਧ ਪ੍ਰੀਖਿਆਵਾਂ ਕਰਵਾਈਆਂ ਗਈਆਂ ਹਨ, ਪਰ ਇਸ ਸੰਸਥਾ ਦੀ ਸਮਰੱਥਾ ਅਤੇ ਕਾਰਜ-ਕੁਸ਼ਲਤਾ ਵਿਚ ਕੋਈ ਸੁਧਾਰ ਨਹੀਂ ਹੋਇਆ। ਇਹ ਏਜੰਸੀ ਅਚਾਨਕ ਪ੍ਰੀਖਿਆ ਦੀਆਂ ਤਾਰੀਖਾਂ ਅਤੇ ਸ਼ਡਿਊਲ ਵਿਚ ਬਦਲਾਅ ਕਰ ਦਿੰਦੀ ਹੈ, ਜਿਸ ਨਾਲ ਵਿਦਿਆਰਥੀਆਂ 'ਤੇ ਮਾਨਸਿਕ ਬੋਝ ਹੋਰ ਵਧ ਜਾਂਦਾ ਹੈ।

ਪੇਪਰ ਲੀਕ ਦੀ ਸਮੱਸਿਆ ਸਿਰਫ਼ ਭਾਰਤ ਵਿਚ ਹੀ ਨਹੀਂ, ਸਗੋਂ ਦੁਨੀਆਂ ਦੇ ਹੋਰਨਾਂ ਦੇਸ਼ਾਂ ਵਿਚ ਵੀ ਰਹੀ ਹੈ, ਪਰ ਉਨ੍ਹਾਂ ਨੇ ਇਸ ਦਾ ਠੋਸ ਹੱਲ ਕੱਢਿਆ ਹੈ। ਚੀਨ ਨੇ ਇਸ ਨੂੰ ਰਾਸ਼ਟਰੀ ਸੁਰੱਖਿਆ ਦਾ ਮੁੱਦਾ ਮੰਨਦਿਆਂ ਸਖ਼ਤ ਸੁਰੱਖਿਆ ਪ੍ਰੋਟੋਕੋਲ ਅਤੇ ਆਧੁਨਿਕ ਤਕਨੀਕ ਲਾਗੂ ਕੀਤੀ। ਅਮਰੀਕਾ ਨੇ ਕੰਪਿਊਟਰ-ਆਧਾਰਿਤ ਪ੍ਰੀਖਿਆਵਾਂ ਲਾਗੂ ਕਰਕੇ ਪਰਚਾ ਲੀਕ ਕਰਨ ਵਾਲੇ ਗਿਰੋਹਾਂ ਦਾ ਜਾਲ ਤੋੜਿਆ। ਬਰਤਾਨੀਆ ਨੇ 'ਕੰਟਰੈਕਟ ਚੀਟਿੰਗ' (ਪੈਸੇ ਦੇ ਕੇ ਆਨਲਾਈਨ ਟੈਸਟ ਦਿਵਾਉਣਾ) ਨੂੰ ਰੋਕਣ ਲਈ 'ਸਕਿੱਲਜ਼ ਐਂਡ ਪੋਸਟ-16 ਐਜੂਕੇਸ਼ਨ ਐਕਟ 2022' ਬਣਾ ਕੇ ਅਜਿਹੀਆਂ ਸੇਵਾਵਾਂ ਨੂੰ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਕਰਾਰ ਦਿੱਤਾ। ਡਾ. ਰਾਧਾਕ੍ਰਿਸ਼ਨਨ ਸਮਿਤੀ ਨੇ ਸੁਝਾਅ ਦਿੱਤਾ ਸੀ ਕਿ ਪੇਪਰ ਦੀ ਛਪਾਈ ਤੋਂ ਲੈ ਕੇ ਪ੍ਰੀਖਿਆ ਕੇਂਦਰਾਂ ਤੱਕ ਪਹੁੰਚਾਉਣ, ਉਮੀਦਵਾਰਾਂ ਦੀ ਸ਼ਨਾਖਤ ਅਤੇ ਸ਼ਿਕਾਇਤ ਨਿਵਾਰਨ ਲਈ ਸੀ.ਪੀ.ਪੀ.ਟੀ. ਯਾਨੀ ਸੁਰੱਖਿਅਤ ਡਿਜ਼ੀਟਲ ਪ੍ਰਣਾਲੀ ਅਪਣਾਈ ਜਾਵੇ। ਪਰ ਇਨ੍ਹਾਂ ਸੁਝਾਵਾਂ 'ਤੇ ਅਮਲ ਨਹੀਂ ਕੀਤਾ ਗਿਆ।

ਪੇਪਰ ਲੀਕ ਸਿਰਫ਼ ਪ੍ਰਬੰਧਕੀ ਨਾਕਾਮੀ ਨਹੀਂ, ਸਗੋਂ ਲੱਖਾਂ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਹੈ, ਜੋ ਉਨ੍ਹਾਂ ਦੀਆਂ ਸਾਲਾਂ ਦੀ ਮਿਹਨਤ 'ਤੇ ਪਾਣੀ ਫੇਰ ਦਿੰਦਾ ਹੈ। ਸਿਰਫ਼ ਕਾਗਜ਼ੀ ਕਾਨੂੰਨ ਬਣਾ ਕੇ ਸਰਕਾਰ ਆਪਣੀ ਜਵਾਬਦੇਹੀ ਤੋਂ ਭੱਜ ਨਹੀਂ ਸਕਦੀ। ਇਸ ਲਈ ਡਿਜ਼ੀਟਲ ਡਿਲੀਵਰੀ, ਰੈਂਡਮ ਪ੍ਰਸ਼ਨ ਪੱਤਰ ਪ੍ਰਣਾਲੀ, ਏ.ਆਈ. ਆਧਾਰਿਤ ਬਾਇਓਮੈਟ੍ਰਿਕ ਪਛਾਣ ਅਤੇ ਸਿਆਸੀ ਇੱਛਾ-ਸ਼ਕਤੀ ਦੀ ਲੋੜ ਹੈ।

ਜੇਕਰ ਇਹ ਵੱਡੇ ਸੁਧਾਰ ਨਾ ਕੀਤੇ ਗਏ, ਤਾਂ ਮੋਬਾਈਲ ਫੋਨ, ਐਕਸ (ਟਵਿੱਟਰ), ਫੇਸਬੁੱਕ ਅਤੇ ਇੰਸਟਾਗ੍ਰਾਮ ਦੇ ਜ਼ਰੀਏ ਨਾਗਰਿਕਾਂ ਦੀ ਇਹ ਚੁੱਪੀ ਜ਼ਰੂਰ ਟੁੱਟੇਗੀ। ਜਿਸ ਤਰ੍ਹਾਂ ਨੌਜਵਾਨਾਂ ਨੇ ਹਰ ਕਿਸਮ ਦਾ ਡਰ ਭੁਲਾ ਕੇ - ਚਾਹੇ ਉਹ ਪੁਲਿਸ ਦੀ ਨੀਲੀ ਵਰਦੀ ਹੋਵੇ, ਲਾਠੀ, ਅੱਥਰੂ ਗੈਸ, ਬੰਦੂਕ ਜਾਂ ਗ੍ਰਿਫ਼ਤਾਰੀਆਂ ਦਾ ਖੌਫ਼ - ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਹੈ, ਉਹੀ ਰੂਪ ਫਿਰ ਦੇਖਣ ਨੂੰ ਮਿਲੇਗਾ। ਕਾਨੂੰਨ ਦੇ ਨਾਂ 'ਤੇ ਥੋਪੀ ਗਈ ਨੈਤਿਕਤਾ ਅਤੇ ਵਿਤਕਰੇ ਖ਼ਿਲਾਫ਼ ਲੜਨ ਲਈ ਨੌਜਵਾਨ ਆਪ-ਮੁਹਾਰੇ ਸੜਕਾਂ 'ਤੇ ਉੱਤਰ ਆਉਣਗੇ।

# ਸੰਸਦ, ਕਾਨੂੰਨ ਅਤੇ ਲੋਕਤੰਤਰ: ਪੇਪਰ ਲੀਕ ਤੋਂ ਪ੍ਰਭਾਵਿਤ ਵਿਦਿਆਰਥੀਆਂ ਦੀਆਂ ਆਵਾਜ਼ਾਂ, ਵਿਰੋਧੀ ਧਿਰ ਵੱਲੋਂ ਵੋਟਿੰਗ ਦਾ ਬਾਈਕਾਟ ਅਤੇ ਆਵਾਜ਼ ਵੋਟ ਦੁਆਰਾ ਬਿੱਲਾਂ ਦੇ ਪਾਸ ਹੋਣ ’ਤੇ ਲੋਕਤੰਤਰੀ ਬਹਿਸ

ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92262-29318



ਪੰਜਾਬ ਮੇਲ USA

ਵਿਸ਼ਵ ਪੱਧਰ ’ਤੇ, ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਭਾਰਤੀ ਸੰਸਦ ਆਪਣੀ ਲੋਕਤੰਤਰੀ ਭਾਵਨਾ ਲਈ ਸਭ ਤੋਂ ਉੱਚ ਸੰਸਥਾਗਤ ਮੰਚ ਹੈ। ਸੰਸਦ ਸਿਰਫ਼ ਕਾਨੂੰਨ ਬਣਾਉਣ ਵਾਲੀ ਸੰਸਥਾ ਨਹੀਂ ਹੈ, ਸਗੋਂ ਇੱਕ ਸੰਵਿਧਾਨਕ ਵਿਧੀ ਹੈ, ਜੋ ਲੋਕਾਂ ਦੀਆਂ ਉਮੀਦਾਂ, ਸਮੱਸਿਆਵਾਂ, ਅਸਹਿਮਤੀਆਂ ਅਤੇ ਉਮੀਦਾਂ ਨੂੰ ਰਾਸ਼ਟਰੀ ਨੀਤੀ ਵਿਚ ਬਦਲਦੀ ਹੈ। ਸਰਕਾਰ ਆਪਣੇ ਬਹੁਮਤ ਦੇ ਆਧਾਰ ’ਤੇ ਸੰਸਦ ਵਿਚ ਰਾਜ ਕਰਦੀ ਹੈ। ਹਾਲਾਂਕਿ, ਲੋਕਤੰਤਰ ਦੀ ਅਸਲ ਸ਼ਕਤੀ ਸਿਰਫ਼ ਬਹੁਮਤ ਵਿਚ ਹੀ ਨਹੀਂ, ਸਗੋਂ ਬਹਿਸ ਅਤੇ ਵਿਰੋਧੀ ਧਿਰ ਦੀ ਭਾਗੀਦਾਰੀ, ਬਿੱਲਾਂ ਦੀ ਪੂਰੀ ਜਾਂਚ, ਵੋਟਿੰਗ ਵਿਚ ਪਾਰਦਰਸ਼ਤਾ ਅਤੇ ਜਨਤਾ ਪ੍ਰਤੀ ਜਵਾਬਦੇਹੀ ਵਿਚ ਵੀ ਹੈ। ਇਸ ਲਈ, ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਸੰਸਦ ਦੀ ਕੀਮਤ ਸਿਰਫ਼ ਪਾਸ ਹੋਏ ਬਿੱਲਾਂ ਦੀ ਗਿਣਤੀ ਦੁਆਰਾ ਨਹੀਂ ਮਾਪੀ ਜਾਣੀ ਚਾਹੀਦੀ, ਸਗੋਂ ਉਨ੍ਹਾਂ ਦੁਆਰਾ ਕੀਤੀ ਜਾਣ ਵਾਲੀ ਚਰਚਾ, ਜਾਂਚ ਅਤੇ ਲੋਕਤੰਤਰੀ ਭਾਗੀਦਾਰੀ ਦੁਆਰਾ ਵੀ ਮਾਪੀ ਜਾਣੀ ਚਾਹੀਦੀ ਹੈ। 2026 ਦੇ ਮਾਨਸੂਨ ਸੈਸ਼ਨ ਦੇ ਆਖਰੀ ਪੜਾਅ ਵਿਚ, ਪੇਪਰ ਲੀਕ ਅਤੇ ਵਿਦਿਆਰਥੀ ਮੁੱਦਿਆਂ ਨੇ ਸੰਸਦ ਦੇ ਅੰਦਰ ਇੱਕ ਗੰਭੀਰ ਰਾਜਨੀਤਿਕ ਅਤੇ ਲੋਕਤੰਤਰੀ ਸਵਾਲ ਉਠਾਇਆ। ਵਿਰੋਧੀ ਧਿਰ ਨੇ ਪ੍ਰੀਖਿਆ ਬੇਨਿਯਮੀਆਂ, ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨਾਂ ਅਤੇ ਕਥਿਤ ਪੁਲਿਸ ਕਾਰਵਾਈ ’ਤੇ ਸਰਕਾਰ ਤੋਂ ਜਵਾਬ ਮੰਗੇ। ਇਸ ਤੋਂ ਬਾਅਦ, ਵਿਰੋਧੀ ਪਾਰਟੀਆਂ ਨੇ ਵਿਰੋਧ ਕੀਤਾ ਅਤੇ ਕੁਝ ਮੌਕਿਆਂ ’ਤੇ, ਵੋਟਿੰਗ ਪ੍ਰਕਿਰਿਆ ਦਾ ਬਾਈਕਾਟ ਕੀਤਾ। ਇਸ ਰਾਜਨੀਤਿਕ ਤਣਾਅ ਦੇ ਵਿਚਕਾਰ, ਜਨਤਕ ਪ੍ਰੀਖਿਆਵਾਂ (ਅਨਿਆਂਪੂਰਨ ਸਾਧਨਾਂ ਦੀ ਰੋਕਥਾਮ) ਸੋਧ ਬਿੱਲ, 2026, ਲੋਕ ਸਭਾ ਵਿਚ ਆਵਾਜ਼ ਵੋਟ ਦੁਆਰਾ ਪਾਸ ਕੀਤਾ ਗਿਆ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ 31 ਜੁਲਾਈ, 2026 ਨੂੰ ਇਸ ਨੂੰ ਆਪਣੀ ਸਹਿਮਤੀ ਦੇ ਦਿੱਤੀ ਅਤੇ ਕਾਨੂੰਨ ਮੰਤਰਾਲੇ ਨੇ ਉਸੇ ਦਿਨ ਆਪਣਾ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤਾ, ਜਿਸ ਨਾਲ ਇਹ ਇੱਕ ਕਾਨੂੰਨ ਬਣ ਗਿਆ।

ਦੋਸਤੋ, ਉਪਲਬਧ ਰਿਪੋਰਟਾਂ ਦੇ ਅਨੁਸਾਰ, ਬਿੱਲ ’ਤੇ ਬਹਿਸ ਹੋਈ, ਪਰ ਸਦਨ ਵਿਚ ਗਰਮਾ-ਗਰਮ ਬਹਿਸ ਅਤੇ ਰੁਕਾਵਟਾਂ ਦੇ ਵਿਚਕਾਰ ਅੰਤਮ ਪ੍ਰਵਾਨਗੀ ਆਵਾਜ਼ੀ ਵੋਟ ਦੁਆਰਾ ਦਿੱਤੀ ਗਈ। ਇਹ ਧਿਆਨ ਦੇਣ ਯੋਗ ਹੈ ਕਿ ਸੰਸਦ ਦੇ ਮਾਨਸੂਨ ਸੈਸ਼ਨ, 2026 ਵਿਚ, 31 ਜੁਲਾਈ ਤੱਕ, ਘੱਟੋ-ਘੱਟ ਤਿੰਨ ਪ੍ਰਮੁੱਖ ਬਿੱਲ (1) ਜਨਤਕ ਪ੍ਰੀਖਿਆਵਾਂ (ਅਨਿਆਂ ਦੇ ਸਾਧਨਾਂ ਦੀ ਰੋਕਥਾਮ) ਸੋਧ ਬਿੱਲ, 2026; (2) ਰਾਸ਼ਟਰੀ ਸਨਮਾਨ ਦੇ ਅਪਮਾਨ ਦੀ ਰੋਕਥਾਮ (ਸੋਧ) ਬਿੱਲ, 2026) ਦੋਵਾਂ ਸਦਨਾਂ ਦੁਆਰਾ ਆਵਾਜ਼ੀ ਵੋਟ ਦੁਆਰਾ ਪਾਸ ਕੀਤੇ ਗਏ ਸਨ; ਅਤੇ (3) ਜਨਮ ਅਤੇ ਮੌਤਾਂ ਦੀ ਰਜਿਸਟ੍ਰੇਸ਼ਨ (ਸੋਧ) ਬਿੱਲ, 2026) - ਤਿੰਨੋਂ ਬਿੱਲ ਆਵਾਜ਼ੀ ਵੋਟ ਦੁਆਰਾ ਪਾਸ ਕੀਤੇ ਗਏ ਸਨ; ਇਸ ਸਮੇਂ ਦੌਰਾਨ ਕਿਸੇ ਵੀ ਬਿੱਲ ’ਤੇ ਕੋਈ ਰਸਮੀ ਵੰਡ (ਰਿਕਾਰਡ ਕੀਤੀ ਵੋਟਿੰਗ) ਦਾ ਸਪੱਸ਼ਟ ਤੌਰ ’ਤੇ ਜ਼ਿਕਰ ਨਹੀਂ ਕੀਤਾ ਗਿਆ ਸੀ। ਇਹ ਵਿਕਾਸ ਸਿਰਫ਼ ਇੱਕ ਬਿੱਲ ਦੇ ਪਾਸ ਹੋਣ ਦਾ ਮਾਮਲਾ ਨਹੀਂ ਹੈ। ਇਹ ਇੱਕ ਮਹੱਤਵਪੂਰਨ ਲੋਕਤੰਤਰੀ ਸਵਾਲ ਉਠਾਉਂਦਾ ਹੈ: ਜਦੋਂ ਕੋਈ ਕਾਨੂੰਨ ਲੱਖਾਂ ਵਿਦਿਆਰਥੀਆਂ ਦੇ ਭਵਿੱਖ, ਪ੍ਰੀਖਿਆਵਾਂ ਦੀ ਭਰੋਸੇਯੋਗਤਾ ਅਤੇ ਨੌਜਵਾਨਾਂ ਦੇ ਵਿਸ਼ਵਾਸ ਨਾਲ ਸਬੰਧਤ ਹੁੰਦਾ ਹੈ, ਤਾਂ ਕੀ ਸਿਰਫ਼ ਆਵਾਜ਼ੀ ਵੋਟ ਕਾਫ਼ੀ ਲੋਕਤੰਤਰੀ ਸੰਤੁਸ਼ਟੀ ਪ੍ਰਦਾਨ ਕਰਦੀ ਹੈ? ਅਤੇ ਜੇਕਰ ਵਿਰੋਧੀ ਧਿਰ ਵੋਟ ਦਾ ਬਾਈਕਾਟ ਕਰਦੀ ਹੈ, ਤਾਂ ਕੀ ਸਰਕਾਰ ਦੀ ਜ਼ਿੰਮੇਵਾਰੀ ਸਿਰਫ਼ ਬਹੁਮਤ ਦੇ ਆਧਾਰ ’ਤੇ ਕਾਨੂੰਨ ਪਾਸ ਕਰਨਾ ਹੈ, ਜਾਂ ਇਸ ਨੂੰ ਵਿਆਪਕ ਰਾਜਨੀਤਿਕ ਸਹਿਮਤੀ ਅਤੇ ਜਨਤਕ ਵਿਸ਼ਵਾਸ ਨੂੰ ਵੀ ਯਕੀਨੀ ਬਣਾਉਣਾ ਚਾਹੀਦਾ ਹੈ? ਪੇਪਰ ਲੀਕ ਸਿਰਫ਼ ਇੱਕ ਪ੍ਰੀਖਿਆ ਗਲਤੀ ਨਹੀਂ ਹੈ; ਇਹ ਨੌਜਵਾਨਾਂ ਅਤੇ ਲੋਕਤੰਤਰੀ ਵਿਸ਼ਵਾਸ ਦੇ ਭਵਿੱਖ ਦਾ ਸਵਾਲ ਹਨ।

ਦੋਸਤੋ, ਸਰਕਾਰ ਦਾ ਪੱਖ ਇਹ ਰਿਹਾ ਹੈ ਕਿ ਪੇਪਰ ਲੀਕ ਵਰਗੀਆਂ ਗਤੀਵਿਧੀਆਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਅਤੇ ਇੱਕ ਤੇਜ਼ ਨਿਆਂਇਕ ਪ੍ਰਣਾਲੀ ਜ਼ਰੂਰੀ ਹੈ। ਇਹ ਦਲੀਲ ਆਪਣੇ ਆਪ ਵਿਚ ਮਹੱਤਵਪੂਰਨ ਹੈ, ਕਿਉਂਕਿ ਸੰਗਠਿਤ ਪ੍ਰੀਖਿਆ ਅਪਰਾਧਾਂ ਲਈ ਪ੍ਰਭਾਵਸ਼ਾਲੀ ਸਜ਼ਾ, ਜਾਂਚ ਅਤੇ ਸਮੇਂ ਸਿਰ ਮੁਕੱਦਮਿਆਂ ਦੀ ਜ਼ਰੂਰਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹਾਲਾਂਕਿ, ਇੱਕ ਲੋਕਤੰਤਰ ਵਿਚ, ਕਾਨੂੰਨ ਦੀ ਸਖ਼ਤੀ ਵੀ ਜ਼ਰੂਰੀ ਹੈ, ਇਸਦੀ ਭਰੋਸੇਯੋਗਤਾ ਦੇ ਨਾਲ। ਜੇਕਰ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਵਿਚ ਵਿਆਪਕ ਚਰਚਾ, ਸੋਧਾਂ ’ਤੇ ਵਿਚਾਰ ਅਤੇ ਵਿਰੋਧੀ ਧਿਰ ਦੀ ਭਾਗੀਦਾਰੀ ਦੀ ਘਾਟ ਹੈ, ਤਾਂ ਕਾਨੂੰਨ ਦੀ ਕਾਨੂੰਨੀਤਾ ਬਰਕਰਾਰ ਰਹਿੰਦੀ ਹੈ, ਪਰ ਇਸਦੀ ਰਾਜਨੀਤਿਕ ਅਤੇ ਸਮਾਜਿਕ ਸਵੀਕਾਰਯੋਗਤਾ ’ਤੇ ਸਵਾਲ ਉਠਾਏ ਜਾ ਸਕਦੇ ਹਨ।

ਦੋਸਤੋ, ਜੇਕਰ ਅਸੀਂ “ਵਿਰੋਧੀ ਧਿਰ ਦੇ ਵਿਰੋਧ ਪ੍ਰਦਰਸ਼ਨ ਅਤੇ ਵੋਟ ਬਾਈਕਾਟ: ਇੱਕ ਜਮਹੂਰੀ ਅਧਿਕਾਰ ਜਾਂ ਸੰਸਦੀ ਪ੍ਰਕਿਰਿਆ ਦੀ ਕਮਜ਼ੋਰੀ?” ਦੇ ਸਵਾਲ ’ਤੇ ਵਿਚਾਰ ਕਰੀਏ, ਤਾਂ ਲੋਕਤੰਤਰ ਵਿਚ ਵਿਰੋਧੀ ਧਿਰ ਦੀ ਭੂਮਿਕਾ ਸਿਰਫ਼ ਸਰਕਾਰ ਦੀ ਆਲੋਚਨਾ ਕਰਨਾ ਨਹੀਂ ਹੈ। ਵਿਰੋਧੀ ਧਿਰ ਜਨਤਾ ਦੇ ਉਨ੍ਹਾਂ ਹਿੱਸਿਆਂ ਦੀ ਆਵਾਜ਼ ਵੀ ਹੈ, ਜਿਨ੍ਹਾਂ ਦੀਆਂ ਉਮੀਦਾਂ, ਸ਼ਿਕਾਇਤਾਂ ਜਾਂ ਅਸਹਿਮਤੀ ਸਰਕਾਰ ਦੀਆਂ ਤਰਜੀਹਾਂ ਤੋਂ ਵੱਖਰੀਆਂ ਹੋ ਸਕਦੀਆਂ ਹਨ। ਵਿਰੋਧੀ ਧਿਰ ਦੇ ਵਿਰੋਧ ਪ੍ਰਦਰਸ਼ਨ, ਨਾਅਰੇਬਾਜ਼ੀ, ਵਾਕਆਊਟ ਜਾਂ ਸੰਸਦ ਵਿਚ ਬਾਈਕਾਟ ਰਾਜਨੀਤਿਕ ਅਸਹਿਮਤੀ ਪ੍ਰਗਟ ਕਰਨ ਦੇ ਸੰਸਦੀ ਸਾਧਨ ਹੋ ਸਕਦੇ ਹਨ। ਹਾਲਾਂਕਿ, ਇਹ ਵੀ ਓਨਾ ਹੀ ਸੱਚ ਹੈ ਕਿ ਲਗਾਤਾਰ ਰੁਕਾਵਟਾਂ ਅਤੇ ਵੋਟਿੰਗ ਤੋਂ ਦੂਰ ਰਹਿਣਾ ਵਿਰੋਧੀ ਧਿਰ ਦੀ ਵਿਧਾਨਕ ਭੂਮਿਕਾ ਨੂੰ ਕਮਜ਼ੋਰ ਕਰ ਸਕਦਾ ਹੈ। ਪੇਪਰ ਲੀਕ ਦੇ ਮੁੱਦੇ ’ਤੇ, ਵਿਰੋਧੀ ਧਿਰ ਨੇ ਦਲੀਲ ਦਿੱਤੀ ਕਿ ਪਹਿਲਾਂ ਵਿਦਿਆਰਥੀਆਂ ਦੇ ਸਵਾਲਾਂ, ਅੰਦੋਲਨ ਅਤੇ ਕਥਿਤ ਪ੍ਰਸ਼ਾਸਨਿਕ ਕਾਰਵਾਈ ’ਤੇ ਸਪੱਸ਼ਟ ਚਰਚਾ ਹੋਣੀ ਚਾਹੀਦੀ ਹੈ। ਜੇਕਰ ਵਿਰੋਧੀ ਧਿਰ ਨੂੰ ਲੱਗਦਾ ਹੈ ਕਿ ਉਸਦੇ ਮੁੱਦਿਆਂ ਨੂੰ ਢੁਕਵਾਂ ਸਮਾਂ ਨਹੀਂ ਦਿੱਤਾ ਗਿਆ ਹੈ, ਤਾਂ ਵਿਰੋਧ ਪ੍ਰਦਰਸ਼ਨ ਇੱਕ ਰਾਜਨੀਤਿਕ ਰਣਨੀਤੀ ਬਣ ਸਕਦੇ ਹਨ। ਦੂਜੇ ਪਾਸੇ, ਜੇਕਰ ਵਿਰੋਧੀ ਧਿਰ ਵੋਟ ਦਾ ਬਾਈਕਾਟ ਕਰਦੀ ਹੈ, ਤਾਂ ਇਹ ਬਿੱਲ ਦੇ ਉਪਬੰਧਾਂ ਵਿਚ ਸੋਧਾਂ ਦਾ ਪ੍ਰਸਤਾਵ ਦੇਣ, ਸਰਕਾਰ ਤੋਂ ਸਪੱਸ਼ਟੀਕਰਨ ਮੰਗਣ ਅਤੇ ਰਿਕਾਰਡ ਕੀਤੀ ਵੋਟ ਰਾਹੀਂ ਆਪਣੀ ਸਥਿਤੀ ਦਰਜ ਕਰਨ ਦੇ ਮੌਕੇ ਨੂੰ ਸੀਮਤ ਕਰਦੀ ਹੈ। ਇਸ ਲਈ, ਲੋਕਤੰਤਰੀ ਜ਼ਿੰਮੇਵਾਰੀ ਦੋਵਾਂ ਧਿਰਾਂ ਦੀ ਹੈ। ਸਰਕਾਰ ਨੂੰ ਵਿਰੋਧੀ ਧਿਰ ਦੀ ਗੱਲ ਸੁਣਨੀ ਚਾਹੀਦੀ ਹੈ ਅਤੇ ਮਹੱਤਵਪੂਰਨ ਜਨਤਕ ਮੁੱਦਿਆਂ ’ਤੇ ਢੁਕਵੀਂ ਚਰਚਾ ਯਕੀਨੀ ਬਣਾਉਣੀ ਚਾਹੀਦੀ ਹੈ, ਜਦੋਂ ਕਿ ਵਿਰੋਧੀ ਧਿਰ ਨੂੰ ਵੀ ਵਿਰੋਧੀ ਧਿਰ ਸਮੇਤ ਵਿਧਾਨਕ ਪ੍ਰਕਿਰਿਆ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ। ਲੋਕਤੰਤਰ ਵਿਚ, ਸਿਰਫ਼ ਵਿਰੋਧ ਹੀ ਕਾਫ਼ੀ ਨਹੀਂ ਹੈ; ਵਿਕਲਪਿਕ ਸੁਝਾਅ ਪੇਸ਼ ਕਰਨਾ, ਸੋਧਾਂ ਪੇਸ਼ ਕਰਨਾ ਅਤੇ ਵੋਟ ਵਿਚ ਆਪਣੀ ਸਥਿਤੀ ਦਰਜ ਕਰਨਾ ਵੀ ਜ਼ਰੂਰੀ ਹੈ।

ਦੋਸਤੋ, ਜੇਕਰ ਅਸੀਂ ਵਿਚਾਰ ਕਰੀਏ ਕਿ ਆਵਾਜ਼ ਵੋਟ ਕੀ ਹੈ ਅਤੇ ਇਸਦਾ ਸੰਵਿਧਾਨਕ ਅਤੇ ਸੰਸਦੀ ਦਰਜਾ ਕੀ ਹੈ, ਤਾਂ ਆਵਾਜ਼ ਵੋਟ ਭਾਰਤੀ ਸੰਸਦ ਵਿਚ ਇੱਕ ਮਾਨਤਾ ਪ੍ਰਾਪਤ ਅਤੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਸੰਸਦੀ ਪ੍ਰਕਿਰਿਆ ਹੈ। ਇਸ ਵਿਚ, ਸਪੀਕਰ ਜਾਂ ਚੇਅਰਮੈਨ ਸਦਨ ਨੂੰ ਪੁੱਛਦੇ ਹਨ ਕਿ ਕੌਣ ਕਿਸੇ ਪ੍ਰਸਤਾਵ ਦੇ ਹੱਕ ਵਿਚ ਹੈ ਅਤੇ ਕੌਣ ਇਸਦੇ ਵਿਰੁੱਧ ਹੈ। ਮੈਂਬਰ “ਹਾਂ” ਜਾਂ “ਨਹੀਂ” ਕਹਿ ਕੇ ਆਪਣੀ ਰਾਏ ਪ੍ਰਗਟ ਕਰਦੇ ਹਨ। ਸਪੀਕਰ ਫੈਸਲਾ ਕਰਦਾ ਹੈ ਕਿ ਆਵਾਜ਼ ਦੀ ਤੀਬਰਤਾ ਦੇ ਆਧਾਰ ’ਤੇ ਪ੍ਰਸਤਾਵ ਨੂੰ ਸਵੀਕਾਰ ਕੀਤਾ ਜਾਵੇ ਜਾਂ ਰੱਦ ਕੀਤਾ ਜਾਵੇ। ਭਾਰਤੀ ਸੰਸਦੀ ਪ੍ਰੰਪਰਾ ਵਿਚ, ਆਵਾਜ਼ ਵੋਟ ਇੱਕ ਗੈਰ-ਸੰਵਿਧਾਨਕ ਜਾਂ ਗੈਰ-ਕਾਨੂੰਨੀ ਪ੍ਰਕਿਰਿਆ ਨਹੀਂ ਹੈ; ਇਹ ਆਮ ਸੰਸਦੀ ਫੈਸਲਾ ਲੈਣ ਦੀ ਪ੍ਰਕਿਰਿਆ ਦਾ ਹਿੱਸਾ ਹੈ। ਹਾਲਾਂਕਿ, ਆਵਾਜ਼ ਵੋਟ ਦੀ ਇੱਕ ਮਹੱਤਵਪੂਰਨ ਸੀਮਾ ਇਹ ਹੈ ਕਿ ਹਰੇਕ ਸੰਸਦ ਮੈਂਬਰ ਦੇ ਵਿਅਕਤੀਗਤ ਵੋਟਿੰਗ ਰਿਕਾਰਡ ਜਨਤਕ ਨਹੀਂ ਕੀਤੇ ਜਾਂਦੇ ਹਨ। ਜਨਤਾ ਇਹ ਨਹੀਂ ਜਾਣ ਸਕਦੀ ਕਿ ਕਿਸ ਸੰਸਦ ਮੈਂਬਰ ਨੇ ਬਿੱਲ ਦੇ ਹੱਕ ਵਿਚ ਜਾਂ ਵਿਰੁੱਧ ਵੋਟ ਦਿੱਤੀ। ਜੇਕਰ ਕੋਈ ਮੈਂਬਰ ਸਪੀਕਰ ਦੇ ਫੈਸਲੇ ’ਤੇ ਇਤਰਾਜ਼ ਕਰਦਾ ਹੈ, ਤਾਂ ਉਹ ਨਿਯਮਾਂ ਅਨੁਸਾਰ, ਵੰਡ ਦੀ ਮੰਗ ਕਰ ਸਕਦਾ ਹੈ। ਵੰਡ ਵਿਚ, ਵੋਟਾਂ ਦੀ ਗਿਣਤੀ ਜਾਂ ਇਲੈਕਟ੍ਰਾਨਿਕ ਰਿਕਾਰਡਿੰਗ ਰਾਹੀਂ ਇੱਕ ਸਪੱਸ਼ਟ ਨਤੀਜਾ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਉਹ ਥਾਂ ਹੈ, ਜਿੱਥੇ ਲੋਕਤੰਤਰੀ ਬਹਿਸ ਸ਼ੁਰੂ ਹੁੰਦੀ ਹੈ। ਇੱਕ ਆਵਾਜ਼ ਵੋਟ ਆਮ ਅਤੇ ਗੈਰ-ਵਿਵਾਦਪੂਰਨ ਮਾਮਲਿਆਂ ਵਿਚ ਫੈਸਲਿਆਂ ਨੂੰ ਤੇਜ਼ ਕਰਨ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਹੋ ਸਕਦਾ ਹੈ। ਹਾਲਾਂਕਿ, ਜਦੋਂ ਕੋਈ ਬਿੱਲ ਬਹੁਤ ਮਹੱਤਵਪੂਰਨ ਹੁੰਦਾ ਹੈ, ਵਿਆਪਕ ਜਨਤਕ ਹਿੱਤਾਂ ਨੂੰ ਸ਼ਾਮਲ ਕਰਦਾ ਹੈ, ਰਾਜਨੀਤਿਕ ਵਿਵਾਦ ਦਾ ਵਿਸ਼ਾ ਬਣ ਗਿਆ ਹੈ, ਜਾਂ ਵਿਰੋਧੀ ਧਿਰ ਇਸਦੇ ਉਪਬੰਧਾਂ ’ਤੇ ਗੰਭੀਰ ਇਤਰਾਜ਼ ਉਠਾ ਰਹੀ ਹੈ, ਤਾਂ ਰਿਕਾਰਡ ਕੀਤੀ ਵੋਟਿੰਗ ਲੋਕਤੰਤਰੀ ਪਾਰਦਰਸ਼ਤਾ ਨੂੰ ਹੋਰ ਮਜ਼ਬੂਤ ਕਰ ਸਕਦੀ ਹੈ।

ਦੋਸਤੋ, ਜੇਕਰ ਅਸੀਂ ਵਿਚਾਰ ਕਰਦੇ ਹਾਂ ਕਿ ਕੀ ਆਵਾਜ਼ ਵੋਟ ਦੁਆਰਾ ਬਿੱਲ ਪਾਸ ਕਰਨਾ ਲੋਕਤੰਤਰ ਲਈ ਚੰਗਾ ਹੈ, ਤਾਂ ਇਸ ਸਵਾਲ ਦਾ ਜਵਾਬ ਸਿਰਫ਼ “ਹਾਂ” ਜਾਂ “ਨਹੀਂ” ਨਾਲ ਨਹੀਂ ਦਿੱਤਾ ਜਾ ਸਕਦਾ। ਇੱਕ ਆਵਾਜ਼ ਵੋਟ ਆਪਣੇ ਆਪ ਵਿਚ ਲੋਕਤੰਤਰ ਵਿਰੋਧੀ ਨਹੀਂ ਹੈ। ਇਸਦਾ ਸੰਸਦ ਦੇ ਨਿਯਮਾਂ ਵਿਚ ਇੱਕ ਸਥਾਨ ਹੈ ਅਤੇ ਬਹੁਤ ਸਾਰੇ ਮਾਮਲਿਆਂ ਵਿਚ ਸਮਾਂ ਬਚਾਉਣ ਅਤੇ ਸਹਿਮਤੀ ਜਾਂ ਸਪੱਸ਼ਟ ਬਹੁਮਤ ਨਾਲ ਫੈਸਲੇ ਪ੍ਰਾਪਤ ਕਰਨ ਲਈ ਉਪਯੋਗੀ ਹੈ। ਜੇਕਰ ਸਦਨ ਵਿਚ ਕਾਫ਼ੀ ਚਰਚਾ ਹੋਈ ਹੈ, ਮੈਂਬਰਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਅਤੇ ਕਿਸੇ ਵੀ ਮੈਂਬਰ ਨੇ ਵੰਡ ਦੀ ਮੰਗ ਨਹੀਂ ਕੀਤੀ ਹੈ, ਤਾਂ ਆਵਾਜ਼ ਵੋਟ ਦੁਆਰਾ ਕੀਤੇ ਫੈਸਲੇ ਨੂੰ ਸੰਸਦੀ ਪ੍ਰਕਿਰਿਆ ਦੇ ਤਹਿਤ ਜਾਇਜ਼ ਮੰਨਿਆ ਜਾਂਦਾ ਹੈ। ਹਾਲਾਂਕਿ, ਸਮੱਸਿਆਵਾਂ ਉਦੋਂ ਪੈਦਾ ਹੁੰਦੀਆਂ ਹਨ, ਜਦੋਂ ਆਵਾਜ਼ੀ ਵੋਟਾਂ ਨੂੰ ਵਿਸਤ੍ਰਿਤ ਬਹਿਸ ਦੇ ਬਦਲ ਵਜੋਂ ਦੇਖਿਆ ਜਾਣਾ ਸ਼ੁਰੂ ਹੋ ਜਾਂਦਾ ਹੈ। ਜੇਕਰ ਕਿਸੇ ਬਿੱਲ ’ਤੇ ਢੁਕਵੀਂ ਚਰਚਾ ਨਹੀਂ ਕੀਤੀ ਜਾਂਦੀ, ਸੰਸਦੀ ਕਮੇਟੀ ਨੂੰ ਨਹੀਂ ਭੇਜਿਆ ਜਾਂਦਾ, ਵਿਰੋਧੀ ਧਿਰ ਦੇ ਇਤਰਾਜ਼ਾਂ ’ਤੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ ਜਾਂਦਾ ਅਤੇ ਅੰਤ ਵਿਚ ਸਿਰਫ਼ ਆਵਾਜ਼ੀ ਵੋਟ ਦੁਆਰਾ ਪਾਸ ਕੀਤਾ ਜਾਂਦਾ ਹੈ, ਤਾਂ ਇਸਦੀ ਲੋਕਤੰਤਰੀ ਗੁਣਵੱਤਾ ’ਤੇ ਸਵਾਲ ਉਠਾਉਣਾ ਸੁਭਾਵਿਕ ਹੈ। ਲੋਕਤੰਤਰ ਵਿਚ ਬਹੁਮਤ ਸਰਕਾਰ ਨੂੰ ਫੈਸਲੇ ਲੈਣ ਦਾ ਅਧਿਕਾਰ ਦਿੰਦਾ ਹੈ, ਪਰ ਇਹ ਬਹਿਸ ਦੀ ਜ਼ਰੂਰਤ ਨੂੰ ਖਤਮ ਨਹੀਂ ਕਰਦਾ। ਬਹੁਮਤ ਸ਼ਾਸਨ ਦੀ ਨੀਂਹ ਹੈ; ਗੱਲਬਾਤ ਲੋਕਤੰਤਰ ਦੀ ਆਤਮਾ ਹੈ। ਇਸ ਲਈ ਸਿਰਫ਼ ਬਿੱਲ ਦਾ ਪਾਸ ਹੋਣਾ ਹੀ ਇਸ ਗੱਲ ਦਾ ਸਬੂਤ ਨਹੀਂ ਹੈ ਕਿ ਇਸ ਨੇ ਢੁਕਵੀਂ ਲੋਕਤੰਤਰੀ ਵਿਚਾਰ-ਵਟਾਂਦਰਾ ਕੀਤਾ ਹੈ।

ਦੋਸਤੋ, ਪਿਛਲੇ ਬਾਰਾਂ ਸਾਲਾਂ ਵਿਚ ਆਵਾਜ਼ੀ ਵੋਟ ਦੁਆਰਾ ਕਿੰਨੇ ਬਿੱਲ ਪਾਸ ਕੀਤੇ ਗਏ? ਅੰਕੜਿਆਂ ਦੀ ਚੁਣੌਤੀ ਨੂੰ ਸਮਝਣ ਲਈ, ਪਿਛਲੇ ਬਾਰਾਂ ਸਾਲਾਂ ਵਿਚ ਆਵਾਜ਼ੀ ਵੋਟ ਦੁਆਰਾ ਪਾਸ ਕੀਤੇ ਗਏ ਬਿੱਲਾਂ ਦੀ ਇੱਕ ਸਿੰਗਲ, ਇਕਸਾਰ ਅਤੇ ਅਧਿਕਾਰਤ ਗਿਣਤੀ ਜਨਤਕ ਸੰਸਦੀ ਅੰਕੜਿਆਂ ਵਿਚ ਆਸਾਨੀ ਨਾਲ ਉਪਲਬਧ ਨਹੀਂ ਹੈ। ਇਸਦਾ ਮੁੱਖ ਕਾਰਨ ਇਹ ਹੈ ਕਿ ਜਦੋਂ ਕਿ ਸੰਸਦੀ ਵਿਧਾਨਕ ਡੇਟਾ ਆਮ ਤੌਰ ’ਤੇ ਬਿੱਲਾਂ ਦੀ ਜਾਣ-ਪਛਾਣ, ਪਾਸ ਹੋਣ, ਕਮੇਟੀ ਨੂੰ ਰੈਫਰਲ ਅਤੇ ਕਾਨੂੰਨ ਬਣਾਉਣ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ, ਵੋਟਿੰਗ ਦੇ ਢੰਗ - ਆਵਾਜ਼ੀ ਵੋਟ, ਵੋਟਾਂ ਦੀ ਵੰਡ, ਇਲੈਕਟ੍ਰਾਨਿਕ ਵੋਟਿੰਗ, ਜਾਂ ਹੋਰ ਪ੍ਰਕਿਰਿਆਵਾਂ - ਬਾਰੇ ਇੱਕ ਇਕਸਾਰ ਦਹਾਕੇ-ਵਾਰ ਡੇਟਾ ਹਰੇਕ ਬਿੱਲ ਲਈ ਵੱਖਰੇ ਤੌਰ ’ਤੇ ਪ੍ਰਕਾਸ਼ਿਤ ਨਹੀਂ ਕੀਤਾ ਜਾਂਦਾ ਹੈ। ਇਸ ਲਈ, ਇਹ ਕਹਿਣਾ ਕਿ ਹਰੇਕ ਬਿੱਲ ਲਈ ਕਾਰਵਾਈਆਂ ਅਤੇ ਵੋਟਿੰਗ ਰਿਕਾਰਡਾਂ ਦੀ ਜਾਂਚ ਕੀਤੇ ਬਿਨਾਂ ਪਿਛਲੇ ਬਾਰਾਂ ਸਾਲਾਂ ਵਿਚ ਆਵਾਜ਼ੀ ਵੋਟ ਦੁਆਰਾ ਇੰਨੇ ਸਾਰੇ ਬਿੱਲ ਪਾਸ ਕੀਤੇ ਗਏ ਸਨ, ਤੱਥਾਂ ਅਨੁਸਾਰ ਗਲਤ ਹੋਵੇਗਾ। ਸੰਸਦ ਦੀ ਵੈੱਬਸਾਈਟ, ਲੋਕ ਸਭਾ ਅਤੇ ਰਾਜ ਸਭਾ ਦੀ ਕਾਰਵਾਈਆਂ ਅਤੇ ਬਿੱਲ-ਵਾਰ ਰਿਕਾਰਡਾਂ ਦੇ ਆਧਾਰ ’ਤੇ ਵਿਅਕਤੀਗਤ ਗਣਨਾ ਕੀਤੀ ਜਾ ਸਕਦੀ ਹੈ, ਪਰ ਅਧਿਕਾਰਤ ਇਕਸਾਰ ਸੰਖਿਆ ਦੀ ਅਣਹੋਂਦ ਵਿਚ, ਕਿਸੇ ਵੀ ਅਨੁਮਾਨਿਤ ਅੰਕੜੇ ਨੂੰ ਅੰਤਮ ਸੱਚ ਵਜੋਂ ਪੇਸ਼ ਕਰਨਾ ਅਣਉਚਿਤ ਹੋਵੇਗਾ। ਫਿਰ ਵੀ, ਵਿਆਪਕ ਸੰਸਦੀ ਰੁਝਾਨ ਸਪੱਸ਼ਟ ਤੌਰ ’ਤੇ ਦਰਸਾਉਂਦੇ ਹਨ ਕਿ ਪਿਛਲੇ ਦਹਾਕੇ ਵਿਚ ਆਵਾਜ਼ੀ ਵੋਟ ਦੁਆਰਾ ਬਿੱਲਾਂ ਦੀ ਇੱਕ ਮਹੱਤਵਪੂਰਨ ਗਿਣਤੀ ਪਾਸ ਕੀਤੀ ਗਈ ਸੀ ਅਤੇ ਬਹੁਤ ਸਾਰੇ ਮਹੱਤਵਪੂਰਨ ਕਾਨੂੰਨਾਂ ਨੂੰ ਰਿਕਾਰਡ ਕੀਤੀ ਵੋਟ ਨਹੀਂ ਮਿਲੀ ਸੀ। ਇਸ ਨਾਲ ਇਹ ਸਵਾਲ ਉੱਠਦਾ ਹੈ ਕਿ ਕੀ ਸੰਸਦ ਨੂੰ ਹਰ ਮਹੱਤਵਪੂਰਨ ਬਿੱਲ ਲਈ ਵੋਟਿੰਗ ਵਿਧੀ ਦਾ ਇੱਕ ਜਨਤਕ, ਡਿਜ਼ੀਟਲ ਅਤੇ ਆਸਾਨੀ ਨਾਲ ਪਹੁੰਚਯੋਗ ਡੇਟਾਬੇਸ ਬਣਾਉਣਾ ਚਾਹੀਦਾ ਹੈ।

ਦੋਸਤੋ, ਜੇਕਰ ਅਸੀਂ ਸਰਕਾਰ ਦੀ ਜ਼ਿੰਮੇਵਾਰੀ ’ਤੇ ਵਿਚਾਰ ਕਰੀਏ: ਬਹੁਮਤ ਨਾਲ ਸਹਿਮਤੀ ਅਤੇ ਵਿਸ਼ਵਾਸ ਬਣਾਉਣਾ, ਤਾਂ ਸਰਕਾਰ ਨੂੰ ਕਾਨੂੰਨ ਪਾਸ ਕਰਨ ਦਾ ਸੰਵਿਧਾਨਕ ਅਧਿਕਾਰ ਹੈ, ਜੇਕਰ ਉਸ ਕੋਲ ਸਪੱਸ਼ਟ ਬਹੁਮਤ ਹੈ। ਹਾਲਾਂਕਿ, ਲੋਕਤੰਤਰੀ ਲੀਡਰਸ਼ਿਪ ਦੀ ਸਭ ਤੋਂ ਉੱਚੀ ਪ੍ਰੀਖਿਆ ਸਿਰਫ਼ ਬਹੁਮਤ ਦੀ ਵਰਤੋਂ ਨਹੀਂ ਹੈ, ਸਗੋਂ ਅਸਹਿਮਤੀ ਨੂੰ ਸੁਣਨਾ ਅਤੇ ਜਿੱਥੇ ਸੰਭਵ ਹੋਵੇ ਸਹਿਮਤੀ ਬਣਾਉਣਾ ਹੈ। ਵਿਆਪਕ ਚਰਚਾ, ਖਾਸ ਕਰਕੇ ਸਿੱਖਿਆ, ਰੁਜ਼ਗਾਰ, ਨੌਜਵਾਨ, ਚੋਣਾਂ, ਨਾਗਰਿਕ ਅਧਿਕਾਰਾਂ ਅਤੇ ਰਾਸ਼ਟਰੀ ਸੁਰੱਖਿਆ ਨਾਲ ਸਬੰਧਤ ਮੁੱਦਿਆਂ ’ਤੇ, ਲੋਕਤੰਤਰੀ ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ। ਪੇਪਰ ਲੀਕ ਦੇ ਸੰਦਰਭ ਵਿਚ ਸਖ਼ਤ ਕਾਨੂੰਨ ਪੇਸ਼ ਕਰਨ ਦਾ ਸਰਕਾਰ ਦਾ ਉਦੇਸ਼ ਮਹੱਤਵਪੂਰਨ ਹੈ। ਹਾਲਾਂਕਿ, ਕਾਨੂੰਨ ਬਣਾਉਣ ਲਈ ਪ੍ਰੀਖਿਆ ਪ੍ਰਣਾਲੀ ਵਿਚ ਸੰਸਥਾਗਤ ਕਮੀਆਂ ਨੂੰ ਦੂਰ ਕਰਨ, ਜ਼ਿੰਮੇਵਾਰੀ ਤੈਅ ਕਰਨ, ਤਕਨੀਕੀ ਸੁਰੱਖਿਆ, ਪ੍ਰੀਖਿਆ ਏਜੰਸੀਆਂ ਦੀ ਜਵਾਬਦੇਹੀ ਅਤੇ ਪ੍ਰਭਾਵਿਤ ਵਿਦਿਆਰਥੀਆਂ ਲਈ ਬਰਾਬਰ ਉਪਾਅ ਕਰਨ ਲਈ ਇੱਕ ਸਪੱਸ਼ਟ ਨੀਤੀ ਦੀ ਵੀ ਲੋੜ ਹੁੰਦੀ ਹੈ। ਸਿਰਫ਼ ਜੁਰਮਾਨੇ ਵਧਾਉਣਾ ਹੀ ਕਾਫ਼ੀ ਨਹੀਂ ਹੈ; ਅਪਰਾਧ ਨੂੰ ਰੋਕਣ ਲਈ ਪ੍ਰਬੰਧਕੀ ਸਮਰੱਥਾ ਨੂੰ ਵੀ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ।

ਦੋਸਤੋ, ਜੇਕਰ ਅਸੀਂ ਵਿਰੋਧੀ ਧਿਰ ਦੀ ਜ਼ਿੰਮੇਵਾਰੀ ’ਤੇ ਵਿਚਾਰ ਕਰੀਏ: ਵਿਰੋਧੀ ਧਿਰ ਨਾਲ ਵਿਧਾਨਕ ਭਾਗੀਦਾਰੀ, ਤਾਂ ਵਿਰੋਧੀ ਧਿਰ ਨੂੰ ਸਰਕਾਰ ਤੋਂ ਜਵਾਬ ਮੰਗਣ ਦਾ ਪੂਰਾ ਅਧਿਕਾਰ ਹੈ। ਵਿਦਿਆਰਥੀ ਹਿੱਤਾਂ, ਪ੍ਰੀਖਿਆ ਬੇਨਿਯਮੀਆਂ ਅਤੇ ਜਨਤਕ ਅੰਦੋਲਨਾਂ ਬਾਰੇ ਸਵਾਲ ਉਠਾਉਣਾ ਲੋਕਤੰਤਰੀ ਭੂਮਿਕਾ ਦਾ ਹਿੱਸਾ ਹੈ। ਹਾਲਾਂਕਿ, ਸੰਸਦ ਵਿਚ ਲੰਬੇ ਸਮੇਂ ਤੱਕ ਰੁਕਾਵਟਾਂ, ਵੋਟਿੰਗ ਦਾ ਬਾਈਕਾਟ ਅਤੇ ਵਿਧਾਨਕ ਬਹਿਸ ਤੋਂ ਦੂਰ ਰਹਿਣਾ ਅੰਤ ਵਿਚ ਵਿਰੋਧੀ ਧਿਰ ਦੀ ਆਪਣੀ ਪ੍ਰਭਾਵਸ਼ੀਲਤਾ ਨੂੰ ਕਮਜ਼ੋਰ ਕਰ ਸਕਦਾ ਹੈ। ਜੇਕਰ ਵਿਰੋਧੀ ਧਿਰ ਕਿਸੇ ਬਿੱਲ ਨਾਲ ਅਸਹਿਮਤ ਹੈ, ਤਾਂ ਉਸਨੂੰ ਸੋਧਾਂ ਪੇਸ਼ ਕਰਕੇ, ਵਿਸਤ੍ਰਿਤ ਬਹਿਸ ਵਿਚ ਸ਼ਾਮਲ ਹੋ ਕੇ, ਇੱਕ ਕਮੇਟੀ ਨੂੰ ਰੈਫਰਲ ਦੀ ਮੰਗ ਕਰਕੇ ਅਤੇ ਜਿੱਥੇ ਜ਼ਰੂਰੀ ਹੋਵੇ, ਵੰਡ ਦੀ ਮੰਗ ਕਰਕੇ ਆਪਣੀ ਸਥਿਤੀ ਰਿਕਾਰਡ ’ਤੇ ਰੱਖਣੀ ਚਾਹੀਦੀ ਹੈ। ਇੱਕ ਲੋਕਤੰਤਰ ਵਿਚ, ਅਸਹਿਮਤੀ ਦੀ ਆਵਾਜ਼ ਇਸਦੇ ਸੰਸਦੀ ਰਿਕਾਰਡ ਜਿੰਨੀ ਮਹੱਤਵਪੂਰਨ ਹੈ।



# ਧਰਤੀ ਤੇ ਵੱਸਦਾ ਸਵਰਗ ਹੈ ਸਿਆਟਲ ਸ਼ਹਿਰ

## • "ਸਿਆਟਲ ਦਾ ਮਿਊਜ਼ੀਅਮ ਆਫ ਫਲਾਈਟ" ਹੈ ਮੁੱਖ ਖਿੱਚ ਦਾ ਕੇਂਦਰ

## • ਪੰਜਾਬੀਆਂ ਦੀ ਵੀ ਸਿਆਟਲ ਵਿਚ ਹੈ ਪਹਿਚਾਣ ਵੱਖਰੀ

ਜਗਰੂਪ ਸਿੰਘ ਜਰਖੜ
ਦੀ ਵਿਸ਼ੇਸ਼ ਰਿਪੋਰਟ-
ਖੇਡ ਲੇਖਕ
+91-9814300722
ਪੰਜਾਬ ਮੇਲ USA



ਮੇਰੀ 2026 ਦੀ ਅਮਰੀਕਾ ਫੇਰੀ ਦੌਰਾਨ ਮੈਨੂੰ ਸਿਆਟਲ ਬਾਰੇ ਕੁਝ ਜਾਨਣ ਦਾ ਮੌਕਾ ਮਿਲਿਆ, ਉਹ ਇਹ ਕਿ ਅਮਰੀਕਾ ਦੇ ਉੱਤਰ ਦਿਸ਼ਾ ਵੱਲ ਸਥਿਤ ਸਿਆਟਲ ਸ਼ਹਿਰ ਹਰੇਵਾਈ ਅਤੇ ਤਕਨੀਕ, ਵਪਾਰਕ ਪੱਖੋਂ ਦੁਨੀਆਂ ਦਾ ਇਕ ਅਜੂਬਾ ਹੈ। 45 ਤੋਂ 50 ਲੱਖ ਦੀ ਆਬਾਦੀ ਵਾਲਾ ਸਿਆਟਲ ਸ਼ਹਿਰ ਪਹਾੜਾਂ, ਦਰੱਖਤਾਂ ਅਤੇ ਸਮੁੰਦਰ ਦੇ ਵਿਚ ਘਿਰਿਆ ਹੋਇਆ ਅਮਰੀਕਾ ਦੇ ਵੱਡੇ 15 ਸ਼ਹਿਰਾਂ 'ਚੋਂ ਇੱਕ ਹੈ। ਕੈਨੇਡਾ ਦੇ ਵੈਨਕੂਵਰ ਬਾਰਡਰ ਤੋਂ 100 ਕਿਲੋਮੀਟਰ ਦੂਰੀ 'ਤੇ 217 ਕਿਲੋਮੀਟਰ ਦੇ ਖੇਤਰ ਵਿਚ ਵਸਿਆ ਸਿਆਟਲ ਸ਼ਹਿਰ ਅੱਜ ਤੋਂ ਕਰੀਬ 4 ਹਜ਼ਾਰ ਸਾਲ ਪਹਿਲਾਂ ਅਮਰੀਕਨ ਮੂਲ ਦੇ ਲੋਕਾਂ ਨੇ ਵਸਾਇਆ ਸੀ ਅਤੇ ਫਿਰ ਇਥੇ ਯੂਰਪੀਅਨ ਲੋਕ ਆ ਕੇ ਵਸੇ। ਇਸ ਵੇਲੇ 65 ਪ੍ਰਤੀਸ਼ਤ ਦੇ ਕਰੀਬ ਯੂਰਪੀਅਨ ਲੋਕ ਅਤੇ 14 ਪ੍ਰਤੀਸ਼ਤ ਦੇ ਕਰੀਬ ਏਸ਼ੀਅਨ ਮਹਾਂਦੀਪ ਦੇ ਲੋਕ, ਜਦਕਿ 1 ਪ੍ਰਤੀਸ਼ਤ ਦੇ ਕਰੀਬ ਸਿੱਖ ਭਾਈਚਾਰੇ ਦੇ ਲੋਕ ਵੀ ਵਸਦੇ ਹਨ। ਰੱਬ ਨੂੰ ਘੱਟ ਅਤੇ ਕੁਦਰਤ ਦੀ ਸਾਜੀ ਪ੍ਰਕਿਰਤੀ ਨੂੰ ਵੱਧ ਮੰਨਣ ਵਾਲੇ ਲੋਕ ਵਸਦੇ ਹਨ। 2008 ਦੀ ਮਰਦਮੁਸ਼ਾਰੀ ਮੁਤਾਬਕ ਸਭ ਤੋਂ ਵੱਧ ਪੜ੍ਹੇ-ਲਿਖੇ ਅਤੇ ਗ੍ਰੈਜੂਏਟ ਸਿਆਟਲ ਵਿਚੋਂ ਬਣੇ ਹਨ। ਯੂਨੀਵਰਸਿਟੀ ਆਫ ਵਾਸ਼ਿੰਗਟਨ ਸਿਆਟਲ ਦੀ ਪਹਿਚਾਣ ਦੁਨੀਆਂ ਦੀਆਂ ਪਹਿਲੀਆਂ 11 ਯੂਨੀਵਰਸਿਟੀਆਂ 'ਚ ਹੈ। ਅਮਰੀਕਨ ਫੁਟਬਾਲ ਇਥੋਂ ਦੀ ਹਰਮਨ ਪਿਆਰੀ ਖੇਡ ਹੈ। 2015 'ਚ ਸਿਆਟਲ ਨੇ ਅਮਰੀਕਨ ਫੁਟਬਾਲ 'ਚ ਨੈਸ਼ਨਲ ਚੈਂਪੀਅਨ ਬਣ ਕੇ ਇਤਿਹਾਸ ਸਿਰਜਿਆ। ਇਸਤੋਂ ਇਲਾਵਾ ਬੇਸਬਾਲ, ਸਾਕਰ (ਦੁਨੀਆਂ ਦੀ ਚਰਚਿੱਤ ਫੁਟਬਾਲ ਖੇਡ), ਬਾਸਕਟਬਾਲ ਆਦਿ ਖੇਡਾਂ ਨੂੰ ਲੋਕ ਵਧੇਰੇ ਖੇਡਦੇ ਅਤੇ ਪਸੰਦ ਕਰਦੇ ਹਨ। ਸਾਲ 2026 ਫੀਫਾ ਵਿਸ਼ਵ ਕੱਪ ਫੁੱਟਬਾਲ ਦੇ 6 ਮੁਕਾਬਲੇ ਸਿਆਟਲ ਦੇ ਫੁੱਟਬਾਲ ਸਟੇਡੀਅਮ ਵਿਖੇ ਖੇਡੇ ਗਏ। ਜਿਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਸਿਆਟਲ ਦੀ ਮਕਬੂਲੀਅਤ ਹੋਰ ਵਧੀ ਹੈ। ਸਿਆਟਲ 'ਚ 78 ਪ੍ਰਤੀਸ਼ਤ ਲੋਕਾਂ ਵੱਲੋਂ ਅੰਗਰੇਜ਼ੀ ਭਾਸ਼ਾ ਬੋਲੀ ਜਾਂਦੀ ਹੈ, ਜਦਕਿ 10 ਪ੍ਰਤੀਸ਼ਤ ਦੇ ਕਰੀਬ ਏਸ਼ੀਅਨ ਮਹਾਂਦੀਪ ਦੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। 1 ਫੀਸਦੀ ਦੇ ਕਰੀਬ ਲੋਕਾਂ ਵਲੋਂ ਇੱਥੇ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ।

### 1994 ਵਿਚ ਐਮਾਜ਼ੋਨ ਦੀ ਸਥਾਪਨਾ ਵੀ ਸਿਆਟਲ ਵਿਚ ਹੀ ਹੋਈ

ਮੌਸਮ 'ਚ ਜ਼ਿਆਦਾਤਰ ਬਰਸਾਤੀ ਅਤੇ ਬੱਦਲਵਾਈ ਬਣੇ ਰਹਿਣ ਕਾਰਨ ਇਹ ਇਕ ਠੰਢੇ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ। ਮਾਈਕ੍ਰੋਸਾਫਟ ਕੰਪਨੀ ਦਾ ਮਾਲਕ ਅਤੇ ਦੁਨੀਆਂ ਦਾ ਸਭ ਤੋਂ ਅਮੀਰ ਆਦਮੀ ਬਿੱਲ ਗੇਟਸ ਵੀ ਇਸੇ ਸ਼ਹਿਰ ਸਿਆਟਲ ਵਿਚ ਹੀ ਰਹਿੰਦਾ ਹੈ। ਇਸਨੂੰ ਜਹਾਜਾਂ ਦੇ ਸ਼ਹਿਰ ਵਜੋਂ ਵੀ ਜਾਣਿਆ ਜਾਂਦਾ ਹੈ। ਦੁਨੀਆਂ ਦੀ ਚਰਚਿਤ ਬੋਇੰਗ ਕੰਪਨੀ ਦੇ ਸਾਰੇ ਜਹਾਜ਼ ਸਿਆਟਲ ਵਿਖੇ ਬਣਦੇ ਹਨ। ਦੁਨੀਆਂ ਦੀ ਆਨਲਾਈਨ ਰਿਟੇਲਰ ਕੰਪਨੀ 'ਐਮਾਜ਼ਾਨ' ਦੀ ਸਥਾਪਨਾ ਵੀ 1994 'ਚ ਸਿਆਟਲ ਵਿਖੇ ਹੀ ਹੋਈ। ਜਿਸ ਨਾਲ ਆਧੁਨਿਕ ਤਕਨੀਕ ਦਾ ਦੁਨੀਆਂ ਵਿਚ ਫੈਲਾਅ ਹੋਇਆ। ਸਾਫਟਵੇਅਰਾਂ ਅਤੇ ਇੰਟਰਨੈੱਟ ਕੰਪਨੀਆਂ ਦੇ ਆਉਣ ਨਾਲ ਸਿਆਟਲ ਦੁਨੀਆਂ ਦਾ ਇਕ ਵੱਡਾ ਵਪਾਰਕ ਸ਼ਹਿਰ ਬਣ ਗਿਆ। ਜਿਸ ਕਰਕੇ ਇਸਦੀ ਆਬਾਦੀ ਵਿਚ ਦਿਨੋਂ-ਦਿਨ ਵੱਡੇ ਪੱਧਰ 'ਤੇ ਵਾਧਾ ਹੋ ਰਿਹਾ ਹੈ। ਦੁਨੀਆਂ ਦੇ ਅਗਾਂਹਵਧੂ ਅਤੇ ਤਰੱਕੀ ਪਸੰਦ ਲੋਕ ਸਿਆਟਲ ਵਿਚ ਆ ਕੇ ਵਸ ਰਹੇ ਹਨ।

### 'ਮਿਊਜ਼ਿਅਮ ਆਫ ਫਲਾਈਟ' ਵੱਡੀ ਖਿੱਚ ਦਾ ਕੇਂਦਰ

ਏਅਰ ਅਤੇ ਪੁਲਾੜ ਦੀ ਪਹਿਚਾਣ ਵਜੋਂ ਮਿਊਜ਼ਿਮ ਆਫ ਫਲਾਈਟ ਸਿਆਟਲ ਵਿਚ ਆਉਣ ਵਾਲੇ ਸੈਲਾਨੀਆਂ ਲਈ ਇਕ ਵੱਡੀ ਖਿੱਚ ਦਾ ਕੇਂਦਰ ਹੈ। ਇਸ ਮਿਊਜ਼ਿਅਮ ਵਿਚ 20ਵੀਂ ਸਦੀ ਦੇ ਮੁੱਢਲੇ ਬਣੇ ਜਹਾਜ਼ਾਂ ਤੋਂ ਲੈ ਕੇ ਹੁਣ ਤੱਕ ਦੇ ਆਧੁਨਿਕ ਤਕਨੀਕ ਵਾਲੇ ਜਹਾਜ਼ਾਂ ਦੇ ਦਿਲ ਖਿੱਚਵੇਂ ਮਾਡਲ ਖੜ੍ਹੇ ਹਨ, ਜਿਨ੍ਹਾਂ ਨੂੰ ਦੇਖ ਕੇ ਇਹ ਪਤਾ ਲੱਗਦਾ ਹੈ ਕਿ ਤਕਨੀਕ ਕਿਥੋਂ ਚੱਲ ਕੇ ਕਿਥੇ ਤੱਕ ਪਹੁੰਚ ਗਈ ਹੈ। ਇਸ ਤੋਂ ਇਲਾਵਾ ਪਹਿਲਾ ਵਿਸ਼ਵ ਯੁੱਧ 1914 ਤੋਂ ਲੈ ਕੇ 1918 ਵਿਚ ਅਤੇ ਦੂਸਰਾ ਵਿਸ਼ਵ ਯੁੱਧ 1942 ਤੋਂ ਲੈ ਕੇ 1946 ਤੱਕ ਵਰਤਿਆ ਗਿਆ ਜੰਗੀ ਸਮਾਨ ਜਹਾਜ਼, ਪਹਿਲਾ ਫਾਈਟਰ ਪਲੇਨ ਅਤੇ ਹੋਰ ਇਤਿਹਾਸਕ ਵਸਤਾਂ ਦਾ ਨਜ਼ਾਰਾ ਤੇ ਗਿਆਨ ਵਿਚ ਵਾਧਾ ਤਾਂ ਦੇਖਿਆਂ ਹੀ ਮਿਲਦਾ ਹੈ। ਬੋਇੰਗ ਕੰਪਨੀ ਇੱਕ ਨਵੇਂ ਜਹਾਜ਼ ਨੂੰ 6 ਦਿਨ ਵਿਚ ਤਿਆਰ ਕਰ ਦਿੰਦੀ ਹੈ। ਇਸ ਇਤਿਹਾਸਕ ਸ਼ਹਿਰ ਨੇ ਵੱਡੇ ਉਤਰਾਅ ਚੜ੍ਹਾਅ ਵੀ ਝੱਲੇ ਹਨ। ਪਹਿਲੇ ਵਿਸ਼ਵ ਯੁੱਧ ਮੌਕੇ ਵੱਡੇ ਪੱਧਰ 'ਤੇ ਆਰਥਿਕ ਨੁਕਸਾਨ ਸਿਆਟਲ ਨੇ ਝੱਲਿਆ, ਜਿਸਨੂੰ ਗਰੀਬੀ, ਬੇਰੁਜ਼ਗਾਰੀ ਅਤੇ ਹੋਰ ਆਫਤਾਂ ਦਾ ਸਾਹਮਣਾ ਵੀ ਕਰਨਾ ਪਿਆ। 1970 'ਚ ਬੋਇੰਗ ਕੰਪਨੀ ਨੇ ਇਸਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਵਿੱਤੀ ਸਹਾਇਤਾ ਦਿੱਤੀ। ਜਿਸ ਨਾਲ ਇਹ ਸ਼ਹਿਰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋਇਆ। ਇਸੇ ਵਜ੍ਹਾ ਕਰਕੇ ਅੱਜ ਦੀ ਘੜੀ ਸੁੰਦਰਤਾ, ਆਰਥਿਕਤਾ ਅਤੇ ਵਪਾਰ ਪੱਖੋਂ ਦੁਨੀਆਂ ਦਾ ਅਜੂਬਾ ਬਣ ਗਿਆ ਹੈ।

### ਇੱਕ ਅਜੂਬਾ ਹੋਰ ਸਿਆਟਲ ਵਿਚ 'ਸਪੇਸ ਨੀਡਲ ਟਾਵਰ'

ਦੁਨੀਆਂ ਦੇ 7 ਅਜੂਬਿਆਂ 'ਚ ਆਪਣੀ ਪਹਿਚਾਣ ਰੱਖਣ ਵਾਲਾ 184 ਮੀਟਰ ਉੱਚਾ ਸਪੇਸ ਨੀਡਲ ਟਾਵਰ ਪੇਰਿਸ ਦੇ ਫਰਾਂਸ ਸ਼ਹਿਰ ਦੇ ਆਈਫਲ ਟਾਵਰ ਦੀ ਤਰ੍ਹਾਂ ਆਪਣੀ ਵੱਖਰੀ ਖਿੱਚ ਦਰਸਾਉਂਦਾ ਹੈ। ਸਟਾਰਬਕਸ ਕੌਫੀ ਦੀ ਵੀ ਸ਼ੁਰੂਆਤ ਸਿਆਟਲ ਤੋਂ ਹੀ ਹੋਈ। ਸਟਾਰਬਕਸ ਕੌਫੀ ਦੀ ਪਹਿਲੀ ਦੁਕਾਨ ਅੱਜ ਵੀ ਡਾਊਨ ਟਾਊਨ ਸਿਆਟਲ ਵਿਚ ਮੌਜੂਦ ਹੈ। ਜਿੱਥੇ ਕੌਫ਼ੀ ਪੀਣ ਲਈ ਅੱਜ ਵੀ ਲੋਕਾਂ ਦੀ ਵੱਡੀ ਭੀੜ ਜੁੜਦੀ ਹੈ। ਸਿਆਟਲ ਸ਼ਹਿਰ ਦਾ ਸਾਰਾ ਢਾਂਚਾ ਉਥੋਂ ਦੇ ਮੇਅਰ ਦੀ ਨਿਗਰਾਨੀ ਹੇਠ ਚਲਦਾ ਹੈ। ਇਥੇ ਦੋ ਪਾਰਟੀ ਰਾਜਨੀਤਿਕ ਸਿਸਟਮ ਡੈਮੋਕਰੇਟਿਕ ਅਤੇ ਰਿਪਬਲਿਕ ਪਾਰਟੀਆਂ ਦਾ ਹੈ। ਵਧੇਰੇ ਰਾਜਨੀਤਿਕ ਦਬਦਬਾ ਡੈਮੋਕਰੇਟਿਕ ਪਾਰਟੀ ਦਾ ਹੈ। 2012 ਦੀਆਂ ਆਮ ਚੋਣਾਂ 'ਚ ਉਸ ਵੇਲੇ ਚੁਣੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ 80 ਪ੍ਰਤੀਸ਼ਤ ਵੋਟ ਸਿਆਟਲ ਸ਼ਹਿਰ 'ਚੋਂ ਲੋਕਾਂ ਨੇ ਪਾਈ ਸੀ, ਜੋ ਕਿ ਇਕ ਰਾਜਨੀਤਿਕ ਰਿਕਾਰਡ ਹੈ। 1926 'ਚ ਬਰਥਾ ਨਾਈਟ ਲੈਂਡਿਸ ਪਹਿਲੀ ਮਹਿਲਾ ਸੀ, ਜਿਸਨੂੰ ਮੇਅਰ ਬਣਨ ਦਾ ਮਾਣ ਹਾਸਲ ਹੋਇਆ, ਜਦਕਿ ਭਾਰਤ ਦੀ ਪਹਿਲੀ ਮਹਿਲਾ ਪ੍ਰੋਮਿਲਾ ਜੈਪਾਲ ਨੂੰ ਇਥੋਂ ਦੀ ਕਾਂਗਰਸ ਮੈਂਬਰ ਬਣਨ ਦਾ ਮਾਣ ਹਾਸਲ ਹੋਇਆ।








> ਮੌਸਮ 'ਚ ਜ਼ਿਆਦਾਤਰ ਬਰਸਾਤੀ ਅਤੇ ਬੱਦਲਵਾਈ ਬਣੇ ਰਹਿਣ ਕਾਰਨ ਇਹ ਇਕ ਠੰਢੇ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ। ਮਾਈਕ੍ਰੋਸਾਫਟ ਕੰਪਨੀ ਦਾ ਮਾਲਕ ਅਤੇ ਦੁਨੀਆਂ ਦਾ ਸਭ ਤੋਂ ਅਮੀਰ ਆਦਮੀ ਬਿੱਲ ਗੇਟਸ ਵੀ ਇਸੇ ਸ਼ਹਿਰ ਸਿਆਟਲ ਵਿਚ ਹੀ ਰਹਿੰਦਾ ਹੈ। ਇਸਨੂੰ ਜਹਾਜਾਂ ਦੇ ਸ਼ਹਿਰ ਵਜੋਂ ਵੀ ਜਾਣਿਆ ਜਾਂਦਾ ਹੈ। ਦੁਨੀਆਂ ਦੀ ਚਰਚਿਤ ਬੋਇੰਗ ਕੰਪਨੀ ਦੇ ਸਾਰੇ ਜਹਾਜ਼ ਸਿਆਟਲ ਵਿਖੇ ਬਣਦੇ ਹਨ। ਦੁਨੀਆਂ ਦੀ ਆਨਲਾਈਨ ਰਿਟੇਲਰ ਕੰਪਨੀ 'ਐਮਾਜ਼ਾਨ' ਦੀ ਸਥਾਪਨਾ ਵੀ 1994 'ਚ ਸਿਆਟਲ ਵਿਖੇ ਹੀ ਹੋਈ।

### ਸਿਆਟਲ 'ਚ ਪੰਜਾਬੀਆਂ ਦੀ ਪਹਿਚਾਣ ਵੱਖਰੀ

ਸਿਆਟਲ ਸ਼ਹਿਰ 'ਚ ਜਿਥੇ ਯੂਰਪੀਅਨ ਲੋਕਾਂ ਦਾ ਪੂਰੀ ਤਰ੍ਹਾਂ ਦਬਦਬਾ ਹੈ, ਉਥੇ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਇੱਕ ਲੱਖ ਤੋਂ ਵੱਧ ਲੋਕ ਸਿਆਟਲ ਵਿਚ ਰਹਿੰਦੇ ਹਨ। ਮਾਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਦੇਵ ਇੰਜੀਨੀਅਰ ਕਾਲਜ ਲੁਧਿਆਣਾ ਦੇ 1980ਵੇਂ ਦਹਾਕੇ ਦੇ ਪਾਸ ਆਉਟ ਵਿਦਿਆਰਥੀ ਵੱਡੀ ਗਿਣਤੀ 'ਚ ਬੋਇੰਗ ਕੰਪਨੀ 'ਚ ਉੱਚੀਆਂ ਪੋਸਟਾਂ 'ਤੇ ਨੌਕਰੀ ਕਰਦੇ ਹਨ। ਹਰਸਿਮਰਤ ਸਿੰਘ ਚਾਹਿਲ ਦੀ ਬੋਇੰਗ ਕੰਪਨੀ ਵਿਚ ਆਪਣੀ ਵਿਲੱਖਣ ਪਹਿਚਾਣ ਹੈ। ਸਿੱਖਾਂ ਦੀ ਆਮਦ 1900 ਦੇ ਕਰੀਬ ਗੋਰਿਆਂ ਦੀ ਆਰਮੀ ਰਾਹੀਂ ਐਬਟਸਫੋਰਡ ਤੇ ਵੈਨਕੂਵਰ ਤੋਂ ਸਿਆਟਲ ਵਿਚ ਹੋਈ। 1947 ਭਾਰਤ ਦੀ ਵੰਡ ਤੋਂ ਬਾਅਦ ਕਾਫੀ ਸਿੱਖ ਪਰਿਵਾਰ ਸਿਆਟਲ 'ਚ ਆ ਕੇ ਵਸੇ। ਪਰ 1984 ਦਰਬਾਰ ਸਾਹਿਬ ਹਮਲੇ ਤੋਂ ਬਾਅਦ ਸਿੱਖਾਂ ਦੀ ਅਤੇ ਪੰਜਾਬੀਆਂ ਦੀ ਇੱਥੇ ਆਉਣ ਦੀ ਇਕ ਲਹਿਰ ਬਣ ਗਈ। ਜ਼ਿਆਦਾਤਰ ਪੰਜਾਬੀ ਟਰੱਕਾਂ, ਸਟੋਰਾਂ ਅਤੇ ਗੈਸ ਸਟੇਸ਼ਨਾਂ ਆਦਿ 'ਤੇ ਆਪਣੀਆਂ ਨੌਕਰੀਆਂ ਕਰਦੇ ਹਨ ਅਤੇ ਬਹੁਤ ਥੋੜ੍ਹਿਆਂ ਨੇ ਆਪਣੇ ਨਿੱਜੀ ਵਪਾਰ 'ਚ ਪੈਸਾ ਨਿਵੇਸ਼ ਕੀਤਾ ਹੋਇਆ ਹੈ। ਸਿਆਟਲ ਦੀ 50 ਲੱਖ ਦੀ ਵਸੋਂ ਵਿਚੋਂ 5 ਲੱਖ ਦੇ ਕਰੀਬ ਲੋਕਾਂ ਨੂੰ ਸਿੱਖੀ ਬਾਰੇ ਜਾਣਕਾਰੀ ਤੋਂ ਇਲਾਵਾ ਬਹੁਤ ਸ਼ਰਧਾ ਤੇ ਯਕੀਨ ਹੈ। ਇਥੇ ਬਣੇ 'ਵਿੰਗ ਲੂਕ ਏਸ਼ੀਅਨ ਮਿਊਜ਼ੀਅਮ' 'ਚ ਸਿੱਖ ਇਤਿਹਾਸ ਬਾਰੇ ਵਧੀਆ ਜਾਣਕਾਰੀ ਦਿੱਤੀ ਜਾਂਦੀ ਹੈ। ਸਿਆਟਲ 'ਚ ਇੱਕ ਦਰਜਨ ਦੇ ਕਰੀਬ ਗੁਰਦੁਆਰੇ ਹਨ। ਜਦਕਿ ਮੁੱਖ ਗੁਰਦੁਆਰਾ ਸਿੰਘ ਸਭਾ ਗੁਰੂ ਘਰ ਰਿੰਟਨ ਵਿਖੇ ਬਣਿਆ ਹੋਇਆ ਹੈ। ਜਿਥੇ ਹਰ ਐਤਵਾਰ ਅਤੇ ਹੋਰ ਇਤਿਹਾਸਕ ਦਿਨਾਂ ਨੂੰ ਲੋਕ ਵੱਡੀ ਗਿਣਤੀ ਵਿਚ ਨਤਮਸਤਕ ਹੁੰਦੇ ਹਨ। ਇਸਤੋਂ ਇਲਾਵਾ ਪੰਜਾਬੀਆਂ ਵੱਲੋਂ ਖੇਡ ਗਤੀਵਿਧੀਆਂ ਹਰ ਸਾਲ ਵਧੀਆ ਤਰੀਕੇ ਨਾਲ ਚਲਾਈਆਂ ਜਾਂਦੀਆਂ ਹਨ। ਕਬੱਡੀ ਕੱਪ ਅਤੇ ਹੋਰ ਖੇਡਾਂ ਤੋਂ ਇਲਾਵਾ ਪੰਜਾਬੀ ਬੱਚਿਆਂ ਲਈ ਕੋਚਿੰਗ ਕੈਂਪ ਵੀ ਸਿੱਖ ਭਾਈਚਾਰੇ ਵੱਲੋਂ ਲਗਵਾਏ ਜਾਂਦੇ ਹਨ। ਪੰਜਾਬ ਸਪੋਰਟਸ ਸਿਆਟਲ ਕਬੱਡੀ ਕਲੱਬ ਦਾ ਵੀ ਅਮਰੀਕਾ, ਕੈਨੇਡਾ ਦੀ ਕਬੱਡੀ ਵਿਚ ਪੂਰੀ ਤਰ੍ਹਾਂ ਜੇਤੂ ਦਬਦਬਾ ਰਿਹਾ ਹੈ। ਮਨਮੋਹਨ ਗਰੇਵਾਲ ਉਰਫ਼ ਮੋਹਣਾਂ ਜੋਧਾਂ ਅਤੇ ਉਨ੍ਹਾਂ ਦੀ ਪੂਰੀ ਟੀਮ ਆਪਣਾ ਤਨ, ਮਨ, ਧਨ ਕਬੱਡੀ ਕਲੱਬ ਦੇ ਲੇਖੇ ਲਾਉਂਦੇ ਹਨ। ਸਿਆਟਲ ਵੱਸਦੇ ਗੀਤਕਾਰ ਮਨਜੀਤ ਚਾਹਲ ਕਣਕਵਾਲ ਅਤੇ ਉੱਘੇ ਲੇਖਕ ਕਰਨੈਲ ਕੈਲ ਦੀਆਂ ਲਿਖਤਾਂ ਵੀ ਕਾਬਲੇ-ਤਰੀਫ ਹੋਣ ਕਾਰਨ ਪੰਜਾਬੀਆਂ ਦਾ ਮਾਣ ਦੁਨੀਆਂ 'ਚ ਵਧਾ ਰਹੀਆਂ ਹਨ। ਅਸਲ ਸੱਚ ਇਹ ਹੈ ਕਿ ਜੇਕਰ ਕਿਸੇ ਨੇ ਜਿਉਂਦੇ ਜੀਅ ਧਰਤੀ 'ਤੇ ਵੱਸਦਾ ਸਵਰਗ ਦੇਖਣਾ ਹੋਵੇ, ਤਾਂ ਉਹ ਸਵਿਟਜ਼ਰਲੈਂਡ ਤੋਂ ਬਾਅਦ ਸਿਆਟਲ ਸ਼ਹਿਰ ਵਿਚੋਂ ਹੀ ਮਿਲਦਾ ਹੈ। ਗੁਰੂ ਰਹਿਮਤ ਕਰੇ, ਸਿਆਟਲ ਸ਼ਹਿਰ ਹੋਰ ਤਰੱਕੀਆਂ ਕਰੇ, ਪੰਜਾਬੀ ਆਪਣੀ ਵਿਲੱਖਣ ਪਹਿਚਾਣ ਬਣਾਉਣ। ਰੱਬ ਰਾਖਾ!

# ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੰਗੀ ਜੀਵਨ

ਪ੍ਰਮਿੰਦਰ ਸਿੰਘ
'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA





ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਲੋਕ ਭਲਾਈ ਦੇ ਸੰਕਲਪ ਤਹਿਤ ਚਾਰੋਂ ਦਿਸ਼ਾਵਾਂ ਵਿਚ 'ਉਦਾਸੀਆਂ' ਕੀਤੀਆਂ। ਅੱਗੇ ਸਾਰੇ ਗੁਰੂ ਸਾਹਿਬਾਨ ਨੇ ਇਸ ਕਾਰਜ ਨੂੰ ਜਾਰੀ ਰੱਖਦਿਆਂ, ਧਰਮ ਪ੍ਰਚਾਰ ਲਈ ਦੂਰ-ਦੂਰ ਤੱਕ ਪ੍ਰਚਾਰਕ ਦੌਰੇ ਕੀਤੇ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵੀ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਨਾਲ-ਨਾਲ ਚੱਲਦੀ ਰਹੀ। ਗੁਰੂ ਅਰਜਨ ਦੇਵ ਸਾਹਿਬ ਜਦੋਂ ਅੰਮ੍ਰਿਤਸਰ ਤੋਂ ਪ੍ਰਚਾਰਕ ਦੌਰਾ ਸ਼ੁਰੂ ਕਰਕੇ ਗੋਇੰਦਵਾਲ, ਕਰਤਾਰਪੁਰ ਤੋਂ ਹੁੰਦੇ ਹੋਏ ਵਾਪਸ ਅੰਮ੍ਰਿਤਸਰ ਪਹੁੰਚੇ, ਤਾਂ ਉਥੇ ਨੇੜਲੇ ਪਿੰਡ ਪਿੰਡ ਵਡਾਲੀ ਵਿਖੇ ਬਾਲ (ਗੁਰੂ) ਹਰਿਗੋਬਿੰਦ ਜੀ ਦਾ ਆਗਮਨ 5 ਜੁਲਾਈ, 1595 ਨੂੰ ਹੋਇਆ।

ਆਪ ਜੀ ਦੀ ਵਿਦਿਆ ਅਤੇ ਸ਼ਸਤਰਾਂ ਦੀ ਸਿਖਲਾਈ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਹੋਈ। ਆਪ ਜਲਦੀ ਹੀ ਨਿਪੁੰਨ ਮਹਾਂਬਲੀ ਯੋਧਾ ਬਣ ਗਏ। ਜਦੋਂ ਆਪ ਜੀ ਦੀ ਉਮਰ ਗਿਆਰਾਂ ਕੁ ਸਾਲ ਸੀ, ਤਦ ਹੀ ਬਾਦਸ਼ਾਹ ਜਹਾਂਗੀਰ ਨੇ ਧਾਰਮਿਕ ਈਰਖਾ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਹਥਿਆਰ ਚੁੱਕਣੇ ਪੈਣਗੇ। ਉਨ੍ਹਾਂ ਬਾਲ (ਗੁਰੂ) ਹਰਿਗੋਬਿੰਦ ਜੀ ਨੂੰ ਸੁਚੇਤ ਕੀਤਾ ਕਿ ਗੁਰਗੱਦੀ 'ਤੇ ਸ਼ਸਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ ਫੌਜ ਵੀ ਰੱਖਣੀ ਹੈ। ਇਸੇ ਫੌਜੀ ਕਾਰਵਾਈ ਨੂੰ ਅੱਗੇ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਫੌਜੀ ਖਾਲਸੇ ਦਾ ਰੂਪ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ 25, ਮਈ 1606 ਨੂੰ ਗੁਰਗੱਦੀ 'ਤੇ ਵਿਰਾਜਮਾਨ ਹੋਏ। ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੇ ਰਾਹ ਤੁਰਨ ਲਈ, ਆਪ ਜੀ ਨੇ ਦੋ ਤਲਵਾਰਾਂ 'ਮੀਰੀ ਅਤੇ ਪੀਰੀ' ਧਾਰਨ ਕਰ ਲਈਆਂ। ਗੁਰੂ ਜੀ ਨੇ ਸੰਗਤਾਂ ਨੂੰ ਨਗਦ ਭੇਟਾਂ ਦੇਣ ਦੇ ਨਾਲ ਚੰਗੇ ਸ਼ਸਤਰ, ਚੰਗੇ ਘੋੜੇ ਅਤੇ ਜੁਆਨੀਆਂ ਵੀ ਭੇਂਟ ਕਰਨ ਲਈ ਕਿਹਾ। ਗੁਰੂ ਜੀ ਨੇ ਸਿੱਖਾਂ ਨੂੰ ਸ਼ਿਕਾਰ ਖੇਡਣ ਅਤੇ ਸ਼ਸਤਰ ਵਿਦਿਆ, ਘੋੜ ਸਵਾਰੀ ਦੇ ਅਭਿਆਸਾਂ ਨਾਲ ਸੂਰਮਿਆਂ ਦੀ ਫੌਜ ਬਣਾ ਲਿਆ। ਮਾਲਵੇ ਦੁਆਬੇ ਦੇ 500 ਜੁਆਨ ਗੁਰੂ ਜੀ ਦੀ ਮਦਦ ਵਿਚ ਅੱਗੇ ਆਏ। ਗੁਰੂ ਜੀ ਦੇ ਸਮਾਜਿਕ ਕੰਮਾਂ ਜਿਵੇਂ ਬਿਪਤਾ ਅਤੇ ਕਾਲ ਦੇ ਸਮੇਂ ਸੰਗਤਾਂ ਦੀ ਸੇਵਾ ਕਰਨ ਅਤੇ ਸਾਂਝੀਵਾਲਤਾ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਕਈ ਮੁਸਲਮਾਨ ਵੀ ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਏ।

ਸੰਨ 1609 ਵਿਚ ਗੁਰੂ ਜੀ ਨੇ ਅਕਾਲ ਤਖ਼ਤ ਦੀ ਉਸਾਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਕਰ ਲਈ। ਸੂਰਮਿਆਂ ਵਿਚ ਬੀਰ-ਰਸ ਭਰਨ ਲਈ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਸ਼ੁਰੂ ਕੀਤਾ। ਪਹਿਲਾ ਢਾਡੀ ਅਬਦੁੱਲਾ ਸੀ। ਗੁਰੂ ਜੀ ਦੀ ਵੱਧਦੀ ਹਰਮਨਪਿਆਰਤਾ ਤੋਂ ਜਹਾਂਗੀਰ ਔਖਾ ਸੀ। ਸੰਨ 1612 ਵਿਚ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ। ਉਥੇ ਪਹਿਲਾਂ ਵੀ 52 ਰਾਜੇ ਕੈਦ ਸਨ। ਜਿਨ੍ਹਾਂ ਨਾਲ ਬੜਾ ਮਾੜਾ ਸਲੂਕ ਹੋ ਰਿਹਾ ਸੀ। ਉਹ ਸਾਰੇ ਗੁਰੂ ਜੀ ਦੇ ਸਤਸੰਗੀ ਬਣ ਗਏ। ਫਕੀਰ ਮੀਆਂ ਮੀਰ ਦੇ ਕਹਿਣ ਤੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਹੋਏ। ਗੁਰੂ ਜੀ ਨੇ 52 ਰਾਜੇ ਵੀ ਰਿਹਾਅ ਕਰਨ ਤੋਂ ਸਹਿਮਤੀ ਦਿੱਤੀ। ਬਾਦਸ਼ਾਹ ਨੂੰ 52 ਰਾਜੇ ਵੀ ਰਿਹਾਅ ਕਰਨੇ ਪਏ। ਉਪਰੰਤ ਗੁਰੂ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ, ਤਾਂ ਉਸ ਦਿਨ ਨੂੰ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ।

## 1. ਅੰਮ੍ਰਿਤਸਰ ਦੀ ਜੰਗ:

**ਗੁਰੂ ਜੀ ਦਾ ਜੰਗੀ ਜੀਵਨ:** ਮੁਗਲ ਬਾਦਸ਼ਾਹ ਜਹਾਂਗੀਰ ਦੀ 1627 ਵਿਚ ਮੌਤ ਹੋ ਗਈ, ਉਸ ਦਾ ਪੁੱਤਰ ਸ਼ਾਹਜਹਾਂ ਤਖਤ 'ਤੇ ਬੈਠਾ। ਸਮੇਂ ਦੇ ਹਾਕਮਾਂ ਨੇ ਸਿੱਖਾਂ ਦੇ ਵਿਰੁੱਧ ਉਸ ਦੇ ਕੰਨ ਭਰੇ। ਉਹ ਸਿੱਖਾਂ ਨਾਲ ਟੱਕਰ ਲੈਣ ਦਾ ਬਹਾਨਾ ਲੱਭਦਾ ਸੀ। 1628 ਨੂੰ ਅੰਮ੍ਰਿਤਸਰ ਦੇ ਨੇੜੇ ਗੁਮਟਾਲਾ ਵਿਖੇ ਸ਼ਾਹੀ ਸ਼ਿਕਾਰ ਖੇਡਿਆ ਜਾ ਰਿਹਾ ਸੀ, ਉੱਧਰ ਹੀ ਸਿੱਖਾਂ ਦਾ ਅਭਿਆਸੀ ਸ਼ਿਕਾਰੀ ਜੱਥਾ ਵੀ ਸ਼ਿਕਾਰ ਖੇਡ ਰਿਹਾ ਸੀ। ਬਾਦਸ਼ਾਹ ਦਾ ਇਕ ਬਾਜ਼ ਸਿੱਖਾਂ ਦੇ ਹੱਥ ਆ ਗਿਆ। ਬਾਦਸ਼ਾਹ ਦੇ ਸ਼ਿਕਾਰੀ ਬੜੇ ਰੋਹਬ ਨਾਲ ਬਾਜ਼ ਵਾਪਸ ਮੰਗਣ ਆਏ। ਸਿੱਖਾਂ ਨੇ ਬਾਜ਼ ਨਾ ਮੋੜਿਆ। ਬਾਦਸ਼ਾਹ ਸ਼ਾਹਜਹਾਨ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਉਣ ਲਈ ਮੁਖਲਿਸ ਖਾਂ ਦੀ ਕਮਾਨ ਹੇਠ ਸੱਤ ਹਜ਼ਾਰ ਦੀ ਫੌਜ ਭੇਜੀ।

ਗੁਰੂ ਜੀ ਦੀ ਆਪਣੀ ਸਪੁੱਤਰੀ ਬੀਬੀ ਵੀਰੋ ਜੀ ਦੇ ਵਿਆਹ ਦੀ ਤਿਆਰੀ ਵਿਚ ਸਨ। ਗੁਰੂ ਜੀ ਦੀ ਕੋਈ ਜੰਗੀ ਤਿਆਰੀ ਵੀ ਨਹੀਂ ਸੀ। ਜੰਗੀ ਸਮਾਨ ਵੀ ਕਾਫੀ ਨਹੀਂ ਸੀ। ਮੁਗਲਾਂ ਨੇ ਪਹਿਲਾਂ ਲੋਹਗੜ੍ਹ ਦੇ ਕਿਲ੍ਹੇ 'ਤੇ ਹਮਲਾ ਕੀਤਾ। ਥੋੜ੍ਹੇ ਜਿਹੇ ਸਿੱਖਾਂ ਨੇ ਸਖਤ ਮੁਕਾਬਲਾ ਕੀਤਾ। ਮੁਗਲਾਂ ਨੇ ਸ਼ਹਿਰ ਨੂੰ ਲੁੱਟਿਆ। ਉਨ੍ਹਾਂ ਨੇ ਗੁਰੂ ਜੀ ਦੀ ਜਾਇਦਾਦ ਅਤੇ ਪਵਿੱਤਰ ਨਿਵਾਸ ਨੂੰ ਵੀ ਲੁੱਟਿਆ। ਦੂਸਰੇ ਦਿਨ ਲੜਾਈ ਪਿਪਲੀ ਸਾਹਿਬ ਦੇ ਕੋਲ ਖਾਲਸਾ ਕਾਲਜ ਵਾਲੀ ਥਾਂ 'ਤੇ ਹੋਈ। ਗੁਰੂ ਜੀ ਦੇ ਨਾਲ ਸੂਰਬੀਰ ਯੋਧੇ ਭਾਈ ਬਿਧੀ ਚੰਦ, ਭਾਈ ਜੇਠਾ ਅਤੇ ਪੈਂਦੇ ਖਾਂ ਆਦਿ ਸਨ। ਸਿੰਘਾਂ ਨੇ ਮੁਗਲਾਂ ਨੂੰ ਬਹੁਤ ਭਜਾਇਆ। ਤੀਸਰੇ ਦਿਨ ਦੀ ਲੜਾਈ ਵਿਚ ਭਾਰੀ ਕਤਲੇਆਮ ਹੋਇਆ। ਗੁਰੂ ਜੀ ਨੇ ਲੱਕੜ ਦੀ ਤੋਪ ਚਲਾਈ। ਦੁਸ਼ਮਣ ਦੀ ਗਿਣਤੀ ਵਧੇਰੇ ਸੀ। ਗੁਰੂ ਜੀ ਕੋਲ 700 ਸਿਪਾਹੀ ਸਨ। ਗੁਰੂ ਜੀ ਨੇ ਆਪਣਾ ਪਰਿਵਾਰ ਸੁਰੱਖਿਅਤ ਝਬਾਲ ਭੇਜ ਦਿੱਤਾ। ਘਮਸਾਨ ਦੀ ਜੰਗ ਵਿਚ ਮੁਗਲਾਂ ਦੇ ਪੈਰ ਉਖੜ ਗਏ। ਗੁਰੂ ਜੀ ਨੇ ਖੰਡੇ ਨਾਲ ਮੁਖਲਿਸ ਖਾਂ ਦੇ ਟੋਟੇ ਕਰ ਦਿੱਤੇ। ਉਸ ਦੇ ਮਰਨ 'ਤੇ ਮੁਗਲ ਫੌਜ ਮੈਦਾਨ ਛੱਡ ਗਈ। ਮੁਗਲਾਂ ਅਤੇ ਸਿੱਖਾਂ ਦੀ ਇਸ ਪਹਿਲੀ ਹਥਿਆਰਬੰਦ ਜੰਗ ਵਿਚ ਗੁਰੂ ਜੀ ਦੀ ਪਹਿਲੀ ਜਿੱਤ ਸੀ। ਅਗਲੇ ਦਿਨ ਗੁਰੂ ਜੀ ਨੇ ਬੀਬੀ ਵੀਰੋ ਦਾ ਵਿਆਹ ਝਬਾਲ ਦੇ ਚੌਧਰੀ ਭਾਈ ਲੰਗਾਹ ਦੇ ਘਰ ਕਰ ਦਿੱਤਾ। ਇਸ ਪਹਿਲੀ ਜੰਗ ਦੀ ਯਾਦ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਸੁਸ਼ੋਭਿਤ ਹੈ।

## 2. ਹਰਿਗੋਬਿੰਦਪੁਰ ਦੀ ਜੰਗ (1639):

ਅੰਮ੍ਰਿਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਜਲੰਧਰ ਦੁਆਬੇ ਵਾਲੇ ਕਰਤਾਰਪੁਰ ਚਲੇ ਗਏ। ਉਥੋਂ ਆਪ ਗੁਰਦਾਸਪੁਰ ਦੇ ਨਗਰ ਗੋਬਿੰਦਪੁਰ ਗਏ। ਗੁਰੂ ਅਰਜਨ ਦੇਵ ਸਾਹਿਬ ਨੇ ਇਹ ਨਗਰ ਵਸਾਇਆ ਸੀ। ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨਗਰ ਦਾ ਵਿਸਥਾਰ ਕੀਤਾ, ਤਾਂ ਇਸ ਦਾ ਨਾਉਂ ਹਰਿਗੋਬਿੰਦਪੁਰ ਪੈ ਗਿਆ। ਇਥੋਂ ਦਾ ਮਾਲੀਆ ਅਧਿਕਾਰੀ ਭਗਵਾਨ ਦਾਸ ਘਰੋੜ ਸਿੱਖਾਂ ਨਾਲ ਈਰਖਾ ਕਰਦਾ ਸੀ। ਸੰਨ 1630 ਵਿਚ ਉਹ ਇਕ ਜੰਗ ਵਿਚ ਮਾਰਿਆ ਗਿਆ ਸੀ। ਉਸ ਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਂ ਪਾਸੋਂ ਮਦਦ ਮੰਗੀ। ਉਸ ਨੇ ਚੜ੍ਹਾਈ ਕਰ ਦਿੱਤੀ। ਤਿੰਨ ਦਿਨ ਸਖ਼ਤ ਜੰਗ ਹੋਈ। ਅਬਦੁਲਾ ਖਾਂ ਤੇ ਰਤਨ ਚੰਦ ਨੂੰ ਗੁਰੂ ਜੀ ਨੇ ਮਾਰ ਮੁਕਾਇਆ। ਜਲੰਧਰ ਦੀ ਫੌਜ ਮੈਦਾਨ ਛੱਡ ਗਈ। ਗੁਰੂ ਜੀ ਨੇ ਜੰਗੀ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ।

## 3. ਮਹਿਰਾਜ ਦੀ ਜੰਗ (1631):

ਕਾਬਲ ਦਾ ਮਸੰਦ ਗੁਰੂ ਜੀ ਵਾਸਤੇ ਬਹੁਤ ਹੀ ਵਧੀਆ ਨਸਲ ਦੇ ਘੋੜੇ ਲੈ ਆਇਆ। ਲਾਹੌਰ ਦੇ ਸੂਬੇਦਾਰ ਨੇ ਉਹ ਘੋੜੇ ਖੋਹ ਲਏ। ਭਾਈ ਬਿਧੀ ਚੰਦ ਆਪਣੀ ਜੁਗਤ ਨਾਲ ਉਹ ਘੋੜੇ ਵਾਪਸ ਲੈ ਆਇਆ। ਲਲਾਬੇਗ ਅਤੇ ਕਰਮਬੇਗ ਦੀ ਕਮਾਨ ਹੇਠ 20 ਕੁ ਹਜ਼ਾਰ ਦੀ ਫੌਜ ਗੁਰੂ ਜੀ ਦੇ ਵਿਰੁੱਧ ਚੜ੍ਹ ਆਈ। ਸ਼ਾਹੀ ਫੌਜ 1631 ਵਿਚ ਸਤੁਲਜ ਤੋਂ ਪਾਰ ਆਈ। ਗੁਰੂ ਜੀ ਨੇ ਮਹਿਰਾਜ ਦੇ ਨੇੜੇ ਨਥਾਣੇ ਦੀ ਢਾਬ ਮੋਰਚੇ ਲਾ ਲਏ। ਦੋ ਦਿਨ ਦੀ ਸਖ਼ਤ ਜੰਗ ਵਿਚ ਲੋਥਾਂ ਦੇ ਢੇਰ ਲੱਗ ਗਏ। ਲਲਾਬੇਗ ਨੇ ਗੁਰੂ ਜੀ ਨੂੰ ਆਹਮੋ-ਸਾਹਮਣੇ ਜੰਗ ਕਰਨ ਲਈ ਲਲਕਾਰਿਆ। ਪਹਿਲਾਂ ਤੀਰਾਂ ਨਾਲ ਜੰਗ ਹੋਈ, ਫਿਰ ਤਲਵਾਰਾਂ ਨਾਲ। ਲਲਾਬੇਗ ਮਾਰਿਆ ਗਿਆ। ਉਸ ਦੀ ਫੌਜ ਵੀ ਭੱਜ ਗਈ। ਇਸ ਜੰਗ ਵਿਚ 1200 ਸਿੰਘ ਸ਼ਹੀਦ ਹੋਏ। ਸ਼ਾਹੀ ਫੌਜ ਦੀ ਇਸ ਤੋਂ ਵੀ ਵੱਧ ਨੁਕਸਾਨ ਹੋਇਆ। ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ। ਜੰਗ ਦੀ ਜਗ੍ਹਾ 'ਤੇ ਗੁਰੂ ਸਰ ਤਾਲ ਬਣਾਇਆ।

## 4. ਕਰਤਾਰ ਦੀ ਜੰਗ (1634):

ਮਹਿਰਾਜ਼ ਦੀ ਜੰਗ ਤੋਂ ਬਾਅਦ ਗੁਰੂ ਜੀ ਕਰਤਾਰਪੁਰ (ਜਲੰਧਰ) ਚਲੇ ਗਏ। ਕੁੱਝ ਸਮਾਂ ਪਹਿਲਾਂ ਵੀ ਜਦੋਂ ਗੁਰੂ ਜੀ ਕਰਤਾਰਪੁਰ ਠਹਿਰੇ ਸਨ, ਤਾਂ ਉਨ੍ਹਾਂ ਕੁਝ ਮੁਸਲਮਾਨ ਪਠਾਣ ਨੌਕਰ ਰੱਖੇ ਸਨ। ਇਨ੍ਹਾਂ ਵਿਚੋਂ ਪੈਂਦੇ ਖਾਂ ਵੀ ਗੁਰੂ ਜੀ ਦਾ ਵਫਾਦਾਰ ਸੀ। ਪਿਪਲੀ ਸਾਹਿਬ, ਅੰਮ੍ਰਿਤਸਰ ਦੀ ਜੰਗ ਵਿਚ ਇਸ ਨੇ ਚੰਗੇ ਜੰਗੀ ਜੌਹਰ ਵਿਖਾਏ ਸਨ। ਫਿਰ ਉਸ ਨੂੰ ਹੰਕਾਰ ਹੋ ਗਿਆ ਕਿ ਗੁਰੂ ਜੀ ਦੀ ਜੰਗੀ ਸ਼ਕਤੀ ਉਸੇ ਕਰਕੇ ਹੀ ਹੈ। ਗੁਰੂ ਜੀ ਨੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ। ਉਹ ਬਾਦਸ਼ਾਹ ਕੋਲ ਜਾ ਨੌਕਰ ਹੋਇਆ। ਉਸ ਨੇ ਬਾਦਸ਼ਾਹ ਨੂੰ ਗੁਰੂ ਜੀ ਵਿਰੁੱਧ ਤਗੜੀ ਫੌਜ ਭੇਜਣ ਲਈ ਉਕਸਾਇਆ। ਸ਼ਾਹੀ ਫੌਜ ਦੀ ਕਮਾਨ ਕਾਲੇ ਖਾਂ ਕੋਲ ਸੀ। ਕਾਲੇ ਖਾਂ ਅੰਮ੍ਰਿਤਸਰ ਦੀ ਜੰਗ ਵਿਚ ਮਾਰੇ ਗਏ ਮੁਖਲਿਸ ਖਾਂ ਦਾ ਭਰਾ ਸੀ। ਪੈਂਦੇ ਖਾਂ ਅਤੇ ਜਲੰਧਰ ਦਾ ਫੌਜ਼ਦਾਰ ਕੁਤਬ ਖਾਂ ਉਸ ਦੇ ਸਹਾਇਕ ਸਨ।

ਸੰਨ 1634 ਵਿਚ ਕਰਤਾਰਪੁਰ ਦੀ ਜੰਗ ਹੋਈ। ਸ਼ਾਹੀ ਫੌਜ ਨੂੰ ਸ਼ਹਿਰ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਕਮਾਲ ਦੇ ਜੰਗੀ ਜੌਹਰ ਵਿਖਾਏ। ਇਸ ਧਰਮ-ਜੰਗ ਦੀ ਅਗਵਾਈ ਬਾਬਾ ਗੁਰਦਿੱਤਾ ਜੀ ਅਤੇ ਭਾਈ ਬਿਧੀ ਚੰਦ ਜੀ ਕਰ ਰਹੇ ਸਨ। ਸਿੰਘਾਂ ਨੇ ਸ਼ਾਹੀ ਫੌਜ ਨੂੰ ਭੜਥੂ ਪਾ ਦਿੱਤਾ। ਬਾਲ (ਗੁਰੂ) ਤੇਗ ਬਹਾਦਰ ਜੀ ਵੀ 14 ਕੁ ਸਾਲਾਂ ਦੇ ਸਨ, ਕਮਾਲ ਦੀ ਬਹਾਦਰੀ ਨਾਲ ਜੰਗ ਲੜੇ। ਘਮਸਾਨ ਦੀ ਜੰਗ ਵਿਚ ਕਾਲੇ ਖਾਂ ਅਸਮਾਨ ਖਾਂ ਆਦਿ ਪਠਾਣ ਮਾਰੇ ਗਏ। ਪੈਂਦੇ ਖਾਂ ਦੀ ਗੁਰੂ ਜੀ ਨਾਲ ਹੱਥੋਂ-ਹੱਥ ਜੰਗ ਹੋਈ। ਗੁਰੂ ਜੀ ਨੇ ਉਸ ਨੂੰ ਪਹਿਲਾਂ ਵਾਰ ਕਰਨ ਅਤੇ ਸਾਰਾ ਗੁੱਸਾ ਕੱਢ ਲੈਣ ਦਾ ਮੌਕਾ ਦਿੱਤਾ। ਉਸ ਦੇ ਸਾਰੇ ਵਾਰ ਅਸਫਲ ਰਹੇ। ਗੁਰੂ ਜੀ ਨੇ ਤਲਵਾਰ ਨਾਲ ਅਜਿਹਾ ਵਾਰ ਕੀਤਾ ਕਿ ਉਹ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਿਆ। ਗੁਰੂ ਜੀ ਨੇ ਕਿਹਾ ਕਿ ਹੁਣ ਆਪਣੇ ਧਰਮ ਦੀਆਂ ਕਲਮਾਂ ਪੜ੍ਹਨ ਦਾ ਵੇਲਾ ਹੈ। ਉਹ ਆਖਰੀ ਸਾਹਾਂ 'ਤੇ ਸੀ। ਗੁਰੂ ਜੀ ਨੇ ਧੁੱਪ ਤੋਂ ਬਚਾਉਣ ਲਈ ਆਪਣੀ ਢਾਲ ਨਾਲ ਉਸ ਦੇ ਚਿਹਰੇ 'ਤੇ ਛਾਂ ਕੀਤੀ। ਉਸ ਨੇ ਕਿਹਾ ਕਿ ਗੁਰੂ ਜੀ ਤੁਹਾਡੀ ਤਲਵਾਰ ਹੀ ਮੇਰਾ ਕਲਮਾਂ ਤੇ ਮੁਕਤੀਦਾਤਾ ਹੈ। ਪੈਂਦੇ ਖਾਂ ਦੇ ਮਰਨ 'ਤੇ ਸ਼ਾਹੀ ਫੌਜ ਵਿਚ ਭਗਦੜ ਮਚ ਗਈ, ਉਹ ਨੱਸ ਗਏ। ਗੁਰੂ ਜੀ ਪਰਿਵਾਰ ਸਮੇਤ ਕੀਰਤਪੁਰ ਨੂੰ ਤੁਰ ਪਏ।

5. **ਕੀਰਤਪੁਰ ਦੀ ਜੰਗ** (1634): ਇਹ ਜੰਗ ਗੁਰੂ ਜੀ ਦੇ ਜੰਗੀ ਜੀਵਨ ਦੀ ਆਖਰੀ ਜੰਗ ਸੀ। ਸੰਨ 1634 ਦੀ ਇਹ ਜੰਗ ਪੜਿਆਲਾ ਕਰਕੇ ਵੀ ਜਾਣੀ ਜਾਂਦੀ ਹੈ। ਗੁਰੂ ਜੀ ਜਦੋਂ ਕੁਰਕੁਸ਼ੇਤਰ ਤੋਂ ਕੀਰਤਪੁਰ ਜਾ ਰਹੇ ਸਨ। ਮੁਗਲ ਪਠਾਣਾਂ ਗੁਰੂ ਜੀ ਦੀ ਵਧਦੀ ਤਾਕਤ ਵੇਖ ਕੇ ਈਰਖਾ ਵਿਚ ਸਨ। ਉਨ੍ਹਾਂ ਨੇ ਗੁਰੂ ਜੀ ਨੂੰ ਖਰੜ ਵਿਖੇ ਘੇਰਨ ਦੀ ਵਿਉਂਤ ਬਣਾਈ। ਸਿੰਘ ਜੋ 1632 ਤੋਂ ਪਿੰਡ ਨੰਗਲ ਸਿੰਘੀਆਂ ਵਿਖੇ ਰਹਿ ਰਹੇ ਸਨ, ਨੂੰ ਖਬਰ ਮਿਲੀ, ਤਾਂ ਉਹ ਗੁਰੂ ਜੀ ਦੀ ਰੱਖਿਆ ਅਤੇ ਸਤਿਕਾਰ ਲਈ ਮੁਗਲ ਪਠਾਣਾਂ ਵਿਰੁੱਧ ਜੰਗ ਵਿਚ ਉੱਤਰ ਆਏ। ਉਹ ਸਿੰਘ ਆਪਣੇ ਖੂਨ ਦੇ ਆਖਰੀ ਕਤਰੇ ਤੱਕ ਲੜੇ ਅਤੇ ਉਨ੍ਹਾਂ ਮੁਗਲ ਪਠਾਣਾਂ ਨੂੰ ਜੰਗ 'ਚ ਉਲਝਾਈ ਰੱਖਿਆ। ਉਨ੍ਹਾਂ ਗੁਰੂ ਜੀ ਦੇ ਲੰਘਣ ਲਈ ਰਸਤਾ ਸੁਰੱਖਿਅਤ ਬਣਾ ਦਿੱਤਾ। ਜਦੋਂ ਗੁਰੂ ਜੀ ਪੜਿਆਲਾ ਪਹੁੰਚੇ, ਤਾਂ ਉਨ੍ਹਾਂ ਨੇ ਸ਼ਹੀਦਾਂ ਨੂੰ ਮੁਕਤੀ ਦਾ ਵਰ ਦਿੱਤਾ। ਸਿੰਘਾਂ ਦਾ ਹੱਥੀਂ ਸਸਕਾਰ ਕਰਕੇ ਗੁਰੂ ਜੀ ਬ੍ਰਾਹਮਣ ਮਾਜਰਾ ਵੱਲ ਚਲੇ ਗਏ। ਜਿੱਥੇ ਕਿ ਇਕ ਬ੍ਰਾਹਮਣ ਨੇ ਫਰਿਆਦ ਕੀਤੀ ਕਿ ਉਸ ਦੀ ਪਤਨੀ ਦਾ ਡੋਲਾ ਰੋਪੜ ਦੇ ਮੁਗਲ ਪਠਾਣ ਲੈ ਗਏ ਹਨ। ਸਿੰਘਾਂ ਨੇ ਉਨ੍ਹਾਂ ਦੀ ਰੱਖਿਆ 'ਚ ਮੁਗਲ ਪਠਾਣਾਂ ਨੂੰ ਭਜਾ ਦਿੱਤਾ। ਗੁਰੂ ਜੀ ਨੇ ਇਸ ਮੈਦਾਨ ਵਿਚ ਜਿੱਤ ਦਾ ਨਿਸ਼ਾਨ ਸਾਹਿਬ ਲਹਿਰਾਇਆ, ਜਿੱਥੇ ਗੁਰਦੁਆਰਾ ਝੰਡਾ ਸਾਹਿਬ ਪੜਿਆਲਾ ਕੁਰਾਲੀ ਸੁਸ਼ੋਭਿਤ ਹੈ। ਗੁਰੂ ਜੀ ਦੇ ਉਪਦੇਸ਼ ਹੈ ਕਿ ਸ਼ਬਦ ਗੁਰੂ ਦੇ ਗਿਆਨ ਨਾਲ ਕਰਮਕਾਂਡਾਂ ਝੂਠੇ ਭਰਮਾਂ ਦੀ ਕੈਦ ਵਿਚੋਂ ਮੁਕਤ ਹੋਣਾ ਹੈ। ਉਨ੍ਹਾਂ ਰਾਮਸਰ ਬਿਬੇਕ ਸਰ ਨਾਉਂ ਦੇ ਸਰੋਵਰ ਬਣਾਏ। ਅੰਮ੍ਰਿਤਸਰ ਨੂੰ ਖੁਦਮੁਖਤਿਆਰ ਅਤੇ ਸੁਰੱਖਿਅਤ ਬਣਾਉਣ ਵਾਸਤੇ ਲੋਹਗੜ੍ਹ ਕਿਲ੍ਹਾ ਉਸਾਰਿਆ।

# ਗਲੇ ਦੀ ਖਰਾਸ਼ ਤੋਂ ਪਰੇਸ਼ਾਨ ਹੈ ਹਰ ਦੂਜਾ ਆਦਮੀ

"ਮੌਸਮ ’ਚ ਹੋ ਰਹੀ ਤਬਦੀਲੀ, ਐਲਰਜੀ ਕਾਰਨ ਹਰ ਉਮਰ ਦਾ ਵਿਅਕਤੀ ਗਲੇ ਅੰਦਰ ਪੀੜ ਅਤੇ ਖਰਾਸ਼ ਮਹਿਸੂਸ ਕਰ ਰਿਹਾ ਹੈ। ਲਾਪ੍ਰਵਾਹੀ ਛੱਡ ਕੇ ਬਿਨਾਂ ਦੇਰੀ ਇਲਾਜ਼ ਦੀ ਲੋੜ ਹੈ"-ਡਾ. ਅਨਿਲ ਧੀਰ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA



ਮੌਸਮ ’ਚ ਹੋ ਰਹੀ ਤਬਦੀਲੀ ਕਾਰਨ ਕਈ ਲੋਕ ਐਲਰਜੀ ਕਾਰਨ ਛਿੱਕਾਂ ਤੇ ਗਲੇ ਅੰਦਰ ਦਰਦ ਦੇ ਨਾਲ ਖਰਾਸ਼ ਮਹਿਸੂਸ ਕਰ ਰਹੇ ਹਨ। ਆਮ ਤੌਰ ’ਤੇ ਇਸ ਮੌਸਮ ’ਚ ਬੱਚੇ, ਨੌਜਵਾਨ, ਮੱਧ ਉਮਰ ਅਤੇ ਸੀਨੀਅਰਜ਼ ਆਮ ਸਮੱਸਿਆ ਗਲੇ ਅੰਦਰ ਦਰਦ ਦੇਖੀ ਜਾ ਰਹੀ ਹੈ। ਵਾਇਰਲ-ਬੈਕਟੀਰੀਅਲ ਗਲੇ ਦੀ ਇਨਫੈਕਸ਼ਨ ਦਾ ਆਮ ਕਾਰਨ ਗਰੁੱਪ ਸਟ੍ਰੈਪਟੋਕੋਕਸ (ਜੀ. ਏ. ਬੀ. ਐੱਚ. ਐੱਚ.) ਹੈ। ਇਹ ਵਾਇਰਸ 75%, 5 ਤੋਂ 16 ਸਾਲ ਦੀ ਉਮਰ ’ਚ ਦੇਖਣ ਨੂੰ ਮਿਲ ਰਿਹਾ ਹੈ। ਕਰੀਬਨ 96% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ’ਤੇ ਵੀ ਅਟੈਕ ਕਰਦਾ ਹੈ।

ਸੋਰ-ਥਰੋਟ ਦੀ ਹਾਲਤ ’ਚ ਖਾਣ-ਪੀਣ ਦੀ ਚੀਜ਼ ਨੂੰ ਨਿਗਲਣਾ ਔਖਾ ਹੋ ਜਾਂਦਾ ਹੈ। ਦਰਦ, ਖਰਾਸ਼, ਘੱਟ ਜਾਂ ਵੱਧ ਅਤੇ ਲੰਬੇ ਸਮੇਂ ਤੱਕ ਵੀ ਇਹ ਹਾਲਤ ਬਣੀ ਰਹਿ ਸਕਦੀ ਹੈ। ਗਲੇ ਅੰਦਰ ਨਾੜੀਆਂ ਸੁੱਜ ਜਾਂਦੀਆਂ ਹਨ। ਨਾਲ ਹੀ ਸਿਰ-ਪੀੜ, ਜਿਸਮ ਦੇ ਦਰਦ ਨਾਲ ਬੁਖਾਰ ਵੀ ਹੋ ਜਾਂਦਾ ਹੈ। ਗਲੇ ਦੀ ਆਵਾਜ਼ ਭੈੜੀ, ਬੋਲਣਾ ਔਖਾ ਅਤੇ ਟਾਨਸਿਲ ਲਾਲ ਦਿਸਦੇ ਹਨ। ਗਲੇ ਅੰਦਰ ਖਰਾਸ਼, ਵਾਇਰਲ- ਬੈਕਟੀਰੀਅਲ ਇਨਫੈਕਸ਼ਨ, ਜ਼ੁਕਾਮ, ਫਲੂ, ਖੰਘ, ਐਲਰਜੀ, ਖੁਸ਼ਕ ਹਵਾ, ਇੰਡਸਟਰੀਅਲ ਧੂੰਆ, ਮੌਸਮੀ ਪ੍ਰਦੂਸ਼ਨ, ਤੰਬਾਕੂਨੋਸ਼ੀ ਦਾ ਧੂੰਆ, ਮਸਾਲੇਦਾਰ ਭੋਜਨ, ਮਾਂਸਪੇਸ਼ੀ ਤਨਾਅ, ਜੀ.ਆਰ.ਡੀ. ਅਤੇ ਐੱਚ.ਆਈ.ਵੀ. ਇਨਫੈਕਸ਼ਨ ਜੀਭ ਤੇ ਗਲੇ ਦੇ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ।






## ਲੋੜ ਹੈ ਖਿਆਲ ਰੱਖਣ ਦੀ:

- ਛੋਟੇ ਬੱਚੇ ਅਤੇ ਗਰਭਵਤੀ ਔਰਤਾਂ, ਗਲੇ ਅੰਦਰ ਦਰਦ ਦੀ ਸ਼ਿਕਾਇਤ ਕਰਨ ਦੀ ਹਾਲਤ ’ਚ ਬਿਨਾ ਦੇਰੀ ਜਾਂਚ ਤੇ ਇਲਾਜ਼ ਸ਼ੁਰੂ ਕਰੋ।
- ਆਪਣਾ ਖਾਣਾ-ਪੀਣਾ ਕਿਸੇ ਨਾਲ ਵੀ ਸਾਂਝਾ ਨਾ ਕਰੋ। ਬਰਤਨ ਅਲੱਗ ਹੀ ਰੱਖੋ। ਪਰਸਨਲ ਸਫਾਈ ਦੇ ਨਾਲ-ਨਾਲ ਘਰ ਦੇ ਅੰਦਰ ਤੇ ਬਾਹਰ ਆਪਣਾ ਨੱਕ-ਮੂੰਹ ਮਾਸਕ ਨਾਲ ਕਵਰ ਕਰਕੇ ਰੱਖੋ ਅਤੇ ਸੈਨੀਟਾਈਜ਼ਰ ਦਾ ਇਸਤੇਮਾਲ ਕਰੋ।
- ਗਲੇ ਅੰਦਰ ਸੋਜ਼ਿਸ਼ ਨੂੰ ਘੱਟ ਕਰਨ ਲਈ ਨਮਕ-ਪਾਣੀ ਦੇ ਗਰਾਰੇ ਅਤੇ ਕੈਮਿਸਟ ਤੋਂ ਮੈਡੀਕੇਟਿਡ ਗਾਰਗਲ ਲਈ ਲਿਕੀਊਡ ਲੈ ਸਕਦੇ ਹੋ। ਗਰਾਰੇ ਡੇਲੀ 4-5 ਬਾਰ ਵੀ ਕੀਤੇ ਜਾ ਸਕਦੇ ਹਨ।
- ਘਰ ਅੰਦਰ ਕੂਲ-ਫਾਸਟ ਵੈਪੋਰਾਈਜ਼ਰ ਜਾਂ ਹਿਮਡਿਫਾਇਰ ਵਰਤ ਸਕਦੇ ਹੋ। ਇਸ ਨਾਲ ਖੁਸ਼ਕੀ ਦੀ ਸਮੱਸਿਆ ਘੱਟ ਹੋ ਜਾਂਦੀ ਹੈ।
- ਛੋਟੇ ਬੱਚਿਆਂ ਨੂੰ ਸ਼ਹਿਦ ਚਟਾਓ। ਵੱਡੇ ਬੱਚੇ, ਵਿਅਸਕ ਅਦਰਕ ਵਾਲੇ ਪਾਣੀ ’ਚ 1 ਚਮਚ ਸ਼ਹਿਦ ਮਿਲਾ ਕੇ ਦਿਨ ’ਚ 3-4 ਵਾਰ ਸੇਵਨ ਕਰਨ ਨਾਲ ਆਰਾਮ ਮਿਲਦਾ ਹੈ।
- ਤਾਜ਼ੀ ਸਬਜ਼ੀਆਂ ਦਾ ਸੂਪ, ਗ੍ਰੀਨ-ਟੀ, ਕੌਫੀ ਅਤੇ ਚਿਕਨ-ਸੂਪ ਪੀਂਦੇ ਰਹੋ।
- ਪਿਪਰਮੈਂਟ ਵਾਲੀ ਖੰਘ-ਕੈਂਡੀ ਦੇ ਨਾਲ ਮੁਲੱਠੀ ਵੀ ਚੂਸ ਸਕਦੇ ਹੋ, ਆਰਾਮ ਮਿਲੇਗਾ। ਪਿਪਰਮੈਂਟ ’ਚ ਮੌਜੂਦ ਮੈਨਥੋਲ ਜੋ ਐਂਟੀ-ਇਨਫਲਾਮੈਂਟਰੀ ਅਤੇ ਐਂਟੀ-ਬੈਕਟੀਰੀਅਲ ਹੋਣ ਕਰਕੇ ਗਲੇ ਦੀ ਤਕਲੀਫ ’ਚ ਰਾਹਤ ਮਿਲਦੀ ਹੈ। ਚੂਸਨ ਵਾਲੀ ਵਿਟਾਮਿਨ-ਸੀ ਵੀ ਲੈ ਸਕਦੇ ਹੋ।
- ਮੁਲੱਠੀ ਦੇ ਪਾਊਡਰ ’ਚ ਸ਼ਹਿਦ ਮਿਕਸ ਕਰਕੇ ਰੋਜ਼ਾਨਾ 3-4 ਵਾਰ ਲਵੋ।
- ਡਾਕਟਰੀ ਸਲਾਹ ਨਾਲ ਕਫ-ਸਿਰਪ ਅਤੇ ਐਂਟੀਬਾਇਟਿਕ ਤੇ ਦਰਦਨਾਸ਼ਕ ਗੋਲੀ ਵੀ ਲੈ ਸਕਦੇ ਹੋ।
- ਸਿਗਰੇਟ-ਬੀੜੀ ਤੋਂ ਰਹੋ ਦੂਰ। ਇਨ੍ਹਾਂ ਦਾ ਧੂੰਆ ਗਲੇ ਅੰਦਰ ਇਰੀਟੇਸ਼ਨ ਵਧਾ ਦਿੰਦਾ ਹੈ। ਬਿਮਾਰੀ ਤੋਂ ਛੁਟਕਾਰਾ ਵੀ ਦੇਰ ਨਾਲ ਮਿਲਦਾ ਹੈ।
- ਸਰੀਰ ਦੀ ਇਮਊਨਿਟੀ ਵਧਾਉਣ ਅਤੇ ਬਰਕਰਾਰ ਰੱਖਣ ਲਈ ਸਬਜ਼ੀਆਂ ’ਚ ਅਦਰਕ, ਲਸਣ, ਪਿਆਜ, ਸਲਾਦ ’ਚ ਕੱਚਾ ਆਂਵਲਾ, ਅਤੇ ਵਿਟਾਮਿਨ-ਸੀ, ਜ਼ਿੰਕ, ਮੈਗਨੀਸ਼ੀਅਮ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ।
- ਮਸਾਲੇਦਾਰ, ਜੰਕ-ਫੂਡ ਤਕਲੀਫ ਵਧਾ ਸਕਦੀ ਹੈ।
- ਬਿਮਾਰੀ ਦੌਰਾਨ ਅਲਕੋਹਲ ਤੋਂ ਦੂਰ ਰਹੋ।

ਨੋਟ: ਕੁੱਝ ਦਿਨ ਲਗਾਤਾਰ ਗਲੇ ਦੀ ਸ਼ਿਕਾਇਤ ਰਹਿਣ ਦੀ ਹਾਲਤ ’ਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ।

ਸਫਾ 1 ਦਾ ਬਾਕੀ

## ਵਿਦਿਆਰਥੀ ਵੀਜ਼ਾ ਸਮੇਤ ਹੋਰਨਾਂ ਵੀਜ਼ਿਆਂ ਉੱਤੇ ਨਵੇਂ ਨਿਯਮ ਲਾਗੂ...

ਐੱਫ਼-1 ਵਿਦਿਆਰਥੀਆਂ ਨੂੰ ਆਮ ਤੌਰ ’ਤੇ ਉਨ੍ਹਾਂ ਦੇ ਫਾਰਮ ਆਈ-20 ਉੱਤੇ ਦਰਜ ਪੜ੍ਹਾਈ ਦੇ ਪ੍ਰੋਗਰਾਮ ਦੀ ਮਿਆਦ ਤੱਕ ਦਾਖ਼ਲਾ ਦਿੱਤਾ ਜਾਵੇਗਾ, ਪਰ ਇਹ ਮਿਆਦ ਇੱਕ ਵਾਰ ਵਿਚ ਵੱਧ ਤੋਂ ਵੱਧ ਚਾਰ ਸਾਲ ਹੋਵੇਗੀ। ਇਸਦੇ ਨਾਲ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ 30 ਦਿਨ ਅਤੇ ਪੜ੍ਹਾਈ ਜਾਂ ਮਨਜ਼ੂਰਸ਼ੁਦਾ ਪ੍ਰੈਕਟੀਕਲ ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ 30 ਦਿਨਾਂ ਦਾ ਰਵਾਨਗੀ ਸਮਾਂ ਦਿੱਤਾ ਜਾਵੇਗਾ। ਇਸ ਤਰ੍ਹਾਂ ਐੱਫ਼-1 ਵਿਦਿਆਰਥੀਆਂ ਨੂੰ ਪਹਿਲਾਂ ਮਿਲਣ ਵਾਲਾ 60 ਦਿਨਾਂ ਦਾ ਗ੍ਰੇਸ ਪੀਰੀਅਡ ਘਟਾ ਕੇ 30 ਦਿਨ ਕਰ ਦਿੱਤਾ ਗਿਆ ਹੈ। ਚਾਰ ਸਾਲਾਂ ਤੋਂ ਲੰਬੇ ਡਿਗਰੀ ਪ੍ਰੋਗਰਾਮਾਂ, ਪੜ੍ਹਾਈ ਪੂਰੀ ਕਰਨ ਲਈ ਵਾਧੂ ਸਮੇਂ, ਨਵੇਂ ਵਿਦਿਅਕ ਪ੍ਰੋਗਰਾਮ, ਓ.ਪੀ.ਟੀ. ਜਾਂ ਸਟੈਮ ਓ.ਪੀ.ਟੀ. ਲਈ ਵਿਦਿਆਰਥੀਆਂ ਨੂੰ ਯੂ.ਐੱਸ.ਸੀ.ਆਈ.ਐੱਸ. ਕੋਲ ਐਕਸਟੈਂਸ਼ਨ ਆਫ਼ ਸਟੇਅ ਦੀ ਅਰਜ਼ੀ ਦੇਣੀ ਪਵੇਗੀ।

ਨਵੇਂ ਨਿਯਮ ਤਹਿਤ ਐੱਫ਼-1 ਵਿਦਿਆਰਥੀਆਂ ਦੀ ਸਕੂਲ, ਵਿਸ਼ਾ ਅਤੇ ਸਿੱਖਿਆ ਦੇ ਪੱਧਰ ਨੂੰ ਬਦਲਣ ਦੀ ਆਜ਼ਾਦੀ ਉੱਤੇ ਵੀ ਨਵੀਆਂ ਪਾਬੰਦੀਆਂ ਲਗਾਈਆਂ ਗਈਆਂ ਹਨ। ਵਿਦਿਆਰਥੀ ਨੂੰ ਆਮ ਤੌਰ ’ਤੇ ਉਸੇ ਸੰਸਥਾ ਵਿਚ ਘੱਟੋ-ਘੱਟ ਇੱਕ ਅਕਾਦਮਿਕ ਸਾਲ ਪੂਰਾ ਕਰਨਾ ਪਵੇਗਾ, ਜਿਸ ਨੇ ਉਸਦਾ ਸ਼ੁਰੂਆਤੀ ਆਈ-20 ਜਾਰੀ ਕੀਤਾ ਸੀ, ਜਦੋਂ ਤੱਕ ਵਿਸ਼ੇਸ਼ ਹਾਲਾਤਾਂ ਵਿਚ ਮਨਜ਼ੂਰੀ ਨਾ ਮਿਲੇ। ਗ੍ਰੈਜੂਏਟ ਜਾਂ ਇਸ ਤੋਂ ਉੱਚੇ ਪੱਧਰ ਦੇ ਵਿਦਿਆਰਥੀਆਂ ਲਈ ਪ੍ਰੋਗਰਾਮ ਦੌਰਾਨ ਵਿਦਿਅਕ ਉਦੇਸ਼ ਬਦਲਣ ਜਾਂ ਕਿਸੇ ਹੋਰ ਸੰਸਥਾ ਵਿਚ ਤਬਦੀਲੀ ਕਰਨ ਉੱਤੇ ਹੋਰ ਸਖ਼ਤ ਸੀਮਾਵਾਂ ਲਾਗੂ ਹੋਣਗੀਆਂ। ਇੱਕ ਪੜ੍ਹਾਈ ਪੱਧਰ ਪੂਰਾ ਕਰਨ ਤੋਂ ਬਾਅਦ ਵਿਦਿਆਰਥੀ ਨੂੰ ਆਮ ਤੌਰ ’ਤੇ ਸਿਰਫ਼ ਉੱਚੇ ਪੱਧਰ ਦੇ ਪ੍ਰੋਗਰਾਮ ਵਿਚ ਹੀ ਜਾਣ ਦੀ ਇਜਾਜ਼ਤ ਹੋਵੇਗੀ ਅਤੇ ਉਸੇ ਜਾਂ ਹੇਠਲੇ ਪੱਧਰ ਦੀ ਹੋਰ ਡਿਗਰੀ ਲਈ ਐੱਫ਼-1 ਦਰਜਾ ਜਾਰੀ ਰੱਖਣ ਉੱਤੇ ਰੋਕ ਲੱਗ ਸਕਦੀ ਹੈ।

ਜੇ-1 ਐਕਸਚੇਂਜ ਵਿਜ਼ਟਰਾਂ ਨੂੰ ਉਨ੍ਹਾਂ ਦੇ ਡੀਐੱਸ-2019 ਉੱਤੇ ਦਰਜ ਪ੍ਰੋਗਰਾਮ ਦੀ ਮਿਆਦ ਅਨੁਸਾਰ ਇੱਕ ਨਿਸ਼ਚਿਤ ਆਈ-94 ਤਾਰੀਖ਼ ਦਿੱਤੀ ਜਾਵੇਗੀ। ਪ੍ਰੋਗਰਾਮ ਪੂਰਾ ਹੋਣ ਤੋਂ ਬਾਅਦ ਉਨ੍ਹਾਂ ਲਈ 30 ਦਿਨਾਂ ਦਾ ਗ੍ਰੇਸ ਪੀਰੀਅਡ ਪਹਿਲਾਂ ਵਾਂਗ ਜਾਰੀ ਰਹੇਗਾ। ਜੇ ਕਿਸੇ ਜੇ-1 ਵਿਜ਼ਟਰ ਨੂੰ ਆਪਣੀ ਟ੍ਰੇਨਿੰਗ, ਰਿਸਰਚ, ਮੈਡੀਕਲ ਰੈਜ਼ੀਡੈਂਸੀ, ਅਧਿਆਪਨ ਜਾਂ ਹੋਰ ਮਨਜ਼ੂਰਸ਼ੁਦਾ ਪ੍ਰੋਗਰਾਮ ਪੂਰਾ ਕਰਨ ਲਈ ਵਾਧੂ ਸਮੇਂ ਦੀ ਲੋੜ ਹੋਵੇ, ਤਾਂ ਉਸਨੂੰ ਆਈ-94 ਦੀ ਸਮਾਪਤੀ ਤੋਂ ਪਹਿਲਾਂ ਯੂ.ਐੱਸ.ਸੀ.ਆਈ.ਐੱਸ. ਕੋਲ ਮਿਆਦ ਵਧਾਉਣ ਦੀ ਅਰਜ਼ੀ ਦੇਣੀ ਹੋਵੇਗੀ। ਨਵਾਂ ਨਿਯਮ ਜੇ-1 ਸ਼੍ਰੇਣੀ ਦੇ ਕੁਝ ਵਿਅਕਤੀਆਂ ਉੱਤੇ ਲਾਗੂ ਦੋ ਸਾਲ ਆਪਣੇ ਦੇਸ਼ ਵਿਚ ਰਹਿਣ ਦੀ ਸ਼ਰਤ ਨੂੰ ਖ਼ਤਮ ਜਾਂ ਤਬਦੀਲ ਨਹੀਂ ਕਰਦਾ।

ਆਈ ਸ਼੍ਰੇਣੀ ਅਧੀਨ ਅਮਰੀਕਾ ਆਉਣ ਵਾਲੇ ਵਿਦੇਸ਼ੀ ਪੱਤਰਕਾਰਾਂ, ਸੰਪਾਦਕਾਂ, ਕੈਮਰਾ ਕਰਮਚਾਰੀਆਂ ਅਤੇ ਹੋਰ ਵਿਦੇਸ਼ੀ ਮੀਡੀਆ ਪ੍ਰਤੀਨਿਧੀਆਂ ਨੂੰ ਉਨ੍ਹਾਂ ਦੇ ਕੰਮ ਜਾਂ ਅਸਾਈਨਮੈਂਟ ਦੀ ਮਿਆਦ ਤੱਕ, ਪਰ ਆਮ ਤੌਰ ’ਤੇ ਵੱਧ ਤੋਂ ਵੱਧ 240 ਦਿਨਾਂ ਲਈ ਦਾਖ਼ਲਾ ਦਿੱਤਾ ਜਾਵੇਗਾ। ਜੇ ਉਨ੍ਹਾਂ ਦਾ ਪੱਤਰਕਾਰੀ ਅਸਾਈਨਮੈਂਟ ਇਸ ਤੋਂ ਵੱਧ ਚੱਲਦਾ ਹੈ, ਤਾਂ ਉਹ ਹਰ ਵਾਰ ਵੱਧ ਤੋਂ ਵੱਧ 240 ਦਿਨਾਂ ਦੀ ਮਿਆਦ ਵਧਾਉਣ ਲਈ ਅਰਜ਼ੀ ਦੇ ਸਕਣਗੇ। ਚੀਨ ਦੇ ਪਾਸਪੋਰਟ ਧਾਰਕ ਕੁਝ ਆਈ ਵੀਜ਼ਾ ਧਾਰਕਾਂ ਲਈ ਇਹ ਮਿਆਦ ਆਮ ਤੌਰ ’ਤੇ 90 ਦਿਨ ਰਹੇਗੀ, ਜਦਕਿ ਹਾਂਗਕਾਂਗ ਅਤੇ ਮਕਾਊ ਦੇ ਪਾਸਪੋਰਟ ਧਾਰਕਾਂ ਲਈ ਵੱਖਰਾ ਪ੍ਰਬੰਧ ਹੈ। ਸਮੇਂ ਸਿਰ ਐਕਸਟੈਂਸ਼ਨ ਅਰਜ਼ੀ ਦਾਇਰ ਕਰਨ ਵਾਲੇ ਜ਼ਿਆਦਾਤਰ ਆਈ ਵੀਜ਼ਾ ਧਾਰਕ ਅਰਜ਼ੀ ਲੰਬਿਤ ਰਹਿਣ ਦੌਰਾਨ ਉਸੇ ਵਿਦੇਸ਼ੀ ਮੀਡੀਆ ਮਾਲਕ ਲਈ 240 ਦਿਨ ਤੱਕ ਕੰਮ ਜਾਰੀ ਰੱਖ ਸਕਣਗੇ।

15 ਸਤੰਬਰ 2026 ਤੋਂ ਪਹਿਲਾਂ ਡਿਊਰੇਸ਼ਨ ਆਫ਼ ਸਟੇਟਸ ਅਧੀਨ ਅਮਰੀਕਾ ਵਿਚ ਮੌਜੂਦ ਵਿਦਿਆਰਥੀਆਂ ਅਤੇ ਐਕਸਚੇਂਜ ਵਿਜ਼ਟਰਾਂ ਲਈ ਇੱਕ ਤਬਦੀਲੀ ਪ੍ਰਬੰਧ ਵੀ ਰੱਖਿਆ ਗਿਆ ਹੈ। ਜੋ ਐੱਫ਼ ਜਾਂ ਜੇ ਵੀਜ਼ਾ ਧਾਰਕ ਇਸ ਤਾਰੀਖ਼ ਨੂੰ ਆਪਣਾ ਕਾਨੂੰਨੀ ਦਰਜਾ ਠੀਕ ਤਰੀਕੇ ਨਾਲ ਕਾਇਮ ਰੱਖ ਰਹੇ ਹੋਣਗੇ, ਉਹ ਆਪਣੇ ਆਈ-20, ਡੀਐੱਸ-2019 ਜਾਂ ਰੁਜ਼ਗਾਰ ਅਧਿਕਾਰ ਦਸਤਾਵੇਜ਼ ਉੱਤੇ ਦਰਜ ਸਮਾਪਤੀ ਤਾਰੀਖ਼ ਤੱਕ ਰਹਿ ਸਕਣਗੇ, ਪਰ ਇਹ ਮਿਆਦ ਆਮ ਤੌਰ ’ਤੇ 15 ਸਤੰਬਰ 2026 ਤੋਂ ਚਾਰ ਸਾਲ ਤੋਂ ਵੱਧ ਨਹੀਂ ਹੋਵੇਗੀ। ਐੱਫ਼ ਵਿਦਿਆਰਥੀਆਂ ਲਈ ਆਖ਼ਰੀ ਸੰਭਾਵਿਤ ਤਾਰੀਖ਼ 60 ਦਿਨਾਂ ਦੇ ਪੁਰਾਣੇ ਰਵਾਨਗੀ ਸਮੇਂ ਸਮੇਤ 14 ਨਵੰਬਰ 2030 ਅਤੇ ਜੇ ਵਿਜ਼ਟਰਾਂ ਲਈ 30 ਦਿਨਾਂ ਦੇ ਸਮੇਂ ਸਮੇਤ 15 ਅਕਤੂਬਰ 2030 ਹੋ ਸਕਦੀ ਹੈ। ਇਸ ਲਈ ਇਹ ਕਹਿਣਾ ਪੂਰੀ ਤਰ੍ਹਾਂ ਸਹੀ ਨਹੀਂ ਕਿ ਹਰ ਮੌਜੂਦਾ ਵਿਦਿਆਰਥੀ ਨੂੰ ਆਪਣੇ ਆਪ 15 ਸਤੰਬਰ 2030 ਤੱਕ ਰਹਿਣ ਦੀ ਇਜਾਜ਼ਤ ਮਿਲੇਗੀ; ਅਸਲ ਮਿਆਦ ਉਸਦੇ ਮੌਜੂਦਾ ਪ੍ਰੋਗਰਾਮ ਜਾਂ ਰੁਜ਼ਗਾਰ ਦਸਤਾਵੇਜ਼ ਦੀ ਤਾਰੀਖ਼ ਉੱਤੇ ਨਿਰਭਰ ਕਰੇਗੀ।

ਨਵੇਂ ਪ੍ਰਬੰਧ ਦਾ ਸਭ ਤੋਂ ਮਹੱਤਵਪੂਰਨ ਕਾਨੂੰਨੀ ਪ੍ਰਭਾਵ ਇਹ ਹੈ ਕਿ ਆਈ-94 ਉੱਤੇ ਦਰਜ ਮਿਆਦ ਖ਼ਤਮ ਹੋਣ ਤੋਂ ਬਾਅਦ ਅਮਰੀਕਾ ਵਿਚ ਰਹਿਣ ਵਾਲਾ ਵਿਅਕਤੀ ਆਮ ਤੌਰ ’ਤੇ ਗੈਰਕਾਨੂੰਨੀ ਮੌਜੂਦਗੀ ਇਕੱਠੀ ਕਰਨੀ ਸ਼ੁਰੂ ਕਰ ਦੇਵੇਗਾ। 180 ਦਿਨ ਤੋਂ ਵੱਧ ਗੈਰਕਾਨੂੰਨੀ ਮੌਜੂਦਗੀ ਤੋਂ ਬਾਅਦ ਅਮਰੀਕਾ ਛੱਡਣ ਉੱਤੇ ਤਿੰਨ ਸਾਲ ਦੀ ਅਤੇ ਇੱਕ ਸਾਲ ਜਾਂ ਇਸ ਤੋਂ ਵੱਧ ਗੈਰਕਾਨੂੰਨੀ ਮੌਜੂਦਗੀ ਤੋਂ ਬਾਅਦ ਦਸ ਸਾਲ ਦੀ ਦਾਖ਼ਲਾ ਪਾਬੰਦੀ ਦਾ ਖ਼ਤਰਾ ਪੈਦਾ ਹੋ ਸਕਦਾ ਹੈ। ਹਾਲਾਂਕਿ ਜੇ ਮਿਆਦ ਵਧਾਉਣ ਦੀ ਅਰਜ਼ੀ ਸਮੇਂ ਸਿਰ ਦਾਇਰ ਕੀਤੀ ਗਈ ਹੋਵੇ, ਤਾਂ ਅਰਜ਼ੀ ਉੱਤੇ ਫ਼ੈਸਲਾ ਹੋਣ ਤੱਕ ਵਿਅਕਤੀ ਨੂੰ ਆਮ ਤੌਰ ’ਤੇ ਮਨਜ਼ੂਰਸ਼ੁਦਾ ਠਹਿਰਾਅ ਵਿਚ ਮੰਨਿਆ ਜਾਵੇਗਾ ਅਤੇ ਉਸ ਦੌਰਾਨ ਗੈਰਕਾਨੂੰਨੀ ਮੌਜੂਦਗੀ ਇਕੱਠੀ ਨਹੀਂ ਹੋਵੇਗੀ। ਜੇ ਅਰਜ਼ੀ ਰੱਦ ਹੋ ਜਾਂਦੀ ਹੈ ਅਤੇ ਪੁਰਾਣੀ ਆਈ-94 ਮਿਆਦ ਪਹਿਲਾਂ ਹੀ ਖ਼ਤਮ ਹੋ ਚੁੱਕੀ ਹੋਵੇ ਤਾਂ ਵਿਅਕਤੀ ਅਤੇ ਉਸਦੇ ਨਿਰਭਰ ਪਰਿਵਾਰਕ ਮੈਂਬਰਾਂ ਨੂੰ ਤੁਰੰਤ ਅਮਰੀਕਾ ਛੱਡਣਾ ਪਵੇਗਾ।

ਇਸ ਨਿਯਮ ਨਾਲ ਸਕੂਲਾਂ, ਯੂਨੀਵਰਸਿਟੀਆਂ, ਐਕਸਚੇਂਜ ਪ੍ਰੋਗਰਾਮਾਂ, ਵਿਦੇਸ਼ੀ ਮੀਡੀਆ ਸੰਸਥਾਵਾਂ ਅਤੇ ਵੀਜ਼ਾ ਧਾਰਕਾਂ ਉੱਤੇ ਕਾਗਜ਼ੀ ਕਾਰਵਾਈ ਅਤੇ ਖ਼ਰਚਾ ਵਧੇਗਾ। ਮਿਆਦ ਵਧਾਉਣ ਲਈ ਆਮ ਤੌਰ ’ਤੇ ਫਾਰਮ ਆਈ-539, ਸਰਕਾਰੀ ਫੀਸ, ਬਾਇਓਮੈਟਰਿਕਸ ਅਤੇ ਪ੍ਰੋਗਰਾਮ ਪੂਰਾ ਕਰਨ ਲਈ ਵਾਧੂ ਸਮੇਂ ਦੀ ਲੋੜ ਦਾ ਸਬੂਤ ਦੇਣਾ ਪਵੇਗਾ। ਹਰ ਵਿਦਿਆਰਥੀ, ਐਕਸਚੇਂਜ ਵਿਜ਼ਟਰ ਅਤੇ ਵਿਦੇਸ਼ੀ ਪੱਤਰਕਾਰ ਲਈ ਅਮਰੀਕਾ ਵਿਚ ਹਰ ਦਾਖ਼ਲੇ ਤੋਂ ਬਾਅਦ ਆਪਣਾ ਆਈ-94 ਰਿਕਾਰਡ ਜਾਂਚਣਾ ਬਹੁਤ ਜ਼ਰੂਰੀ ਹੋਵੇਗਾ, ਕਿਉਂਕਿ ਹੁਣ ਆਈ-20, ਡੀਐੱਸ-2019 ਜਾਂ ਵੀਜ਼ਾ ਸਟੈਂਪ ਦੀ ਬਜਾਏ ਆਈ-94 ਉੱਤੇ ਦਰਜ ਆਖ਼ਰੀ ਤਾਰੀਖ਼ ਉਸਦੀ ਕਾਨੂੰਨੀ ਰਿਹਾਇਸ਼ ਲਈ ਨਿਰਣਾਇਕ ਹੋਵੇਗੀ।

ਸਫਾ 1 ਦਾ ਬਾਕੀ

## 25 ਸਿਟੀਜ਼ਨਸ਼ਿਪ ਪ੍ਰਾਪਤ ਲੋਕਾਂ ਦੀ ਨਾਗਰਿਕਤਾ ਰੱਦ !...

ਜਸਟਿਸ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਅਜਿਹੇ ਲੋਕਾਂ ਨੇ ਅਮਰੀਕੀ ਨਾਗਰਿਕਤਾ ਦਾ ਹੱਕ ਧੋਖੇ ਨਾਲ ਹਾਸਲ ਕੀਤਾ ਅਤੇ ਹੁਣ ਸਰਕਾਰ ਉਸ ਨਾਗਰਿਕਤਾ ਨੂੰ ਰੱਦ ਕਰਵਾਉਣ ਲਈ ਅਦਾਲਤ ਦੀ ਮਦਦ ਲੈ ਰਹੀ ਹੈ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਅਮਰੀਕੀ ਕਾਨੂੰਨ ਅਨੁਸਾਰ ਸਿਰਫ਼ ਅਪਰਾਧ ਕਰਨ ਨਾਲ ਕਿਸੇ ਨੈਚੁਰਲਾਈਜ਼ਡ ਨਾਗਰਿਕ ਦੀ ਨਾਗਰਿਕਤਾ ਆਪਣੇ ਆਪ ਖ਼ਤਮ ਨਹੀਂ ਹੋ ਜਾਂਦੀ। ਡੀਨੈਚੁਰਲਾਈਜ਼ੇਸ਼ਨ ਤਦੋਂ ਹੀ ਸੰਭਵ ਹੁੰਦੀ ਹੈ, ਜਦੋਂ ਸਰਕਾਰ ਅਦਾਲਤ ਵਿਚ ਇਹ ਸਾਬਤ ਕਰ ਦੇਵੇ ਕਿ ਨਾਗਰਿਕਤਾ ਗੈਰ-ਕਾਨੂੰਨੀ ਤਰੀਕੇ ਨਾਲ ਹਾਸਲ ਕੀਤੀ ਗਈ ਸੀ, ਜਾਂ ਨਾਗਰਿਕਤਾ ਦੀ ਅਰਜ਼ੀ ਦੌਰਾਨ ਕੋਈ ਅਹਿਮ ਤੱਥ ਲੁਕਾਇਆ ਗਿਆ ਸੀ ਜਾਂ ਜਾਣਬੁੱਝ ਕੇ ਝੂਠ ਬੋਲਿਆ ਗਿਆ ਸੀ। ਇਹ ਪੂਰੀ ਤਰ੍ਹਾਂ ਇੱਕ ਨਿਆਂਇਕ ਪ੍ਰਕਿਰਿਆ ਹੈ ਅਤੇ ਅੰਤਿਮ ਫ਼ੈਸਲਾ ਫੈਡਰਲ ਜੱਜ ਕਰਦਾ ਹੈ।

ਟਰੰਪ ਪ੍ਰਸ਼ਾਸਨ ਨੇ 2026 ਦੌਰਾਨ ਇਸ ਮੁਹਿੰਮ ਨੂੰ ਲਗਾਤਾਰ ਵਧਾਇਆ ਹੈ। ਮਾਰਚ ਵਿਚ ਕੁਝ ਕੇਸਾਂ ਤੋਂ ਸ਼ੁਰੂ ਹੋਈ ਇਹ ਕਾਰਵਾਈ ਮਈ ਵਿਚ 12 ਕੇਸਾਂ, ਜੂਨ ਵਿਚ 17 ਕੇਸਾਂ, ਜੁਲਾਈ ਵਿਚ 10 ਕੇਸਾਂ ਅਤੇ ਹੁਣ ਅਗਸਤ ਵਿਚ 25 ਕੇਸਾਂ ਤੱਕ ਪਹੁੰਚ ਗਈ ਹੈ। ਇਸ ਤੋਂ ਸਪੱਸ਼ਟ ਹੈ ਕਿ ਸਰਕਾਰ ਡੀਨੈਚੁਰਲਾਈਜ਼ੇਸ਼ਨ ਨੂੰ ਇਮੀਗ੍ਰੇਸ਼ਨ ਲਾਗੂ ਕਰਨ ਦੀ ਇੱਕ ਮਹੱਤਵਪੂਰਨ ਨੀਤੀ ਵਜੋਂ ਅੱਗੇ ਵਧਾ ਰਹੀ ਹੈ।

ਜਸਟਿਸ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਅਮਰੀਕੀ ਨਾਗਰਿਕਤਾ ਇੱਕ ਵਿਸ਼ੇਸ਼ ਅਧਿਕਾਰ ਹੈ, ਜਿਸਨੂੰ ਧੋਖੇ ਜਾਂ ਜਾਣਕਾਰੀ ਲੁਕਾ ਕੇ ਹਾਸਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਜੇ ਕਿਸੇ ਨੇ ਇਮੀਗ੍ਰੇਸ਼ਨ ਜਾਂ ਨੈਚੁਰਲਾਈਜ਼ੇਸ਼ਨ ਦੀ ਪ੍ਰਕਿਰਿਆ ਦੌਰਾਨ ਆਪਣੇ ਅਪਰਾਧਿਕ ਰਿਕਾਰਡ, ਝੂਠੇ ਵਿਆਹ, ਪਿਛਲੇ ਨਾਮ, ਦਹਿਸ਼ਤਗਰਦ ਗਤੀਵਿਧੀਆਂ, ਯੁੱਧ ਅਪਰਾਧ ਜਾਂ ਹੋਰ ਮਹੱਤਵਪੂਰਨ ਜਾਣਕਾਰੀ ਲੁਕਾਈ ਹੈ, ਤਾਂ ਉਸ ਖ਼ਿਲਾਫ਼ ਡੀਨੈਚੁਰਲਾਈਜ਼ੇਸ਼ਨ ਦੀ ਕਾਰਵਾਈ ਕੀਤੀ ਜਾ ਸਕਦੀ ਹੈ।

ਸਫਾ 1 ਦਾ ਬਾਕੀ

## ਮੁਲਾਜ਼ਮਾਂ ਦੇ ਬਕਾਇਆ ਡੀ.ਏ. ’ਤੇ ਮਾਨ ਸਰਕਾਰ...

ਅਦਾਲਤ ਨੇ ਚਿਤਾਵਨੀ ਦਿੱਤੀ ਹੈ ਕਿ ਨਿਰਧਾਰਤ ਸਮੇਂ ਅੰਦਰ ਅਦਾਇਗੀ ਨਾ ਹੋਣ ਦੀ ਸੂਰਤ ਵਿਚ ਬਕਾਇਆ ਰਕਮ ਉੱਤੇ ਸਾਲਾਨਾ 6 ਫ਼ੀਸਦੀ ਸਾਧਾਰਨ ਵਿਆਜ ਵੀ ਦੇਣਾ ਪਵੇਗਾ। ਪੰਜਾਬ ਦੇ ਮੁੱਖ ਸਕੱਤਰ ਨੂੰ ਹੁਕਮਾਂ ਦੀ ਪੂਰੀ ਪਾਲਣਾ ਯਕੀਨੀ ਬਣਾਉਣ ਅਤੇ 31 ਅਗਸਤ 2026 ਤੱਕ ਹਲਫ਼ਨਾਮੇ ਰਾਹੀਂ ਪਾਲਣਾ ਰਿਪੋਰਟ ਦਾਖ਼ਲ ਕਰਨ ਲਈ ਕਿਹਾ ਗਿਆ ਹੈ।

ਪੰਜਾਬ ਸਰਕਾਰ ਨੇ ਅਦਾਲਤ ਵਿਚ ਦਲੀਲ ਦਿੱਤੀ ਸੀ ਕਿ ਸਾਰੇ ਬਕਾਏ ਇਕੱਠੇ ਜਾਰੀ ਕਰਨ ਨਾਲ ਸਰਕਾਰੀ ਖ਼ਜ਼ਾਨੇ ਉੱਤੇ ਬਹੁਤ ਵੱਡਾ ਬੋਝ ਪਵੇਗਾ। ਸਰਕਾਰ ਦੇ ਅੰਦਾਜ਼ੇ ਅਨੁਸਾਰ ਸੋਧੀਆਂ ਤਨਖ਼ਾਹਾਂ, ਪੈਨਸ਼ਨਾਂ, ਪਰਿਵਾਰਕ ਪੈਨਸ਼ਨਾਂ, ਮਹਿੰਗਾਈ ਭੱਤੇ, ਮਹਿੰਗਾਈ ਰਾਹਤ ਅਤੇ ਛੁੱਟੀਆਂ ਦੇ ਨਕਦੀਕਰਨ ਨਾਲ ਜੁੜੀ ਕੁੱਲ ਦੇਣਦਾਰੀ ਲਗਭਗ 14,191 ਕਰੋੜ ਰੁਪਏ ਬਣਦੀ ਹੈ। ਸਰਕਾਰ ਨੇ ਬਕਾਇਆ ਰਕਮ ਨੂੰ ਵੱਖ-ਵੱਖ ਉਮਰ ਵਰਗਾਂ ਦੇ ਪੈਨਸ਼ਨਰਾਂ ਲਈ ਕਈ ਕਿਸ਼ਤਾਂ ਵਿਚ ਜਾਰੀ ਕਰਨ ਦੀ ਯੋਜਨਾ ਬਣਾਈ ਸੀ, ਪਰ ਅਦਾਲਤ ਨੇ ਇਸ ਤਰੀਕੇ ਨੂੰ ਭੇਦਭਾਵਪੂਰਨ ਕਰਾਰ ਦਿੰਦਿਆਂ ਰੱਦ ਕਰ ਦਿੱਤਾ। ਹਾਈ ਕੋਰਟ ਨੇ ਕਿਹਾ ਕਿ ਸਰਕਾਰ ਵੱਲੋਂ ਇੱਕ ਪਾਸੇ ਵਿੱਤੀ ਸੰਕਟ ਦਾ ਹਵਾਲਾ ਦੇਣਾ ਅਤੇ ਦੂਜੇ ਪਾਸੇ ਵੱਡੀਆਂ ਇਸ਼ਤਿਹਾਰੀ ਮੁਹਿੰਮਾਂ ਅਤੇ ਗੈਰ-ਜ਼ਰੂਰੀ ਖਰਚਿਆਂ ਉੱਤੇ ਜਨਤਕ ਪੈਸਾ ਲਗਾਉਣਾ ਮੁਲਾਜ਼ਮਾਂ ਦੇ ਹੱਕ ਰੋਕਣ ਦਾ ਜਾਇਜ਼ ਆਧਾਰ ਨਹੀਂ ਬਣ ਸਕਦਾ।

# ਸਿੱਖ ਕੌਮ ਦੇ ਨਾਮ ਸੰਦੇਸ਼

# ਕੰਮ ਅਤੇ ਆਚਾਰ



-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਕੰਮ ਅਤੇ ਆਚਾਰ ਜ਼ਿੰਦਗੀ ਦੇ ਅਤੀ ਮਹੱਤਵਪੂਰਨ ਪਹਿਲੂ ਹਨ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ"। ਭਾਵ ਸੱਚ ਸਭ ਤੋਂ ਉਪਰ ਹੈ ਪਰ ਆਚਾਰ ਸੱਚ ਤੋਂ ਵੀ ਉਪਰ ਹੈ। ਅੰਗਰੇਜ਼ੀ ਕਵੀ ਕੈਂਸਰ ਦੇ ਆਚਾਰ ਬਾਰੇ ਵਿਚਾਰ ਇਸ ਪ੍ਰਕਾਰ ਹਨ :

If wealth is lost, nothing is lost.

If health is lost, something is lost.

If character is lost, everything is lost.

ਆਦਮੀ ਮੇਂ ਲਾਖੋਂ ਜੌਹਰ ਹੋਂ, ਅਗਰ ਆਦਮੀਅਤ ਨਹੀਂ ਤੋ ਕੁੱਛ ਭੀ ਨਹੀਂ।

ਔਰ ਭੀ ਗਮ ਹੈ, ਜ਼ਮਾਨੇ ਮੇਂ ਮੁਹੱਬਤ ਕੇ ਸਿਵਾ।

St. Coleridge says, "He prayeth best, who loveth the creation of God.

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਦਾ ਤਿਆਗ ਕਰੋ। ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ। ਗਲਤ ਕੰਮ ਨਾ ਕਰੋ, ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ: "ਐਸਾ ਕੰਮੁ ਮੂਲੇ ਨਾ ਕੀਚੈ, ਜਿਤੁ ਅੰਤਿ ਪਛੋਤਾਈਐ॥" ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥" ਬੰਦਾ ਦੇਖਣ ਨੂੰ ਬੰਦਾ ਲੱਗਦਾ ਹੈ ਪਰ ਕੰਮ ਪਸ਼ੂਆਂ ਵਾਲੇ ਹਨ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਝੂਠ ਨਾ ਬੋਲੋ। ਕਿਸੇ ਦਾ ਹੱਕ ਨਾ ਖਾਉ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਹੱਕ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ॥" ਭੈੜੀ ਸੰਗਤ ਤੋਂ ਬਚੋ। ਕਈ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਨੇ ਕੌਮ ਨੂੰ ਇਕੱਠੇ ਰਹਿਣ ਦੀ ਸਿੱਖਿਆ ਦਿੱਤੀ ਸੀ:

"ਹੋਇ ਇਕੱਤ੍ਰ ਮਿਲੋ ਮੇਰੇ ਭਾਈ ਦੁਬਿਧਾ ਦੂਰ ਕਰੋ ਲਿਵ ਲਾਇ॥

ਹੋਵਹੁ ਹਰਿਨਾਮੇ ਕੀ ਜੋੜੀ ਗੁਰਮੁਖ ਬੈਸੋ ਸਫਾ ਵਿਛਾਇ॥

"ਜਬ ਲਗ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥" ਪਰ ਹੁਣ ਤੱਕ ਕੌਮ ਨੇ ਅਮਲ ਨਹੀਂ ਕੀਤਾ। ਕੌਮ ਵੱਖ-ਵੱਖ ਧੜਿਆਂ ਵਿਚ ਵੰਡੀ ਹੋਈ ਹੈ। ਬੰਦੇ-ਬੰਦੇ ਵਿਚ ਅੰਤਰ, ਕੋਈ ਫੁੱਲ ਤੇ ਕੋਈ ਕੰਕਰ। ਇਕ ਚੰਗਾ ਡਾਕਟਰ, ਇਕ ਚੰਗਾ ਅਧਿਆਪਕ, ਇਕ ਚੰਗਾ ਗੀਤਕਾਰ ਹੋਣਾ ਹੋਰ ਗੱਲ ਹੈ ਅਤੇ ਇਕ ਚੰਗਾ ਮਨੁੱਖ ਹੋਣਾ ਹੋਰ ਗੱਲ ਹੈ।

Work is Worship, ਭਾਵ ਕੰਮ ਹੀ ਪੂਜਾ ਹੈ। ਕਦੀ ਕੰਮ ਤੋਂ ਜੀਅ ਨਾ ਚੁਰਾਉ। ਅੱਜ ਦਾ ਕੰਮ ਕੱਲ੍ਹ 'ਤੇ ਨਾ ਛੱਡੋ। ਜਿਹੜਾ ਕੰਮ ਕੱਲ੍ਹ ਕਰਨਾ ਹੈ, ਉਹ ਅੱਜ ਕਰੋ। ਜਿਹੜਾ ਅੱਜ ਕਰਨਾ ਹੈ, ਉਹ ਹੁਣੇ ਕਰੋ।

Hard work is key to success.

ਵੋਹ ਕੌਨ ਸਾ ਉਕਤਾ ਹੈ, ਜੋ ਹੋ ਨਹੀਂ ਸਕਤਾ, ਹਿੰਮਤ ਕਰੇ ਇਨਸਾਨ ਤੋ ਹੋ ਕਿਆ ਨਹੀਂ ਸਕਤਾ।

ਖੁਦੀ ਕੋ ਕਰ ਬੁਲੰਦ ਇਤਨਾ ਕਿ ਹਰ ਤਕਦੀਰ ਸੇ ਪਹਿਲੇ, ਖੁਦਾ ਬੰਦੇ ਸੇ ਖੁਦ ਪੂਛੇ ਬਤਾ ਤੇਰੀ ਰਜ਼ਾ ਕਿਆ ਹੈ।

Impossible word is found in the dictionary of fools, said Napoleon Bonaparte

ਨੇਕ ਕੰਮ ਕਰੋ। ਸ਼ੁਭ ਅਮਲਾਂ 'ਤੇ ਹੋਣੇਂ ਨੇ ਨਿਬੇੜੇ, ਜਾਤਿ ਕਿਸੇ ਪੁੱਛਣੀ ਨਹੀਂ।

**ਅੰਤ ਵਿਚ ਬਹੁਤ ਸੰਖੇਪ ਵਿਚ** : ਪਹਿਲੀ ਗੱਲ ਸਿੱਖ ਕੋਈ ਗਲਤ ਕੰਮ ਨਾ ਕਰੇ। ਦੂਜੀ ਗੱਲ, ਸਿੱਖ ਸਿੱਖ ਦਾ ਬੁਰਾ ਨਾ ਕਰੇ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ ਮਦੀਨੇ ਗਏ ਸਨ, ਤਦ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ: ਸ਼ੁਭ ਅਮਲਾਂ ਬਾਝੋਂ ਦੋਨੋਂ ਰੋਇ॥

# ਉਮਰ ਵਧਣ ਵਾਲੀ ਆਬਾਦੀ ਦੇ ਵਿਰਕਾਰ ਪੰਜਾਬ ਵਿਚ ਜਨਮ ਦਰ ਅਤੇ ਪ੍ਰਜਨਨ ਸਮਰੱਥਾ ਦਾ ਪੱਧਰ ਬਹੁਤ ਘੱਟ ਹੈ



ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



ਪੰਜਾਬ, ਜੋ ਕਦੇ ਵੱਡੇ ਪਰਿਵਾਰਾਂ, ਰੌਣਕ ਭਰੇ ਪਿੰਡਾਂ ਅਤੇ ਤੇਜ਼ੀ ਨਾਲ ਵਧ ਰਹੀ ਆਬਾਦੀ ਲਈ ਜਾਣਿਆ ਜਾਂਦਾ ਸੀ, ਅੱਜ ਇੱਕ ਵੱਡੇ ਜਨਸੰਖਿਆਕ ਬਦਲਾਅ ਵਿਚੋਂ ਗੁਜ਼ਰ ਰਿਹਾ ਹੈ। ਰਾਜ ਵਿਚ ਜਨਮ ਦਰ ਅਤੇ ਪ੍ਰਜਨਨ ਦਰ ਲਗਾਤਾਰ ਘੱਟ ਰਹੀ ਹੈ, ਜਦਕਿ ਬਜ਼ੁਰਗਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਇਹ ਬਦਲਾਅ ਪੰਜਾਬ ਦੇ ਸਮਾਜਿਕ, ਆਰਥਿਕ ਅਤੇ ਸਿਹਤ ਪ੍ਰਬੰਧਾਂ ਲਈ ਨਵੀਆਂ ਚੁਣੌਤੀਆਂ ਪੈਦਾ ਕਰ ਰਿਹਾ ਹੈ।

ਤਾਜ਼ਾ ਸੈਂਪਲ ਰਜਿਸਟ੍ਰੇਸ਼ਨ ਸਿਸਟਮ (ਐੱਸ.ਆਰ.ਐੱਸ.) ਦੀ ਰਿਪੋਰਟ ਅਨੁਸਾਰ ਪੰਜਾਬ ਦੀ ਕੁੱਲ ਪ੍ਰਜਨਨ ਦਰ ਟੀ.ਆਰ.ਐੱਫ. 1.4 ਤੱਕ ਘਟ ਗਈ ਹੈ, ਜੋ ਕਿ ਆਬਾਦੀ ਨੂੰ ਸਥਿਰ ਰੱਖਣ ਲਈ ਲੋੜੀਂਦੇ 2.1 ਦੇ ਪੱਧਰ ਨਾਲੋਂ ਕਾਫ਼ੀ ਘੱਟ ਹੈ।

## ਪੰਜਾਬ ਵਿਚ ਘਟਦੀ ਜਨਮ ਦਰ:

ਜਨਮ ਦਰ ਕਿਸੇ ਸਾਲ ਵਿਚ ਪ੍ਰਤੀ 1,000 ਲੋਕਾਂ 'ਤੇ ਹੋਣ ਵਾਲੇ ਜਨਮਾਂ ਨੂੰ ਦਰਸਾਉਂਦੀ ਹੈ। 2024 ਵਿਚ ਪੰਜਾਬ ਦੀ ਜਨਮ ਦਰ 13.6 ਰਹੀ, ਜੋ ਕਿ ਦੇਸ਼ ਦੀ ਔਸਤ 18.3 ਨਾਲੋਂ ਕਾਫ਼ੀ ਘੱਟ ਹੈ। ਹਰਿਆਣਾ ਵਿਚ ਇਹ ਦਰ 18.5 ਅਤੇ ਹਿਮਾਚਲ ਪ੍ਰਦੇਸ਼ ਵਿਚ 14.0 ਦਰਜ ਕੀਤੀ ਗਈ।

ਪਿਛਲੇ ਦਹਾਕੇ ਦੌਰਾਨ ਪੰਜਾਬ ਦੀ ਜਨਮ ਦਰ ਵਿਚ ਲਗਾਤਾਰ ਕਮੀ ਆਈ ਹੈ। ਛੋਟੇ ਪਰਿਵਾਰਾਂ ਦੀ ਸੋਚ, ਦੇਰੀ ਨਾਲ ਵਿਆਹ, ਵਿਦੇਸ਼ਾਂ ਵੱਲ ਪ੍ਰਵਾਸ, ਵਧਦੀ ਪੜ੍ਹਾਈ ਅਤੇ ਮਹਿੰਗਾਈ ਇਸ ਦੇ ਮੁੱਖ ਕਾਰਨ ਹਨ।

ਅੱਜ ਦੇ ਨੌਜਵਾਨ ਜੋੜੇ ਘੱਟ ਬੱਚੇ ਪੈਦਾ ਕਰਨ ਨੂੰ ਤਰਜੀਹ ਦੇ ਰਹੇ ਹਨ ਕਿਉਂਕਿ ਬੱਚਿਆਂ ਦੀ ਸਿੱਖਿਆ, ਸਿਹਤ ਅਤੇ ਭਵਿੱਖ ਲਈ ਖਰਚੇ ਕਾਫ਼ੀ ਵਧ ਗਏ ਹਨ। ਲੋਕ ਹੁਣ ਗਿਣਤੀ ਨਾਲੋਂ ਜੀਵਨ ਦੀ ਗੁਣਵੱਤਾ ਨੂੰ ਵੱਧ ਮਹੱਤਵ ਦੇ ਰਹੇ ਹਨ।

**ਪ੍ਰਜਨਨ ਦਰ ਵਿਚ ਚਿੰਤਾਜਨਕ ਕਮੀ:** ਪੰਜਾਬ ਦੀ ਟੀ.ਐੱਫ.ਆਰ. 1.4 ਦੇਸ਼ ਦੇ ਸਭ ਤੋਂ ਘੱਟ ਪੱਧਰਾਂ ਵਿਚੋਂ ਇੱਕ ਹੈ। ਇਸ ਦਾ ਮਤਲਬ ਹੈ ਕਿ ਹਰ ਪੀੜ੍ਹੀ ਨੂੰ ਬਦਲਣ ਲਈ ਜਿੰਨੇ ਬੱਚਿਆਂ ਦੀ ਲੋੜ ਹੁੰਦੀ ਹੈ, ਉਹ ਗਿਣਤੀ ਪੂਰੀ ਨਹੀਂ ਹੋ ਰਹੀ।

ਜਾਪਾਨ, ਦੱਖਣੀ ਕੋਰੀਆ ਅਤੇ ਕਈ ਯੂਰਪੀ ਦੇਸ਼ ਪਹਿਲਾਂ ਹੀ ਘੱਟ ਪ੍ਰਜਨਨ ਅਤੇ ਬੁੱਢੀ ਹੋ ਰਹੀ ਆਬਾਦੀ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਪੰਜਾਬ ਵੀ ਹੌਲੀ-ਹੌਲੀ ਉਸੇ ਦਿਸ਼ਾ ਵੱਲ ਵਧਦਾ ਦਿਖਾਈ ਦੇ ਰਿਹਾ ਹੈ।

**ਬਜ਼ੁਰਗ ਆਬਾਦੀ ਵਿਚ ਵਾਧਾ:** ਜਿੱਥੇ ਬੱਚਿਆਂ ਦੀ ਗਿਣਤੀ ਘੱਟ ਰਹੀ ਹੈ, ਉੱਥੇ ਬਜ਼ੁਰਗ ਲੋਕਾਂ ਦੀ ਸੰਖਿਆ ਵੱਧ ਰਹੀ ਹੈ। ਪੰਜਾਬ ਵਿਚ 60 ਸਾਲ ਤੋਂ ਉਪਰ ਦੀ ਆਬਾਦੀ ਲਗਭਗ 11.5% ਤੱਕ ਪਹੁੰਚ ਚੁੱਕੀ ਹੈ, ਜੋ ਕਿ ਦੇਸ਼ ਦੀ ਔਸਤ 9.7% ਨਾਲੋਂ ਵੱਧ ਹੈ। ਪਿੰਡਾਂ ਵਿਚ ਇਹ ਹਿੱਸਾ ਹੋਰ ਵੀ ਵਧੇਰੇ ਹੈ।

ਇਸਦੇ ਨਾਲ ਹੀ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹਿੱਸੇਦਾਰੀ ਘੱਟ ਰਹੀ ਹੈ। 0 ਤੋਂ 4 ਸਾਲ ਦੀ ਉਮਰ ਵਾਲੇ ਬੱਚਿਆਂ ਦੀ ਸੰਖਿਆ ਕੇਵਲ 6% ਰਹਿ ਗਈ ਹੈ, ਜਦਕਿ ਦੇਸ਼ ਦੀ ਔਸਤ 7.9% ਹੈ। ਇਹ ਸਾਫ਼ ਦਰਸਾਉਂਦਾ ਹੈ ਕਿ ਪੰਜਾਬ ਦੀ ਆਬਾਦੀ ਤੇਜ਼ੀ ਨਾਲ ਬੁੱਢੀ ਹੋ ਰਹੀ ਹੈ।

## ਇਸ ਬਦਲਾਅ ਦੇ ਮੁੱਖ ਕਾਰਨ:

1. **ਉੱਚ ਸਿੱਖਿਆ ਅਤੇ ਜਾਗਰੂਕਤਾ:** ਪੜ੍ਹੇ-ਲਿਖੇ ਪਰਿਵਾਰ ਘੱਟ ਬੱਚਿਆਂ ਨੂੰ ਤਰਜੀਹ ਦਿੰਦੇ ਹਨ। ਮਹਿਲਾਵਾਂ ਉੱਚ ਸਿੱਖਿਆ ਅਤੇ ਕਰੀਅਰ ਵੱਲ ਧਿਆਨ ਦੇ ਰਹੀਆਂ ਹਨ।
2. **ਵਿਦੇਸ਼ਾਂ ਵੱਲ ਪ੍ਰਵਾਸ:** ਪੰਜਾਬ ਦੇ ਬਹੁਤ ਸਾਰੇ ਨੌਜਵਾਨ ਕੈਨੇਡਾ, ਆਸਟ੍ਰੇਲੀਆ, ਅਮਰੀਕਾ ਅਤੇ ਯੂ.ਕੇ. ਵੱਲ ਜਾ ਰਹੇ ਹਨ। ਇਸ ਨਾਲ ਰਾਜ ਵਿਚ ਨੌਜਵਾਨਾਂ ਦੀ ਗਿਣਤੀ ਘੱਟ ਰਹੀ ਹੈ।
3. **ਸ਼ਹਿਰੀ ਜੀਵਨ ਸ਼ੈਲੀ:** ਸ਼ਹਿਰੀ ਜੀਵਨ ਵਿਚ ਖਰਚੇ ਵੱਧ ਹਨ ਅਤੇ ਲੋਕ ਛੋਟੇ ਪਰਿਵਾਰਾਂ ਨੂੰ ਤਰਜੀਹ ਦੇ ਰਹੇ ਹਨ।
4. **ਆਰਥਿਕ ਦਬਾਅ:** ਮਹਿੰਗਾਈ, ਬੇਰੁਜ਼ਗਾਰੀ ਅਤੇ ਸਿੱਖਿਆ ਦੇ ਵਧਦੇ ਖਰਚੇ ਪਰਿਵਾਰਾਂ ਨੂੰ ਘੱਟ ਬੱਚੇ ਪੈਦਾ ਕਰਨ ਵੱਲ ਧੱਕ ਰਹੇ ਹਨ।
5. **ਸਮਾਜਿਕ ਸੋਚ ਵਿਚ ਬਦਲਾਅ:** ਆਧੁਨਿਕ ਪਰਿਵਾਰ ਹੁਣ ਨਿੱਜੀ ਆਜ਼ਾਦੀ, ਕਰੀਅਰ ਅਤੇ ਆਰਥਿਕ ਸਥਿਰਤਾ ਨੂੰ ਵੱਧ ਮਹੱਤਵ ਦੇ ਰਹੇ ਹਨ।

## ਬੁੱਢੀ ਹੋ ਰਹੀ ਆਬਾਦੀ ਨਾਲ ਚੁਣੌਤੀਆਂ

**ਮਜ਼ਦੂਰਾਂ ਦੀ ਘਾਟ:** ਭਵਿੱਖ ਵਿਚ ਖੇਤੀਬਾੜੀ, ਉਦਯੋਗ ਅਤੇ ਸੇਵਾ ਖੇਤਰ ਵਿਚ ਮਜ਼ਦੂਰਾਂ ਦੀ ਘਾਟ ਹੋ ਸਕਦੀ ਹੈ।

**ਸਿਹਤ ਸੇਵਾਵਾਂ 'ਤੇ ਦਬਾਅ:** ਬਜ਼ੁਰਗਾਂ ਲਈ ਵਧੇਰੇ ਹਸਪਤਾਲ, ਡਾਕਟਰੀ ਸਹੂਲਤਾਂ ਅਤੇ ਲੰਬੇ ਸਮੇਂ ਦੀ ਦੇਖਭਾਲ ਦੀ ਲੋੜ ਪਵੇਗੀ।

**ਆਰਥਿਕ ਬੋਝ:** ਘੱਟ ਨੌਜਵਾਨ ਆਬਾਦੀ ਨੂੰ ਵਧੇਰੇ ਬਜ਼ੁਰਗਾਂ ਦੀ ਪੈਨਸ਼ਨ ਅਤੇ ਸਹੂਲਤਾਂ ਦਾ ਭਾਰ ਝੱਲਣਾ ਪਵੇਗਾ।

**ਇਕੱਲਾਪਨ ਦੀ ਸਮੱਸਿਆ:** ਕਈ ਬਜ਼ੁਰਗ ਮਾਪੇ ਆਪਣੇ ਬੱਚਿਆਂ ਦੇ ਵਿਦੇਸ਼ ਜਾਣ ਕਾਰਨ ਇਕੱਲੇ ਰਹਿ ਰਹੇ ਹਨ, ਜਿਸ ਨਾਲ ਮਾਨਸਿਕ ਤਣਾਅ ਅਤੇ ਇਕੱਲਾਪਨ ਵਧ ਰਿਹਾ ਹੈ।

**ਲਿੰਗ ਅਨੁਪਾਤ ਵੀ ਚਿੰਤਾ ਦਾ ਵਿਸ਼ਾ:** ਪੰਜਾਬ ਵਿਚ ਜਨਮ ਸਮੇਂ ਲੜਕੀਆਂ ਦੀ ਗਿਣਤੀ ਅਜੇ ਵੀ ਦੇਸ਼ ਦੀ ਔਸਤ ਨਾਲੋਂ ਘੱਟ ਹੈ। 2022-24 ਦੌਰਾਨ ਪੰਜਾਬ ਵਿਚ ਹਰ 1,000 ਲੜਕਿਆਂ ਦੇ ਮੁਕਾਬਲੇ 910 ਲੜਕੀਆਂ ਦਾ ਜਨਮ ਦਰਜ ਕੀਤਾ ਗਿਆ।

ਹਾਲਾਂਕਿ ਪਿਛਲੇ ਸਾਲਾਂ ਨਾਲੋਂ ਹਾਲਤ ਵਿਚ ਸੁਧਾਰ ਆਇਆ ਹੈ, ਪਰ ਇਹ ਸਮਾਜ ਲਈ ਅਜੇ ਵੀ ਇੱਕ ਗੰਭੀਰ ਚਿੰਤਾ ਹੈ।

## ਕੀ ਘੱਟ ਜਨਮ ਦਰ ਹਮੇਸ਼ਾਂ ਨਕਾਰਾਤਮਕ ਹੈ?

ਘੱਟ ਜਨਮ ਦਰ ਦੇ ਕੁਝ ਸਕਾਰਾਤਮਕ ਪੱਖ ਵੀ ਹਨ। ਛੋਟੇ ਪਰਿਵਾਰ ਆਪਣੇ ਬੱਚਿਆਂ ਨੂੰ ਵਧੀਆ ਸਿੱਖਿਆ, ਸਿਹਤ ਅਤੇ ਜੀਵਨ ਦੀਆਂ ਸੁਵਿਧਾਵਾਂ ਦੇ ਸਕਦੇ ਹਨ। ਇਹ ਮਹਿਲਾ ਸਸ਼ਕਤੀਕਰਨ ਅਤੇ ਜਾਗਰੂਕਤਾ ਦਾ ਸੰਕੇਤ ਵੀ ਹੈ।

ਪਰ ਜੇਕਰ ਪ੍ਰਜਨਨ ਦਰ ਬਹੁਤ ਲੰਬੇ ਸਮੇਂ ਤੱਕ ਘੱਟ ਰਹਿੰਦੀ ਹੈ, ਤਾਂ ਇਹ ਆਰਥਿਕ ਅਤੇ ਸਮਾਜਿਕ ਸੰਤੁਲਨ ਲਈ ਖਤਰਾ ਬਣ ਸਕਦੀ ਹੈ।

## ਪੰਜਾਬ ਲਈ ਅੱਗੇ ਦਾ ਰਾਹ:

ਪੰਜਾਬ ਨੂੰ ਆਪਣੀ ਬਦਲ ਰਹੀ ਜਨਸੰਖਿਆ ਲਈ ਹੁਣ ਤੋਂ ਯੋਜਨਾਬੰਦੀ ਕਰਨੀ ਹੋਵੇਗੀ:

- ਬਜ਼ੁਰਗਾਂ ਲਈ ਸਿਹਤ ਸਹੂਲਤਾਂ ਮਜ਼ਬੂਤ ਕਰਨੀ।
- ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਵਧਾਉਣੇ।
- ਮਹਿਲਾਵਾਂ ਲਈ ਕੰਮ ਅਤੇ ਪਰਿਵਾਰ ਵਿਚ ਸੰਤੁਲਨ ਵਾਲੀਆਂ ਨੀਤੀਆਂ ਲਿਆਉਣੀਆਂ।
- ਪੈਨਸ਼ਨ ਅਤੇ ਸਮਾਜਿਕ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨਾ।
- ਹੁਨਰ ਵਿਕਾਸ ਅਤੇ ਉਤਪਾਦਕਤਾ 'ਤੇ ਧਿਆਨ ਦੇਣਾ।

## ਸਿੱਟਾ

ਪੰਜਾਬ ਵਿਚ ਘਟਦੀ ਜਨਮ ਦਰ ਅਤੇ ਵਧਦੀ ਬਜ਼ੁਰਗ ਆਬਾਦੀ ਇੱਕ ਵੱਡੇ ਜਨਸੰਖਿਆਕ ਬਦਲਾਅ ਦਾ ਸੰਕੇਤ ਹੈ। ਇਹ ਸਿਰਫ਼ ਅੰਕੜਿਆਂ ਦੀ ਗੱਲ ਨਹੀਂ, ਸਗੋਂ ਸਮਾਜਿਕ ਢਾਂਚੇ, ਆਰਥਿਕ ਵਿਕਾਸ ਅਤੇ ਪਰਿਵਾਰਕ ਜੀਵਨ ਵਿਚ ਆ ਰਹੇ ਬਦਲਾਅ ਦੀ ਤਸਵੀਰ ਵੀ ਹੈ।

ਜੇਕਰ ਸਮੇਂ ਸਿਰ ਸਹੀ ਨੀਤੀਆਂ ਬਣਾਈਆਂ ਜਾਣ, ਤਾਂ ਪੰਜਾਬ ਇਸ ਚੁਣੌਤੀ ਨੂੰ ਮੌਕੇ ਵਿਚ ਬਦਲ ਸਕਦਾ ਹੈ ਅਤੇ ਹਰ ਪੀੜ੍ਹੀ ਲਈ ਬਿਹਤਰ ਭਵਿੱਖ ਯਕੀਨੀ ਬਣਾ ਸਕਦਾ ਹੈ।

# ਵਿਸ਼ਵ 'ਚ ਮਨੁੱਖੀ ਹੱਕਾਂ ਦੇ ਘਾਣ ਸਬੰਧੀ ਚਾਨਣਾ ਪਾਉਂਦਾ ਹੈ ਕੈਨੇਡਾ ਦਾ ਮਨੁੱਖੀ ਅਧਿਕਾਰਾਂ ਸੰਬੰਧੀ ਮਿਊਜ਼ੀਅਮ

## ਭਾਈ ਜਸਵੰਤ ਸਿੰਘ ਖਾਲੜਾ ਦਾ ਸੁਨੇਹਾ ਵੀ ਰੱਖਦਾ ਹੈ ਖਾਸ ਅਹਿਮੀਅਤ

ਗੁਰਪ੍ਰੀਤ ਸਿੰਘ ਤਲਵੰਡੀ
ਵੈਨਕੂਵਰ (ਕੈਨੇਡਾ)
77898-09196
ਪੰਜਾਬ ਮੇਲ USA





ਨਸਲਕੁਸ਼ੀਆਂ ਸਬੰਧੀ ਗੈਲਰੀ 'ਚ ਪੰਜ ਪ੍ਰਮੁੱਖ ਨਸਲਕੁਸ਼ੀ ਦੀਆਂ ਘਟਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਹੋਲੋਕਾਸਟ, ਹੋਲਡੋਮੋਰ, ਅਰਮੀਨੀਆਈ ਨਸਲਕੁਸ਼ੀ, ਰਵਾਂਡਾ ਦੀ ਨਸਲਕੁਸ਼ੀ ਅਤੇ ਬੋਸਨੀਆਈ ਕਬੀਲਿਆਂ ਦੀ ਨਸਲਕੁਸ਼ੀ ਸ਼ਾਮਲ ਹਨ। ਹੋਰਨਾਂ ਗੈਲਰੀਆਂ ਵਿਚ ਇਨਸਾਨੀਅਤ ਨੂੰ ਜ਼ਿੰਦਾ ਰੱਖਣ ਲਈ ਲੜਾਈ ਲੜਦੇ ਮੌਤ ਦੇ ਮੂੰਹ ਜਾ ਪਏ ਯੋਧਿਆਂ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਖਿਲਾਫ ਆਵਾਜ਼ ਉਠਾਉਣ ਵਾਲੀਆਂ ਸ਼ਖਸੀਅਤਾਂ ਅਤੇ ਅਜੋਕੇ ਸਮਾਜ ਵਿਚ ਆ ਰਹੇ ਵੱਡੇ ਬਦਲਾਅ ਸਬੰਧੀ ਵੀ ਵਿਸਥਾਰਿਤ ਜ਼ਿਕਰ ਕੀਤਾ ਗਿਆ ਹੈ।

ਮਨੁੱਖੀ ਅਧਿਕਾਰਾਂ ਦਾ ਘਾਣ ਇਸ ਸੰਸਾਰ ਉੱਪਰ ਆਦਿ ਕਾਲ ਤੋਂ ਹੀ ਚੱਲਦਾ ਆਇਆ ਹੈ। ਪੁਰਾਣੇ ਜ਼ਮਾਨੇ ਵਿਚ ਜਦ ਲੋਕ ਕਬੀਲਿਆਂ ਵਿਚ ਰਹਿੰਦੇ ਸਨ, ਉਦੋਂ ਵੀ ਤਕੜੇ ਵਲੋਂ ਮਾੜੇ ਨੂੰ ਦਬਾਉਣ ਦਾ ਸਿਲਸਿਲਾ ਚੱਲਦਾ ਰਿਹਾ ਹੈ। ਹੁਣ ਭਾਵੇਂ ਇਸਦੇ ਤੌਰ ਤਰੀਕੇ ਬਦਲ ਚੁੱਕੇ ਹਨ, ਲੇਕਿਨ ਮਨੁੱਖੀ ਅਧਿਕਾਰਾਂ ਨੂੰ ਕੁਚਲਣਾਂ ਹਾਲੇ ਵੀ ਜਾਰੀ ਹੈ। ਅਜੋਕੇ ਦੌਰ 'ਚ ਵਿਸ਼ਵ ਦੇ ਬਹੁਤੇ ਮੁਲਕਾਂ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਸਿਖਰਾਂ 'ਤੇ ਹੈ। ਕਿਧਰੇ ਧਰਮਾਂ ਦੇ ਨਾਮ 'ਤੇ ਜਾਂ ਫਿਰ ਫਿਰਕਿਆਂ ਦੇ ਨਾਮ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਜਾ ਰਿਹਾ ਹੈ। ਪ੍ਰੰਤੂ ਭਾਰਤ ਵਰਗੇ ਦੇਸ਼ਾਂ ਵਿਚ ਤਾਂ ਜਾਤੀਵਾਦ ਦੇ ਨਾਮ 'ਤੇ ਵੀ ਮਨੁੱਖੀ ਅਧਿਕਾਰਾਂ ਨੂੰ ਕੁਚਲਿਆ ਜਾ ਰਿਹਾ ਹੈ। ਰੰਗ, ਨਸਲ ਭੇਦਭਾਵ ਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦਾ ਕਾਰਨ ਬਣਦਾ ਹੈ। ਭਾਵੇਂ ਸੰਸਾਰ ਬ੍ਰਹਿਮੰਡ ਦੇ ਹੋਰਨਾਂ ਗ੍ਰਹਿਆਂ ਉੱਪਰ ਦੁਨੀਆਂ ਵਸਾਉਣ ਵਰਗੇ ਸੁਪਨੇ ਸੰਜੋਈ ਬੈਠਾ ਹੈ, ਲੇਕਿਨ ਅਸੀਂ ਹਾਲੇ ਤੱਕ ਵੀ ਲੋਕਾਂ ਨੂੰ ਮਨੁੱਖੀ ਅਧਿਕਾਰਾਂ ਦਾ ਪਾਠ ਪੜ੍ਹਾਉਣ ਵਿਚ ਕਾਮਯਾਬ ਨਹੀਂ ਹੋ ਸਕੇ। ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਵਲੋਂ ਸਮੁੱਚੇ ਵਿਸ਼ਵ ਨੂੰ ਮਨੁੱਖੀ ਅਧਿਕਾਰਾਂ ਦੀ ਬਹਾਲੀ ਲਈ ਦਿੱਤਾ ਜਾ ਰਿਹਾ ਹੋਕਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਕਿਉਂਕਿ ਕੈਨੇਡਾ ਸੰਸਾਰ ਦਾ ਇੱਕ ਬਹੁ-ਨਸਲੀ ਦੇਸ਼ ਹੈ, ਜਿੱਥੇ ਵਿਸ਼ਵ ਦੇ ਹਰ ਧਰਮ ਅਤੇ ਹਰ ਦੇਸ਼ ਦੇ ਲੋਕ ਰਹਿੰਦੇ ਹਨ, ਲੇਕਿਨ ਇੱਥੇ ਕਦੇ ਵੀ ਕੋਈ ਵੱਡੀ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦੀ ਘਟਨਾ ਨਹੀਂ ਸੁਣੀ। ਕੈਨੇਡਾ ਦੇ ਮੱਧ ਭਾਗ ਵਿਚ ਸਥਿਤ ਘੱਟ ਵਸੋਂ ਘਣਤਾ ਵਾਲੇ ਰਾਜ ਮੈਨੀਟੋਬਾ ਦੀ ਰਾਜਧਾਨੀ ਵਿਨੀਪੈੱਗ ਵਿਚ ਇੱਕ ਮਨੁੱਖੀ ਅਧਿਕਾਰਾਂ ਸਬੰਧੀ ਵਿਸ਼ਾਲ ਮਿਊਜ਼ੀਅਮ ਬਣਾਇਆ ਗਿਆ ਹੈ, ਜੋ ਮਨੁੱਖੀ ਹੱਕਾਂ ਸਬੰਧੀ ਲੜਦੇ ਰਹੇ ਹਰ ਇੱਕ ਸ਼ਖਸ ਦੀ ਤਰਜ਼ਮਾਨੀ ਕਰਦਾ ਹੈ। ਕੈਨੇਡੀਅਨ ਮਿਊਜ਼ੀਅਮ ਫਾਰ ਹਿਊਮਨ ਰਾਈਟਸ ਇੱਕ ਕੈਨੇਡੀਅਨ ਕਰਾਊਨ ਕਾਰਪੋਰੇਸ਼ਨ ਅਦਾਰਾ ਹੈ। ਕੈਨੇਡਾ ਵਿਚ ਕਰਾਊਨ ਕਾਰਪੋਰੇਸ਼ਨ ਦਾ ਮਤਲਬ ਇਸਦਾ ਸਮੁੱਚਾ ਪ੍ਰਬੰਧ ਰਾਜ ਸਰਕਾਰ ਕਰਦੀ ਹੈ, ਨਾ ਕਿ ਕੋਈ ਨਿੱਜੀ ਕੰਪਨੀ।

20 ਅਪ੍ਰੈਲ 2007 ਨੂੰ ਕੈਨੇਡਾ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕੈਨੇਡੀਅਨ ਮਿਊਜ਼ੀਅਮ ਫਾਰ ਹਿਊਮਨ ਰਾਈਟਸ ਬਣਾਉਣ ਦਾ ਐਲਾਨ ਕੀਤਾ। 13 ਮਾਰਚ 2008 ਨੂੰ ਕੈਨੇਡੀਅਨ ਪਾਰਲੀਮੈਂਟ ਵਿਚ ਅਜਾਇਬ ਘਰ ਕਾਨੂੰਨ ਸਮੇਤ ਹੋਰਨਾਂ ਕਾਨੂੰਨਾਂ ਵਿਚ ਸੋਧ ਕਰਨ ਵਾਲੇ ਬਿੱਲ ਸੀ-42 ਨੂੰ ਸਾਰੀਆਂ ਸਿਆਸੀ ਪਾਰਟੀਆਂ ਦੇ ਸਮਰਥਨ ਨਾਲ ਆਮ ਸਹਿਮਤੀ ਪੈਦਾ ਕੀਤੀ ਗਈ। ਇਸ ਕਾਨੂੰਨ ਵਿਚ ਸੋਧ ਹੋਣ ਨਾਲ ਇਕ ਅਜਾਇਬ ਘਰ ਵਜੋਂ ਕੈਨੇਡੀਅਨ ਮਿਊਜ਼ੀਅਮ ਫਾਰ ਹਿਊਮਨ ਰਾਈਟਸ ਬਣਾਉਣ ਦਾ ਰਾਹ ਪੱਧਰਾ ਹੋ ਗਿਆ। 19 ਸਤੰਬਰ 2014 ਨੂੰ ਜਦ ਇਸ ਅਜਾਇਬ ਘਰ ਨੂੰ ਅਧਿਕਾਰਤ ਤੌਰ 'ਤੇ ਖੋਲ੍ਹਣ ਦਾ ਐਲਾਨ ਕੀਤਾ ਗਿਆ, ਤਾਂ ਕੈਨੇਡੀਅਨ ਲੋਕਾਂ ਦੇ ਕੁਝ ਸਮੂਹਾਂ ਨੇ ਇਸਦਾ ਵਿਰੋਧ ਕੀਤਾ। ਵਿਰੋਧ ਕਰਨ ਵਾਲੇ ਲੋਕਾਂ ਦਾ ਵਿਚਾਰ ਸੀ ਕਿ ਅਜਾਇਬ ਘਰ ਵਿਚ ਉਨ੍ਹਾਂ ਦੇ ਆਪਣੇ ਮਨੁੱਖੀ ਅਧਿਕਾਰਾਂ ਦੇ ਇਤਿਹਾਸ ਨੂੰ ਗਲਤ ਤਰੀਕੇ ਨਾਲ ਦਿਖਾਇਆ ਗਿਆ ਹੈ ਜਾਂ ਕੁਝ ਅਸਲੀਅਤ ਨੂੰ ਅਜਾਇਬ ਘਰ ਵਿਚ ਪ੍ਰਦਰਸ਼ਿਤ ਨਹੀਂ ਕੀਤਾ ਗਿਆ। ਇਸਦੇ ਉਦਘਾਟਨੀ ਸਮਾਰੋਹਾਂ ਤੋਂ ਕੈਨੇਡਾ ਦੇ ਮੂਲ ਨਿਵਾਸੀਆਂ ਨੇ ਵੀ ਕੁਝ ਕਾਰਨਾਂ ਕਰਕੇ ਆਪਣੇ ਆਪ ਨੂੰ ਦੂਰ ਰੱਖਿਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕੈਨੇਡਾ ਦੇ ਮੂਲ ਨਿਵਾਸੀ ਭਾਈਚਾਰੇ ਦੇ ਮਨੁੱਖੀ ਹੱਕਾਂ ਨੂੰ ਵੀ ਸਮੇਂ-ਸਮੇਂ 'ਤੇ ਹਾਕਮਾਂ ਵਲੋਂ ਪੈਰਾਂ ਹੇਠ ਲਿਤਾੜਿਆ ਗਿਆ।

ਇਸ ਅਜਾਇਬ ਘਰ ਦੀ ਸਥਾਪਨਾ ਲਈ ਐਸਪਰ ਫਾਊਂਡੇਸ਼ਨ ਵਲੋਂ ਵੀ ਅਹਿਮ ਯੋਗਦਾਨ ਪਾਇਆ ਗਿਆ। ਫਾਊਂਡੇਸ਼ਨ ਵਲੋਂ ਅਜਾਇਬ ਘਰ ਦੀ ਸਥਾਪਨਾਂ ਲਈ 20 ਮਿਲੀਅਨ ਡਾਲਰ ਦੀ ਸਹਾਇਤਾ ਵੀ ਕੀਤੀ ਗਈ ਸੀ।

ਐਸਪਰ ਫਾਊਂਡੇਸ਼ਨ ਦੇ ਸੀ.ਈ.ਓ. ਹੈਰਾਲਡ ਐਸਪਰ ਨੂੰ ਉਕਤ ਅਜਾਇਬ ਘਰ ਦੀ ਸਥਾਪਨਾ ਦਾ ਸਿਹਰਾ ਜਾਂਦਾ ਹੈ। ਉਹ ਇੱਕ ਕੈਨੇਡੀਅਨ ਵਕੀਲ, ਸਿਆਸਤਦਾਨ ਅਤੇ ਮੀਡੀਆ ਸਮੂਹ ਕੈਨਵੈਸਟ ਗਲੋਬਲ ਕਮਿਊਨੀਕੇਸ਼ਨਜ ਦਾ ਸੰਸਥਾਪਕ ਸੀ। ਹੁਣ ਇਹ ਮੀਡੀਆ ਸਮੂਹ ਆਪਣੀ ਹੋਂਦ ਗੁਆ ਚੁੱਕਾ ਹੈ। ਐਸਪਰ ਨੇ ਇੱਕ ਸੁਪਨਾ ਲਿਆ ਸੀ ਕਿ ਕੈਨੇਡਾ ਦੀ ਧਰਤੀ 'ਤੇ ਇਕ ਅਜਿਹਾ ਅਜਾਇਬ ਘਰ ਬਣਾਇਆ ਜਾਵੇਗਾ, ਜਿੱਥੇ ਕੈਨੇਡਾ ਤੋਂ ਇਲਾਵਾ ਦੁਨੀਆਂ ਭਰ ਦੇ ਵਿਦਿਆਰਥੀ ਅਤੇ ਆਮ ਲੋਕ ਮਨੁੱਖੀ ਅਧਿਕਾਰਾਂ ਬਾਰੇ ਜਾਣੂੰ ਹੋ ਸਕਣ। ਉਨ੍ਹਾਂ ਨੇ ਉਕਤ ਅਜਾਇਬ ਘਰ ਵਿਨੀਪੈੱਗ 'ਚ ਬਣਾਉਣ ਅਤੇ ਘੱਟ ਵਸੋਂ ਘਣਤਾ ਵਾਲੇ ਸ਼ਹਿਰ ਵਿਨੀਪੈੱਗ ਨੂੰ ਵਿਸ਼ਵ ਭਰ ਵਿਚ ਸੈਰ ਸਪਾਟਾ ਵਧਾਉਣ, ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਨ ਵਜੋਂ ਉਭਾਰਨ ਦਾ ਪ੍ਰਣ ਲਿਆ ਸੀ। ਸੰਨ 2003 'ਚ ਹੈਰਾਲਡ ਐਸਪਰ ਦੀ ਮੌਤ ਤੋਂ ਬਾਅਦ ਉਸਦੀ ਬੇਟੀ ਗੇਲ ਐਸਪਰ ਨੇ ਇਸ ਪ੍ਰੋਜੈਕਟ ਦੀ ਅਗਵਾਈ ਕੀਤੀ।

ਹੁਣ ਤੱਕ ਇਸ ਅਜਾਇਬ ਘਰ ਦੇ ਵਿਕਾਸ ਲਈ ਕੈਨੇਡਾ ਸਰਕਾਰ ਵਲੋਂ 100 ਮਿਲੀਅਨ ਡਾਲਰ, ਮੈਨੀਟੋਬਾ ਸਰਕਾਰ ਵਲੋਂ 40 ਮਿਲੀਅਨ ਡਾਲਰ ਦਿੱਤੇ ਜਾ ਚੁੱਕੇ ਹਨ ਅਤੇ ਵਿਨੀਪੈੱਗ ਸ਼ਹਿਰ ਵਲੋਂ ਵੀ 20 ਮਿਲੀਅਨ ਡਾਲਰ ਦਿੱਤੇ ਗਏ ਹਨ। ਦੂਸਰੇ ਪਾਸੇ ਐਸਪਰ ਫਾਊਂਡੇਸ਼ਨ ਦੀ ਮੁਖੀ ਗੇਲ ਐਸਪਰ ਦੀ ਅਗਵਾਈ ਵਿਚ ਕੈਨੇਡੀਅਨ ਮਿਊਜ਼ੀਅਮ ਫਾਰ ਹਿਊਮਨ ਰਾਈਟਸ ਲਈ 150 ਮਿਲੀਅਨ ਡਾਲਰ ਦਾ ਟੀਚਾ ਮਿਥਿਆ ਗਿਆ ਸੀ, ਜਿਸ ਵਿਚੋਂ ਉਨ੍ਹਾਂ ਵਲੋਂ ਕੈਨੇਡਾ ਭਰ ਤੋਂ 130 ਮਿਲੀਅਨ ਡਾਲਰ ਤੋਂ ਵਧੇਰੇ ਫੰਡ ਇਕੱਠਾ ਕਰਕੇ ਦਿੱਤਾ ਜਾ ਚੁੱਕਾ ਹੈ।

ਸਤੰਬਰ 2014 ਵਿਚ ਇਸ ਅਜਾਇਬ ਘਰ ਵਿਚ ਕੁੱਲ 10 ਸਥਾਈ ਗੈਲਰੀਆਂ ਬਣਾਈਆਂ ਗਈਆਂ ਸਨ। ਪਹਿਲੀ ਗੈਲਰੀ 'ਚ ਸੰਸਾਰ ਵਿਚ ਮਨੁੱਖੀ ਅਧਿਕਾਰ ਕੀ ਹਨ? ਇਸ ਵਿਸ਼ੇ 'ਤੇ ਭਾਵਪੂਰਤ ਚਾਨਣਾ ਪਾਇਆ ਗਿਆ ਹੈ। ਦੂਸਰੀ ਗੈਲਰੀ ਵਿਚ ਕੈਨੇਡੀਅਨ ਮੂਲ ਨਿਵਾਸੀਆਂ ਦੇ ਅਧਿਕਾਰਾਂ ਅਤੇ ਜ਼ਮੀਨ ਪ੍ਰਤੀ ਜ਼ਿੰਮੇਵਾਰੀਆਂ ਨੂੰ ਰੂਪਬੱਧ ਕੀਤਾ ਗਿਆ ਹੈ। ਉਸ ਤੋਂ ਅੱਗੇ ਆਦਿਵਾਸੀ ਲੋਕਾਂ ਦੇ ਇਤਿਹਾਸ ਅਤੇ ਉਨ੍ਹਾਂ ਖਿਲਾਫ ਹਿੰਸਾ ਦਾ ਪਰਦਾਫਾਸ਼ ਕਰਦੀਆਂ ਤਸਵੀਰਾਂ ਅਤੇ ਵਿਸਥਾਰਤ ਵਿਆਖਿਆ ਸ਼ਾਮਲ ਕੀਤੀ ਗਈ ਹੈ। ਕੈਨੇਡੀਅਨ ਯਾਤਰਾਵਾਂ ਵਾਲੀ ਗੈਲਰੀ ਵਿਚ ਸਕੂਲਾਂ ਦੀ ਸਿੱਖਿਆ ਅਤੇ ਗਾਇਬ ਤੇ ਕਤਲ ਕੀਤੀਆਂ ਗਈਆਂ ਆਦਿਵਾਸੀ ਔਰਤਾਂ ਬਾਰੇ ਦੱਸਿਆ ਗਿਆ ਹੈ, ਨਾਲ਼ ਹੀ ਦੂਜੇ ਵਿਸ਼ਵ ਯੁੱਧ ਦੌਰਾਨ ਜਾਪਾਨੀ, ਰਾਈਰਸਨ ਯੂਨੀਵਰਸਿਟੀ, ਚੀਨੀ ਹੈੱਡ ਟੈਕਸ, ਅੰਡਰਗਰਾਊਂਡ ਰੇਲਰੋਡ ਸਮੇਤ ਭਾਰਤੀ ਖਾਸਕਰ ਪੰਜਾਬੀ ਭਾਈਚਾਰੇ ਨਾਲ ਜੁੜੀ ਗੁਰੂ ਨਾਨਕ ਜਹਾਜ਼ ਦੀ ਅਹਿਮ ਘਟਨਾ ਬਾਰੇ ਵਿਸਥਾਰ ਦਿੱਤਾ ਗਿਆ ਹੈ। ਉਸ ਤੋਂ ਅੱਗੇ ਕੈਨੇਡਾ 'ਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਬਾਰੇ ਯਤਨ ਅਤੇ ਹੋਰ ਨਸਲਕੁਸ਼ੀ ਦੀਆਂ ਘਟਨਾਵਾਂ ਬਾਰੇ ਜਾਂਚ ਕਰਨ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ।

ਨਸਲਕੁਸ਼ੀਆਂ ਸਬੰਧੀ ਗੈਲਰੀ 'ਚ ਪੰਜ ਪ੍ਰਮੁੱਖ ਨਸਲਕੁਸ਼ੀ ਦੀਆਂ ਘਟਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਹੋਲੋਕਾਸਟ, ਹੋਲਡੋਮੋਰ, ਅਰਮੀਨੀਆਈ ਨਸਲਕੁਸ਼ੀ, ਰਵਾਂਡਾ ਦੀ ਨਸਲਕੁਸ਼ੀ ਅਤੇ ਬੋਸਨੀਆਈ ਕਬੀਲਿਆਂ ਦੀ ਨਸਲਕੁਸ਼ੀ ਸ਼ਾਮਲ ਹਨ। ਹੋਰਨਾਂ ਗੈਲਰੀਆਂ ਵਿਚ ਇਨਸਾਨੀਅਤ ਨੂੰ ਜ਼ਿੰਦਾ ਰੱਖਣ ਲਈ ਲੜਾਈ ਲੜਦੇ ਮੌਤ ਦੇ ਮੂੰਹ ਜਾ ਪਏ ਯੋਧਿਆਂ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਖਿਲਾਫ ਆਵਾਜ਼ ਉਠਾਉਣ ਵਾਲੀਆਂ ਸ਼ਖਸੀਅਤਾਂ ਅਤੇ ਅਜੋਕੇ ਸਮਾਜ ਵਿਚ ਆ ਰਹੇ ਵੱਡੇ ਬਦਲਾਅ ਸਬੰਧੀ ਵੀ ਵਿਸਥਾਰਿਤ ਜ਼ਿਕਰ ਕੀਤਾ ਗਿਆ ਹੈ।

ਮਨੁੱਖੀ ਹੱਕਾਂ ਦੇ ਅਲੰਬਰਦਾਰ ਤੇ ਨੋਬਲ ਪ੍ਰਾਈਜ਼ ਜੇਤੂ ਦੱਖਣੀ ਅਫਰੀਕਾ ਦੇ ਨੈਲਸਨ ਮੰਡੇਲਾ ਨੂੰ ਸਮਰਪਿਤ ਕੀਤੇ ਗਏ ਇਸ ਅਜਾਇਬ ਘਰ ਵਿਚ ਮੰਡੇਲਾ ਦੁਆਰਾ ਮਨੁੱਖੀ ਅਧਿਕਾਰਾਂ ਲਈ ਕੀਤੇ ਗਏ ਸੰਘਰਸ਼ ਦੀ ਸਮੁੱਚੀ ਗਾਥਾ ਵੀ ਹਰ ਇਕ ਦਾ ਧਿਆਨ ਖਿੱਚਦੀ ਹੈ। ਦੂਸਰੇ ਪਾਸੇ ਪੰਜਾਬੀਆਂ ਲਈ ਵੀ ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬੀਆਂ ਦੀ ਇਤਿਹਾਸਕ ਘਟਨਾ 'ਗੁਰੂ ਨਾਨਕ ਜਹਾਜ਼' ਬਾਰੇ ਅਤੇ ਪੰਜਾਬ ਵਿਚ 90 ਦੇ ਦਹਾਕੇ ਦੌਰਾਨ ਸਰਕਾਰੀ ਪੁਸ਼ਤਪਨਾਹੀ ਹੇਠ ਕੁਚਲੇ ਗਏ ਮਨੁੱਖੀ ਹੱਕਾਂ ਦੀ ਰਖਵਾਲੀ ਕਰਦਿਆਂ ਸ਼ਹਾਦਤ ਦਾ ਜਾਮ ਪੀ ਗਏ ਭਾਈ ਜਸਵੰਤ ਸਿੰਘ ਖਾਲੜਾ ਦੀ ਤਸਵੀਰ ਅਤੇ ਇਨ੍ਹਾਂ ਵਲੋਂ ਮਨੁੱਖੀ ਹੱਕਾਂ ਲਈ ਲੜੇ ਸੰਘਰਸ਼ ਬਾਰੇ ਵੀ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ ਹੈ, ਜੋ ਹਰ ਕਿਸੇ ਦਾ ਧਿਆਨ ਖਿੱਚਦੀ ਹੈ। ਹੁਣ ਜਦੋਂ ਅੱਜ ਭਾਈ ਜਸਵੰਤ ਸਿੰਘ ਖਾਲੜਾ ਬਾਰੇ ਬਣੀ ਫਿਲਮ ਕਾਰਨ ਸਮੁੱਚੇ ਵਿਸ਼ਵ ਭਰ ਵਿਚ ਭਾਈ ਖਾਲੜਾ 'ਤੇ ਹੋਏ ਅੱਤਿਆਚਾਰ ਦੀ ਚਰਚਾ ਚੱਲੀ ਹੈ, ਤਾਂ ਉਸ ਸਮੇਂ ਭਾਈ ਖਾਲੜਾ ਦੀ ਸ਼ਹਾਦਤ ਬਾਰੇ ਬਣੀ ਗੈਲਰੀ ਕਾਰਨ ਇਹ ਅਜਾਇਬਘਰ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ, ਕਿਉਂਕਿ ਭਾਈ ਖਾਲੜਾ ਵਲੋਂ ਉਠਾਏ ਗਏ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਜਦ ਭਾਰਤ ਅੰਦਰ ਕੋਈ ਗੱਲ ਕਰਨ ਲਈ ਵੀ ਤਿਆਰ ਨਹੀਂ ਸੀ, ਤਾਂ ਉਸ ਸਮੇਂ ਕੈਨੇਡਾ ਸਰਕਾਰ ਵਲੋਂ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੰਦਿਆਂ ਇਸ ਬਾਰੇ ਪੂਰੇ ਵਿਸ਼ਵ ਵਿਚ ਸੁਨੇਹਾ ਪਹੁੰਚਾਉਣ ਦਾ ਯਤਨ ਕੀਤਾ ਗਿਆ। ਸੋ, ਇਹ ਅਜਾਇਬ ਘਰ ਪੰਜਾਬੀਆਂ ਲਈ ਅੱਜਕੱਲ੍ਹ ਖਾਸ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਕੁਲਦੀਪ ਕੌਰ ਧੰਜੂ ਦਾ ਕਾਵਿ-ਸੰਗ੍ਰਹਿ 'ਇਜ਼ਹਾਰ' ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ

ਕੁਲਦੀਪ ਕੌਰ ਸੰਧੂ ਲੋਕ ਹਿਤਾਂ 'ਤੇ ਪਹਿਰਾ ਦੇਣ ਵਾਲੀਆਂ ਕਵਿਤਾਵਾਂ ਲਿਖਣ ਵਾਲੀ ਸ਼ਾਇਰਾ ਹੈ। ਉਹ ਬਹੁਤ ਹੀ ਸੰਵੇਦਨਸ਼ੀਲ ਕਵਿਤਰੀ ਹੈ। ਕਵਿਤਰੀ ਨੇ ਵੱਡੀ ਉਮਰ ਵਿਚ ਜਾ ਕੇ ਲਿਖਣਾ ਸ਼ੁਰੂ ਕੀਤਾ ਹੈ, ਇਸ ਲਈ ਉਸਦਾ ਜ਼ਿੰਦਗੀ ਦਾ ਤਜ਼ਰਬਾ ਵਿਸ਼ਾਲ ਹੈ। ਇਸ ਤਜ਼ਰਬੇ ਦੇ ਆਧਾਰ 'ਤੇ ਜੋ ਉਸਨੇ ਸੰਸਾਰ ਵਿਚ ਆਪਣੇ ਆਲੇ-ਦੁਆਲੇ ਵਾਪਰਦਾ ਵੇਖਿਆ ਹੈ, ਉਸਨੂੰ ਆਪਣੀਆਂ ਕਵਿਤਾਵਾਂ ਵਿਚ ਦ੍ਰਿਸ਼ਟਾਂਤਿਕ ਢੰਗ ਨਾਲ ਲਿਖਿਆ ਹੈ। ਭਾਵ ਉਸਦੇ ਨਿੱਜੀ ਤਜ਼ਰਬੇ ਨੇ ਕਵਿਤਾਵਾਂ ਵਿਚ ਇਨਸਾਨੀ ਜ਼ਿੰਦਗੀ ਦਾ ਪ੍ਰਤੀਬਿੰਬ ਦੇ ਤੌਰ 'ਤੇ ਲਿਖ ਦਿੱਤਾ ਹੈ। ਇਸ ਕਰਕੇ ਹੀ ਉਸਦੀਆਂ ਕਵਿਤਾਵਾਂ ਸੱਚਾਈ ਦੇ ਨੇੜੇ ਅਤੇ ਸਮਾਜਿਕ ਸਰੋਕਾਰਾਂ ਨਾਲ ਗੜੁੱਚ ਹਨ। ਆਮ ਤੌਰ 'ਤੇ ਕਵਿਤਰੀਆਂ ਰੁਮਾਂਸਵਾਦੀ ਕਵਿਤਾਵਾਂ ਲਿਖਦੀਆਂ ਹੋਈਆਂ ਔਰਤਾਂ ਦੇ ਦਰਦਾਂ ਦੀ ਦਾਸਤਾਂ ਕਹਿੰਦੀਆਂ ਹਨ, ਪ੍ਰੰਤੂ ਕੁਲਦੀਪ ਕੌਰ ਸੰਧੂ ਦੇ ਪਲੇਠੇ ਕਾਵਿ-ਸੰਗ੍ਰਹਿ 'ਇਜ਼ਹਾਰ' ਵਿਚਲੀਆਂ ਬਹੁਤੀਆਂ ਕਵਿਤਾਵਾਂ ਸਮਾਜਿਕ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਹਨ। ਇਸ ਤੋਂ ਪਹਿਲਾਂ ਕਵਿਤਰੀ ਦੀਆਂ ਕਵਿਤਾਵਾਂ 6 ਪੰਜਾਬੀ ਅਤੇ 6 ਹਿੰਦੀ ਦੇ ਕਾਵਿ-ਸੰਗ੍ਰਹਿਾਂ ਵਿਚ ਪ੍ਰਕਾਸ਼ਤ ਹੋ ਚੁੱਕੀਆਂ ਹਨ, ਪ੍ਰੰਤੂ ਨਿਰੋਲ ਉਸਦੀਆਂ ਆਪਣੀਆਂ ਕਵਿਤਾਵਾਂ ਵਾਲਾ ਇਹ ਪਹਿਲਾ ਕਾਵਿ-ਸੰਗ੍ਰਹਿ ਹੈ। ਉਸਦੀਆਂ ਕਵਿਤਾਵਾਂ ਦੇ ਵਿਸ਼ੇ ਸਮਾਜ ਵਿਚ ਫ਼ੈਲੀਆਂ ਸਮਾਜਿਕ ਕੁਰੀਤੀਆਂ ਦੀ ਗੱਲ ਕਰਦੇ ਹਨ। ਇਸ ਕਾਵਿ-ਸੰਗ੍ਰਹਿ ਵਿਚ 62 ਕਵਿਤਾਵਾਂ ਹਨ, ਜਿਹੜੀਆਂ ਸਾਰੀਆਂ ਹੀ ਲੋਕਾਈ ਦੇ ਦਰਦ ਦਾ ਪ੍ਰਗਟਾਵਾ ਕਰਦੀਆਂ ਹਨ। ਉਨ੍ਹਾਂ ਵਿਚੋਂ ਪਹਿਲੀ ਹੀ ਕਵਿਤਾ 'ਅਰਦਾਸ' ਵਿਚ ਕਵਿਤਰੀ ਨੇ ਕਈ ਵਿਸ਼ੇ ਛੋਹੇ ਹਨ, ਜਿਨ੍ਹਾਂ ਵਿਚ ਗ਼ਰੀਬਾਂ ਮਜ਼ਲੂਮਾਂ 'ਤੇ ਜ਼ੁਲਮ, ਬੇਰੁਜ਼ਗਾਰੀ, ਨਸ਼ਿਆਂ, ਅਮਨ ਕਾਨੂੰਨ ਦੀ ਮਾੜੀ ਸਥਿਤੀ ਕਰਕੇ ਸਮਾਜ ਵਿਚ ਡਰ ਦਾ ਮਾਹੌਲ ਬਣਿਆਂ ਹੋਇਆ ਹੈ, ਸ਼ਾਮਲ ਹਨ। ਲੋਕਾਂ 'ਤੇ ਜ਼ੁਲਮ ਹੋ ਰਹੇ ਹਨ, ਲੋਕ ਬੇਬਸ ਹੋਏ ਪਏ ਹਨ, ਲੁੱਟਾਂ-ਖੋਹਾਂ ਹੋ ਰਹੀਆਂ ਹਨ, ਸਾਧੂਆਂ ਦੇ ਭੇਸ ਵਿਚ ਮਲਕ ਭਾਗੋ ਫਿਰ ਰਹੇ ਹਨ। ਕਾਵਿ-ਸੰਗ੍ਰਹਿ ਵਿਚ ਔਰਤਾਂ ਸੰਬੰਧੀ 18 ਕਵਿਤਾਵਾਂ ਹਨ, ਜਿਨ੍ਹਾਂ ਵਿਚ 'ਜੀਵਨ ਦਾ ਚੱਪੂ', 'ਅਣਜੰਮੀ ਧੀ ਦੀ ਅਰਜੋਈ', 'ਔਰਤ ਇੱਕ ਅਜ਼ੀਮ ਸ਼ਕਤੀ', 'ਅਧੂਰੀ ਖ਼ੁਸ਼ੀ', 'ਕਵਿੱਤਰੀ', 'ਤ੍ਰਿਸ਼ਨਾ', 'ਨਾਰੀ ਦੀ ਵੇਦਨਾ', 'ਸਮਝੌਤੇ', 'ਰਿਸ਼ਤੇ', 'ਇਹਸਾਸ', ਜ਼ਿੰਦਗੀ', 'ਕੀ ਮੇਰਾ ਹੈ ਕਸੂਰ', 'ਬੇਪਨਾਹ ਪਿਆਰ', 'ਉਹ ਮਜ਼ਬੂਰ ਯਾਦਾਂ', 'ਔਰਤ', 'ਖੁਦ ਦੀ ਤਲਾਸ਼', 'ਅਕਸ' ਅਤੇ 'ਮੈਂ ਅਜੇ ਥੱਕੀ ਨਹੀਂ' ਕਵਿਤਾਵਾਂ ਹਨ, ਜਿਹੜੀਆਂ ਔਰਤ ਦੀ ਜ਼ਿੰਦਗੀ ਦੀ ਜੱਦੋਜਹਿਦ ਦੀ ਬਾਤ ਤਾਂ ਪਾ ਰਹੀਆਂ ਹਨ, ਪ੍ਰੰਤੂ ਇਨ੍ਹਾਂ ਕਵਿਤਾਵਾਂ ਵਿਚ ਇਸਤਰੀਆਂ ਨਾਲ ਹੋ ਰਹੀਆਂ ਜ਼ੋਰ ਜ਼ਬਰਦਸਤੀਆਂ ਦੇ ਸੰਤਾਪ ਦਾ ਵਿਵਰਣ ਦਿੰਦੀ ਹੋਈ ਕਵਿਤਰੀ ਇਸਤਰੀ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰ ਰਹੀ ਹੈ, ਭਾਵ ਔਰਤਾਂ ਦੇ ਮਨ ਦੀ ਵੇਦਨਾ ਨੂੰ ਕਵਿਤਾਵਾਂ ਵਿਚ ਦਰਸਾਇਆ ਗਿਆ ਹੈ। ਇਹ ਕਵਿਤਾਵਾਂ ਔਰਤਾਂ ਨੂੰ ਕਮਜ਼ੋਰ ਸਾਬਤ ਨਹੀਂ ਕਰਦੀਆਂ, ਸਗੋਂ ਔਰਤਾਂ ਨੂੰ ਸਮਾਜ ਵਿਚ ਬਰਾਬਰ ਦੇ ਰੁਤਬੇ ਅਤੇ ਹੱਕਾਂ ਦੀ ਵਕਾਲਤ ਕਰ ਰਹੀਆਂ ਹਨ। ਔਰਤਾਂ 'ਤੇ ਜ਼ੁਲਮ ਹੋ ਰਹੇ ਹਨ। ਉਸ ਦੀਆਂ ਕਵਿਤਾਵਾਂ ਅਨੁਸਾਰ ਔਰਤਾਂ ਇਨ੍ਹਾਂ ਜੰਜ਼ੀਰਾਂ ਨੂੰ ਤੋੜ ਸੁੱਟਣਗੀਆਂ। ਕਵਿਤਰੀ 'ਪੰਛੀ' ਸਿਰਲੇਖ ਵਾਲੀ ਕਵਿਤਾ ਵਿਚ ਪਰਵਾਸ ਦੀ ਸਮੱਸਿਆ ਦਾ ਜ਼ਿਕਰ ਕਰਦੀ ਲਿਖਦੀ ਹੈ ਕਿ ਪਰਵਾਸ ਵਿਚ ਰੋਜ਼ੀ ਰੋਟੀ ਲਈ ਜਾਣਾ ਕੋਈ ਗ਼ਲਤ ਨਹੀਂ ਕਿਹਾ ਜਾ ਸਕਦਾ ਹੈ, ਪ੍ਰੰਤੂ ਪਰਵਾਸ ਵਿਚ ਜਾ ਕੇ ਉਥੇ ਜੋਗੇ ਹੀ ਹੋ ਜਾਣਾ ਬਹੁਤ ਵੱਡਾ ਸੰਤਾਪ ਹੈ। ਪੰਜਾਬੀਆਂ ਦਾ ਉਥੇ ਜਾ ਕੇ ਵਸ ਜਾਣਾ ਜ਼ਾਇਜ ਨਹੀਂ। ਪੰਛੀ ਵੀ ਸਾਰੀ ਦਿਹਾੜੀ ਚੋਗਾ ਚੁਗਣ ਤੋਂ ਬਾਅਦ ਸ਼ਾਮ ਨੂੰ ਆਪਣੇ ਆਲ੍ਹਣੇ ਵਿਚ ਆ ਜਾਂਦੇ ਹਨ, ਪ੍ਰੰਤੂ ਸਾਡੇ ਪਰਵਾਸੀ ਵਾਪਸ ਆਉਣ ਨੂੰ ਤਿਆਰ ਹੀ ਨਹੀਂ। ਮਾਪੇ ਪਿੱਛੇ ਤੜਪਦੇ ਸਵਾਸ ਤਿਆਗ ਜਾਂਦੇ ਹਨ। ਕਵਿਤਰੀ ਸਮਾਜਿਕ ਤਾਣੇ-ਬਾਣੇ 'ਤੇ ਕਿੰਤੂ-ਪ੍ਰੰਤੂ ਕਰਦੀ ਕਹਿੰਦੀ ਹੈ ਕਿ ਖ਼ੁਦਗਰਜ਼ ਲੋਕ ਸਮਾਜ 'ਤੇ ਕਲੰਕ ਹਨ, ਜਿਨ੍ਹਾਂ ਦੇ ਕਿਰਦਾਰ ਸਮਾਜਿਕ ਭਾਈਚਾਰੇ ਦਾ ਨੁਕਸਾਨ ਕਰ ਰਹੇ ਹਨ। ਇਨ੍ਹਾਂ ਸਮਾਜਿਕ ਵਿਸੰਗਤੀਆਂ ਲਈ ਸਾਡੀ ਪ੍ਰਸ਼ਾਸਨਿਕ ਪ੍ਰਣਾਲੀ ਨੂੰ ਬਰਾਬਰ ਜ਼ਿੰਮੇਵਾਰ ਠਹਿਰਾਉਂਦੀ ਹੈ। ਸਿਆਸਤਦਾਨ ਮਨਮਰਜ਼ੀਆਂ ਕਰ ਰਹੇ ਹਨ, ਚੋਰ ਤੇ ਕੁੱਤੀ ਰਲੇ ਹੋਏ ਹਨ, ਸਿਆਸਤਦਾਨ ਜ਼ਾਲਮ ਬਣ ਗਏ ਹਨ, ਉਨ੍ਹਾਂ ਵੱਲੋਂ ਨਫ਼ਰਤਾਂ ਦੇ ਬੀਜ ਬੀਜੇ ਜਾ ਰਹੇ ਹਨ, ਰਿਸ਼ਵਤਾਂ ਦਾ ਬੋਲਬਾਲਾ ਹੈ। ਮਨੁੱਖਤਾ ਲਾਲਚ ਵਿਚ ਗ੍ਰਸਤ ਹੋ ਗਈ ਹੈ, ਸਾਂਝੇ ਪਰਿਵਾਰ ਖ਼ਤਮ ਹੋ ਗਏ, ਬਜ਼ੁਰਗ ਬਿਰਧ ਆਸ਼ਰਮਾਂ ਵਿਚ ਰੁਲ ਰਹੇ ਹਨ, ਬੱਚੇ ਪਰਵਾਸ ਵਿਚ ਮੌਜ ਮਸਤੀਆਂ ਕਰ ਰਹੇ ਹਨ, ਵਿਖਾਵੇ ਦਾ ਜ਼ਮਾਨਾ ਹੈ। 'ਵੇਖ ਲਓ' ਸਿਰਲੇਖ ਵਾਲੀ ਕਵਿਤਾ ਵਿਚ ਕਵਿਤਰੀ ਲੋਕਾਈ ਨੂੰ ਗ਼ਰੀਬਾਂ ਦਾ ਸਹਾਰਾ ਬਣਨ ਦੀ ਗੱਲ ਕਰਦੀ ਲਿਖਦੀ ਹੈ:

ਉਮਰ ਭਰ ਦੇਣਗੇ ਦੁਆਵਾਂ, ਉਹ ਗ਼ਰੀਬ ਤੇ ਮਜ਼ਬੂਰ।
ਉਨ੍ਹਾਂ ਦੀਆਂ ਮਜ਼ਬੂਰੀਆਂ ਕੁਝ, ਵੰਡ-ਵੰਡਾ ਕੇ ਵੇਖ ਲਓ।

ਕੁਲਦੀਪ ਕੌਰ ਧੰਜੂ ਸਮਾਜ ਨੂੰ ਇਸਤਰੀਆਂ ਦਾ ਪੱਖ ਪੂਰਨ ਦੀ ਤਾਕੀਦ ਕਰਦੀ ਹੈ। ਔਰਤ ਤੇ ਮਰਦ ਇੱਕ ਦੂਜੇ ਦੇ ਪੂਰਕ ਹਨ, ਔਰਤ ਸਮਾਜ ਦੀ ਸਿਰਜਣਾ ਕਰਦੀ ਹੈ, ਇਸ ਲਈ ਇਸਦਾ ਸਤਿਕਾਰ ਤੇ ਸਨਮਾਨ ਜ਼ਰੂਰੀ ਹੈ। ਰਿਸ਼ਤਿਆਂ ਵਿਚ ਆਈ ਗਿਰਾਵਟ ਕਰਕੇ ਬਜ਼ੁਰਗਾਂ ਦੀ ਬੇਕਦਰੀ ਹੋ ਰਹੀ ਹੈ। ਨੌਜਵਾਨ ਆਪ ਤਾਂ ਐਸ਼ ਆਰਾਮ ਦੀ ਜ਼ਿੰਦਗੀ ਜਿਉਂਦੇ ਹਨ, ਪ੍ਰੰਤੂ ਮਾਪਿਆਂ ਨੂੰ ਅਣਡਿੱਠ ਕਰਦੇ ਹਨ। ਕਵਿਤਰੀ 'ਮਜ਼ਬੂਰਨ' ਸਿਰਲੇਖ ਵਾਲੀ ਕਵਿਤਾ ਵਿਚ ਲਿਖਦੀ ਹੈ:

ਰਿਸ਼ਤਿਆਂ ਦੇ ਬੋਝ ਨੂੰ ਝਟਕ ਕੇ, ਸਾਂਝੇ ਫ਼ਿਕਰਾਂ ਤੋਂ ਥੋੜ੍ਹਾ ਪਾਸੇ ਸਰਕ ਕੇ।
ਛੱਡ ਕੇ ਬਜ਼ੁਰਗਾਂ ਨੂੰ ਬਿਰਧ ਆਸ਼ਰਮਾਂ 'ਚ, ਕਰਨਾ ਚਾਹੁੰਦੇ ਨੇ ਬਸ ਮੌਜਾਂ ਰੱਜ ਰੱਜ ਕੇ।

ਕੁਲਦੀਪ ਕੌਰ ਧੰਜੂ ਆਸ਼ਾਵਾਦੀ ਹੋਣ ਕਰਕੇ ਹਿੰਮਤ ਨਾਲ ਬੁਲੰਦੀਆਂ 'ਤੇ ਪਹੁੰਚਣ ਦੀ ਤਾਕੀਦ ਕਰਦੀ ਹੋਈ ਲਿਖਦੀ ਹੈ ਕਿ ਘਬਰਾਉਣ ਦੀ ਲੋੜ ਨਹੀਂ, ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ ਹਨ, ਇਨ੍ਹਾਂ ਤੋਂ ਘਬਰਾਉਣਾ ਨਹੀਂ ਚਾਹੀਦਾ। ਕਵਿਤਰੀ ਦੀਆਂ 6 ਕਵਿਤਾਵਾਂ ਵਿਚੋਂ ਆਸ਼ਾਵਾਦੀ ਹੋਣ ਦੀ ਝਲਕ ਆਉਂਦੀ ਹੈ। ਮਿਹਨਤ ਕਰਦੇ ਰਹੋ ਇੱਕ ਨਾ ਇੱਕ ਦਿਨ ਜ਼ਰੂਰ ਸਫ਼ਲਤਾ ਤੁਹਾਡੇ ਪੈਰ ਚੁੰਮੇਗੀ। 'ਜਿੱਤ' ਸਿਰਲੇਖ ਵਾਲੀ ਕਵਿਤਾ ਵਿਚ ਲਿਖਦੀ ਹੈ:

ਬਾਮਸ਼ੱਕਤ ਮਿਹਨਤ ਤੇਰੀ ਇੱਕ ਦਿਨ ਰੰਗ ਲਿਆਏਗੀ,
ਕੇਵਲ ਤੇਰੀ ਮਿਹਨਤ ਹੀ ਤੈਨੂੰ ਤੇਰੀ ਮੰਜ਼ਲ ਤੱਕ ਪਹੁੰਚਾਏਗੀ।

ਲੋਕਾਈ ਵੱਲੋਂ ਪਾਣੀ, ਹਵਾ ਤੇ ਧਰਤੀ ਨੂੰ ਪਲੀਤ ਕਰਕੇ ਵਾਤਾਵਰਨ ਨੂੰ ਦੂਸ਼ਤ ਕਰਨ 'ਤੇ ਕਵਿਤਰੀ ਚਿੰਤਾ ਪ੍ਰਗਟ ਕਰਦੀ ਹੋਈ ਕਹਿੰਦੀ ਹੈ ਕਿ ਰਹਿੰਦੀ-ਖੂੰਹਦੀ ਕਸਰ ਰੁੱਖਾਂ ਨੂੰ ਕੱਟਕੇ ਲੋਕਾਈ ਆਪਣੇ ਪੈਰੀਂ ਆਪ ਕੁਹਾੜੀ ਮਾਰ ਰਹੀ ਹੈ। ਪਾਣੀ ਤਾਂ ਵਿਕਣ ਲੱਗ ਗਿਆ ਹੈ, ਪ੍ਰੰਤੂ ਜਿਹੋ ਜਹੇ ਹਾਲਾਤ ਬਣ ਰਹੇ ਹਨ, ਕਿਤੇ ਹਵਾ ਵੀ ਮੁੱਲ ਵਿਕਣ ਲੱਗ ਸਕਦੀ ਹੈ। 'ਦੁਚਿੱਤੀ ਦਾ ਮਾਹੌਲ' ਕਵਿਤਾ ਵਿਚ ਕੁਲਦੀਪ ਕੌਰ ਧੰਜੂ ਲਿਖਦੀ ਹੈ:

ਪਾਣੀ ਤਾਂ ਧਰਤੀ ਉੱਤੇ ਪਹਿਲਾਂ ਹੀ ਵਿਕਦਾ ਸੀ, ਡਰ ਹੈ ਕਿਤੇ ਹਵਾ ਵੀ ਨਾ ਵਿਕ ਜਾਵੇ।
ਜ਼ਮੀਨ ਤਾਂ ਪਹਿਲਾਂ ਹੀ ਵਿਕਦੀ ਸੀ, ਡਰ ਹੈ ਕਿਤੇ ਅਸਮਾਨ ਵੀ ਨਾ ਵਿਕ ਜਾਵੇ।

ਕੁਲਦੀਪ ਕੌਰ ਧੰਜੂ ਜ਼ਿੰਦਗੀ ਦੇ ਵਿਚ ਇਸ਼ਕ, ਮੁਹੱਬਤ ਅਤੇ ਪਿਆਰ ਦਾ ਸਥਾਨ ਵੀ ਮਹੱਤਵਪੂਰਨ ਸਮਝਦੀ ਹੈ। ਮੁਹੱਬਤ ਨਾਲ ਜੀਵਨ ਸੁਹਾਵਣਾ ਹੋ ਜਾਂਦਾ ਹੈ, ਪ੍ਰੰਤੂ ਮੁਹੱਬਤ ਦੀ ਪਾਕੀਜਗੀ ਜ਼ਰੂਰੀ ਹੈ। ਉਹ ਇਹ ਵੀ ਕਹਿੰਦੀ ਹੈ ਕਿ ਪਿਆਰ ਕਰਨ ਵਾਲਿਆਂ ਲਈ ਮੁਹੱਬਤ ਤੋਂ ਵੱਡੀ ਕੋਈ ਸ਼ਾਹੂਕਾਰੀ ਨਹੀਂ। ਉਸਨੇ ਕੁਝ ਕਵਿਤਾਵਾਂ ਰੁਮਾਂਟਿਕ ਵੀ ਲਿਖੀਆਂ ਹਨ, ਜਿਨ੍ਹਾਂ ਵਿਚ 'ਬੇਪਨਾਹ ਪਿਆਰ', 'ਉਹ ਮਜਬੂਰ ਯਾਦਾਂ', 'ਪਿਆਰ ਨਾ ਮੰਗੋ', 'ਤਾਂ ਹੀ ਪਿਆਰ ਕਰਨ', 'ਮੁਲਾਕਾਤ', 'ਪੱਥਰ ਦਿਲ' ਅਤੇ 'ਇਸ਼ਕ' ਸ਼ਾਮਲ ਹਨ। 'ਪੱਥਰ ਦਿਲ' ਕਵਿਤਾ ਵਿਚ ਕਵਿਤਰੀ ਲਿਖਦੀ ਹੈ:

ਜ਼ਾਲਮ ਨੇ ਸੱਟ ਬੇਵਫ਼ਾਈ ਦੀ ਬੜੀ ਹੀ ਮਾਰੀ ਗੁੱਝੀ,
ਆਪਣੇ ਹੱਥੀਂ ਹੀ ਲਕੀਰ ਕਿਸਮਤ ਦੀ ਮਿਟਾ ਬੈਠੇ।

ਭਵਿਖ ਵਿਚ ਕੁਲਦੀਪ ਕੌਰ ਧੰਜੂ ਤੋਂ ਹੋਰ ਬਿਹਤਰੀਨ ਕਵਿਤਾਵਾਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ।






ਇਜ਼ਹਾਰ ਕੁਲਦੀਪ ਕੌਰ ਧੰਜੂ ਦੀ ਪਲੇਠੀ ਕਾਵਿ-ਪੁਸਤਕ ਹੈ। ਕਿਹਾ ਜਾਂਦਾ ਹੈ ਕਿ ਹਰ ਵਿਅਕਤੀ ਦੇ ਅੰਦਰ ਕੋਈ ਪ੍ਰਤਿਭਾ ਛੁਪੀ ਹੁੰਦੀ ਹੈ। ਜਦੋਂ ਉਸਨੂੰ ਅਨੁਕੂਲ ਵਾਤਾਵਰਣ ਮਿਲਦਾ ਹੈ ਤਾਂ ਉਹ ਵਿਦਮਾਨ ਹੋ ਜਾਂਦੀ ਹੈ। ਸ਼ਾਇਰਾ ਨੇ ਉਮਰ ਦੇ ਇਸ ਪੜਾਅ 'ਤੇ ਆ ਕੇ ਇਜ਼ਹਾਰ ਦੀ ਸਿਰਜਣਾ ਨਾਲ ਸਾਬਤ ਕਰ ਦਿੱਤਾ ਹੈ ਕਿ ਉੱਦਮੀ ਲੋਕਾਂ ਦੇ ਜੀਵਨ ਵਿੱਚ ਕਾਰਜ ਪੂਰਤੀ ਲਈ ਉਮਰ ਕੋਈ ਅਰਥ ਨਹੀਂ ਰੱਖਦੀ। ਧੰਜੂ ਸਿਰਫ ਕਲਮ ਨਾਲ ਹੀ ਨਹੀਂ ਬਲਕਿ ਸਮਾਜ ਸੇਵਾ ਲਈ ਵੀ ਸਦਾ ਕਾਰਜਸ਼ੀਲ ਰਹਿੰਦੀ ਹੈ। ਸਾਹਿਤਕ ਖੇਤਰ ਵਿੱਚ ਭਾਵੇਂ ਇਹ ਇੱਕ ਨਵਾਂ ਹਸਤਾਖ਼ਰ ਹੈ ਪਰ ਸਮਾਜਕ ਖੇਤਰ ਵਿੱਚ ਇਹ ਜਾਣਿਆ ਪਛਾਣਿਆ ਨਾਂ ਹੈ। ਕੁਲਦੀਪ ਕੌਰ ਧੰਜੂ ਨੇ ਕਿਸੇ ਇੱਕ ਵਿਸ਼ੇ ਉੱਤੇ ਕਵਿਤਾ ਨਹੀਂ ਰਚੀ ਬਲਕਿ ਜ਼ਿੰਦਗੀ ਦੇ ਹਰ ਪਹਿਲੂ ਨਾਲ ਵਾਬਸਤਾ ਮੁੱਦੇ 'ਤੇ ਗੱਲ ਕੀਤੀ ਹੈ। ਜਿਵੇਂ ਔਰਤ ਦੀ ਦਸ਼ਾ ਤੇ ਦਿਸ਼ਾ, ਬਿਰਹਾ ਵਸਲ, ਪਰਵਾਸ ਤੇ ਲੋਟੂ ਨਿਜ਼ਾਮ ਵੱਲੋਂ ਦਬੇਲ ਧਿਰ ਦੀ ਲੁੱਟ। ਧੰਜੂ ਦੀ ਕਵਿਤਾ ਵਿੱਚ ਪਿਆਰ ਵੀ ਹੈ ਤੇ ਵੰਗਾਰ ਵੀ। ਕੁਲਦੀਪ ਕੌਰ ਧੰਜੂ ਨੂੰ ਪਲੇਠੀ ਪੁਸਤਕ ਦੀ ਵਧਾਈ ਦਿੰਦੀ ਹੋਈ ਕਾਮਨਾ ਕਰਦੀ ਹਾਂ ਕਿ ਉਹ ਨਿਰੰਤਰ ਕਲਮ ਚਲਾਉਂਦੀ ਰਹੇ ਤੇ ਹੋਰ ਵੀ ਨਿੱਗਰ ਤੇ ਪਾਏਦਾਰ ਰਚਨਾਵਾਂ ਨਾਲ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰੇ। ਧੰਜੂ ਦੀ ਲੰਮੀ, ਤੰਦਰੁਸਤ ਆਰਜ਼ੂ ਤੇ ਖੁਸ਼ਹਾਲ ਜ਼ਿੰਦਗੀ ਲਈ ਦੁਆ ਕਰਦੀ ਹਾਂ।

ਪਰਮਜੀਤ ਕੌਰ ਸਰਹਿੰਦ
ਮੋਬ: 98725-65557

ਕੁਲਦੀਪ ਕੌਰ ਧੰਜੂ ਇੱਕ ਸਰਗਰਮ ਸਮਾਜ ਸੇਵਕਾ ਹੈ ਤੇ ਸੰਵੇਦਨਸ਼ੀਲ ਕਵਿੱਤਰੀ ਵੀ। ਉਹਦੀ ਕਲਮ ਕੋਲ ਮਨੁੱਖਤਾ ਦਾ ਦਰਦ ਹੈ। ਉਹ ਆਪਣੀ ਕਵਿਤਾ ਵਿੱਚ ਪਿਆਰ, ਮੁਹੱਬਤ ਤੇ ਨਿੱਜਵਾਦ ਦਾ ਬਹੁਤਾ ਰੋਣਾ-ਧੋਣਾ ਨਹੀਂ ਧੋਂਦੀ, ਸਗੋਂ ਉਹਦੀ ਕਲਮ ਦਾ ਉਸਾਰੂ ਪੱਖ ਇਹ ਹੈ ਕਿ ਉਹ ਲੋਕ ਸਰੋਕਾਰਾਂ ਦੀ ਗੱਲ ਕਰਦੀ ਹੈ। ਆਪਣੀ ਕਵਿਤਾ ਰਾਹੀਂ ਉਹ ਸਮਾਜ ਵਿੱਚ ਫੈਲੀਆਂ ਅਲਾਮਤਾਂ, ਝੂਠ, ਫ਼ਰੇਬ, ਭ੍ਰਿਸ਼ਟਾਚਾਰੀ, ਪਖੰਡ ਅਤੇ ਮਖੌਟਿਆਂ ਵਿੱਚ ਲੁਕੇ ਹੋਏ ਲੋਕਾਂ ਦੇ ਚਿਹਰਿਆਂ ਨੂੰ ਨੰਗਾ ਕਰਦੀ ਹੈ। ਉਸ ਨੂੰ ਪੰਜਾਬੀ ਅਤੇ ਹਿੰਦੀ, ਦੋਨੋਂ ਭਾਸ਼ਾਵਾਂ ਵਿੱਚ ਕਵਿਤਾ ਲਿਖਣ ਦਾ ਅਬੂਰ ਹਾਸਲ ਹੈ। ਉਸ ਦੀ ਕਾਵਿ-ਸ਼ੈਲੀ ਬੜੀ ਸਰਲ, ਸਪਸ਼ਟ ਅਤੇ ਆਮ ਪਾਠਕ ਦੇ ਸਮਝ ਆਉਣ ਵਾਲੀ ਹੈ। ਸੋ ਕੁਲਦੀਪ ਕੌਰ ਧੰਜੂ ਦੀ ਹੱਥਲੀ ਪੁਸਤਕ ਇਜ਼ਹਾਰ ਦਾ ਹਾਰਦਿਕ ਸਵਾਗਤ ਹੈ।

ਬਲਬੀਰ ਜਲਾਲਾਬਾਦੀ, ਪਟਿਆਲਾ
ਮੋਬ: 96461-02122

ZOHRA PUBLICATION

ਇਸ ਕਾਵਿ-ਸੰਗ੍ਰਹਿ ਵਿਚ 62 ਕਵਿਤਾਵਾਂ ਹਨ, ਜਿਹੜੀਆਂ ਸਾਰੀਆਂ ਹੀ ਲੋਕਾਈ ਦੇ ਦਰਦ ਦਾ ਪ੍ਰਗਟਾਵਾ ਕਰਦੀਆਂ ਹਨ। ਉਨ੍ਹਾਂ ਵਿਚੋਂ ਪਹਿਲੀ ਹੀ ਕਵਿਤਾ 'ਅਰਦਾਸ' ਵਿਚ ਕਵਿਤਰੀ ਨੇ ਕਈ ਵਿਸ਼ੇ ਛੋਹੇ ਹਨ, ਜਿਨ੍ਹਾਂ ਵਿਚ ਗ਼ਰੀਬਾਂ ਮਜ਼ਲੂਮਾਂ 'ਤੇ ਜ਼ੁਲਮ, ਬੇਰੁਜ਼ਗਾਰੀ, ਨਸ਼ਿਆਂ, ਅਮਨ ਕਾਨੂੰਨ ਦੀ ਮਾੜੀ ਸਥਿਤੀ ਕਰਕੇ ਸਮਾਜ ਵਿਚ ਡਰ ਦਾ ਮਾਹੌਲ ਬਣਿਆਂ ਹੋਇਆ ਹੈ, ਸ਼ਾਮਲ ਹਨ। ਲੋਕਾਂ 'ਤੇ ਜ਼ੁਲਮ ਹੋ ਰਹੇ ਹਨ, ਲੋਕ ਬੇਬਸ ਹੋਏ ਪਏ ਹਨ, ਲੁੱਟਾਂ-ਖੋਹਾਂ ਹੋ ਰਹੀਆਂ ਹਨ, ਸਾਧੂਆਂ ਦੇ ਭੇਸ ਵਿਚ ਮਲਕ ਭਾਗੋ ਫਿਰ ਰਹੇ ਹਨ। ਕਾਵਿ-ਸੰਗ੍ਰਹਿ ਵਿਚ ਔਰਤਾਂ ਸੰਬੰਧੀ 18 ਕਵਿਤਾਵਾਂ ਹਨ, ਜਿਨ੍ਹਾਂ ਵਿਚ 'ਜੀਵਨ ਦਾ ਚੱਪੂ', 'ਅਣਜੰਮੀ ਧੀ ਦੀ ਅਰਜੋਈ', 'ਔਰਤ ਇੱਕ ਅਜ਼ੀਮ ਸ਼ਕਤੀ', 'ਅਧੂਰੀ ਖ਼ੁਸ਼ੀ', 'ਕਵਿੱਤਰੀ', 'ਤ੍ਰਿਸ਼ਨਾ', 'ਨਾਰੀ ਦੀ ਵੇਦਨਾ', 'ਸਮਝੌਤੇ', 'ਰਿਸ਼ਤੇ', 'ਇਹਸਾਸ', ਜ਼ਿੰਦਗੀ', 'ਕੀ ਮੇਰਾ ਹੈ ਕਸੂਰ', 'ਬੇਪਨਾਹ ਪਿਆਰ', 'ਉਹ ਮਜ਼ਬੂਰ ਯਾਦਾਂ', 'ਔਰਤ', 'ਖੁਦ ਦੀ ਤਲਾਸ਼', 'ਅਕਸ' ਅਤੇ 'ਮੈਂ ਅਜੇ ਥੱਕੀ ਨਹੀਂ' ਕਵਿਤਾਵਾਂ ਹਨ, ਜਿਹੜੀਆਂ ਔਰਤ ਦੀ ਜ਼ਿੰਦਗੀ ਦੀ ਜੱਦੋਜਹਿਦ ਦੀ ਬਾਤ ਤਾਂ ਪਾ ਰਹੀਆਂ ਹਨ, ਪ੍ਰੰਤੂ ਇਨ੍ਹਾਂ ਕਵਿਤਾਵਾਂ ਵਿਚ ਇਸਤਰੀਆਂ ਨਾਲ ਹੋ ਰਹੀਆਂ ਜ਼ੋਰ ਜ਼ਬਰਦਸਤੀਆਂ ਦੇ ਸੰਤਾਪ ਦਾ ਵਿਵਰਣ ਦਿੰਦੀ ਹੋਈ ਕਵਿਤਰੀ ਇਸਤਰੀ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰ ਰਹੀ ਹੈ, ਭਾਵ ਔਰਤਾਂ ਦੇ ਮਨ ਦੀ ਵੇਦਨਾ ਨੂੰ ਕਵਿਤਾਵਾਂ ਵਿਚ ਦਰਸਾਇਆ ਗਿਆ ਹੈ।

**123 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਜ਼ੋਹਰਾ ਪਬਲੀਕੇਸ਼ਨ, ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਕੁਲਦੀਪ ਕੌਰ ਧੰਜੂ : 9463369202**

# PUNJAB MAIL USA

TV Channel, Newspaper, Radio




24 Hours 7 Days

## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

Gold # 2867, Gem # 375, TV Zon # 6888, Glow TV # 1828, Tashan # 131, Real TV etc.

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY



RE/MAX

RE/MAX® Outstanding Agents Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**